# TO THE READER

KINDLY use this book very carefully. If the book is disfigured or marked or written on while in your possession the book will have to be replaced by a new copy or paid for. In case the book be a volume of set of which single volumes are not available the price of the whole set will be realized.

Checked

AMARSINGH COLLEGE

Library

Class No. G45

Book No. T33P

Acc. No. 11736

HIND BOOKSHOP
Srinagar, (Kashmir).

acc no 11736

AMAR SINGH COLLEGE
11736
LIBRARY ... NAGAR.

G 45
T 33 P
Cat
21-6-66

Grammar

**ਪ੍ਰਿੰਟਰ :**

ਪ੍ਰੋ: ਮੋਹਨ ਸਿੰਘ, ਹਿੰਦ ਪ੍ਰੈਸ, ਅੱਡਾ ਹੁਸ਼ਿਆਰਪੁਰ, ਜਲੰਧਰ

**ਪ੍ਰਕਾਸ਼ਕ :**

ਹਿੰਦ ਪਬਲਿਸ਼ਰਜ਼ ਲਿਮਿਟਿਡ, ਅੱਡਾ ਹੁਸ਼ਿਆਰਪੁਰ, ਜਲੰਧਰ

ਪਹਿਲੀ ਵਾਰ ੧੯੫੩

ਦੂਜੀ ਵਾਰ ੧੯੫੭

---

**ਮੁਲ ਤਿੰਨ ਰੁਪਏ**

# ਤਤਕਰਾ


| | |
|---|---|
| **ਪੰਜਾਬੀਅਤ ਅਤੇ ਪੰਜਾਬੀ ਰਚਨਾ** | ੯ |
| (੧) ਪੰਜਾਬੀਅਤ | ੯ |
| (੨) ਇਤਿਹਾਸਕ ਪਿੱਛਾ | ੧੫ |
| (੩) ਪੰਜਾਬੀ ਦਾ ਅਸਲਾ | ੧੮ |
| **ਪੰਜਾਬੀ ਨਰੋਲ ਹੋਵੇ** | ੨੯ |
| (੧) ਸੰਸਕ੍ਰਿਤ ਦੀ ਸਮਾਈ | ੩੧ |
| (ੳ) ਸਾਧਾਰਨ ਲੋੜਾਂ ਲਈ ਘਰੋਗੀ ਲਫ਼ਜ਼ ਹੀ ਵਰਤੋ | ੩੫ ✓ |
| (ਅ) ਵਾਧੂ ਪੰਡਤਾਈ | ੫੦ |
| (ੲ) ਪਰਮਿੰਦਰਾਤਮਿਕ ਸ਼ਬਦਾਵਲੀ | ੫੧ |
| (੨) ਫ਼ਾਰਸੀ ਅਰਬੀ ਤੇ ਉਰਦੂ ਦੀ ਸਮਾਈ | ੫੪ |
| (੩) ਛੁੱਟੜ ਸ਼ਬਦ ਨਾ ਵਰਤੋ | ੭੦ |
| (੪) ਲਫੰਗਾਭਾਸ਼ਾ ਜਾਂ ਬਜ਼ਾਰੀ ਬੋਲੀ | ੭੪ |
| **ਪੰਜਾਬੀ ਠੇਠ ਹੋਵੇ** | ੭੭ |
| **ਵਿਆਕਰਣਿਕ ਸੁਧਾਈ** | ੯੨ |
| **ਕਵਿਤਾ ਤੇ ਵਾਰਤਕ** | ੧੦੨ |
| (੧) ਕਵਿਤਾ ਕੀ ਹੈ | ੧੦੭ |
| (੨) ਵਾਰਤਕ | ੧੦੯ |
| (੩) ਨਾਟਕ | ੧੧੦ |
| **ਸ਼ਬਦ-ਜੋੜ** | ੧੧੨ |
| **ਸਾਹਿੱਤਕ ਸ਼ਬਦਾਵਲੀ** | ੧੨੭ |


CHECKED 2009

# ਬਣਨ ਵਾਲੇ ਲਿਖਾਰੀਓ !

ਇਹ ਜੋ ਆਪ ਦਾ ਸਾਥੀ। ਇਸ ਨੂੰ ਗਹੁ ਨਾਲ ਵਰਤੋ। ਇਸ ਵਿੱਚ ਕਈ ਪ੍ਰਮਾਣੀਕ ਲਿਖਾਰੀਆਂ ਦੀਆਂ ਉਕਾਈਆਂ ਦੱਸ ਕੇ ਸੁਚੇਤ ਕੀਤਾ ਹੈ ਕਿ ਏਹਨਾਂ ਭੁੱਲਾਂ ਤੋਂ ਬਚ ਕੇ ਰਹਿਣਾ ਹੈ। ਇਸ ਦਾ ਇਹ ਭਾਵ ਨਹੀਂ ਕਿ ਏਹ ਲਿਖਾਰੀ ਅਸ਼ੁੱਧ ਹਨ ਅਤੇ ਸਦਾ ਭੁੱਲਾਂ ਹੀ ਕਰਦੇ ਰਹਿੰਦੇ ਹਨ। ਜੇ ਕਿਸੇ ਵੱਡੇ ਤੋਂ ਵੱਡੇ ਤੇ ਚੰਗੇ ਤੋਂ ਚੰਗੇ ਮਕਾਨ ਦੀਆਂ ਵਹਿਣੀਆਂ ਜਾਂ ਨਾਲੀਆਂ ਵੇਖੋ ਤਾਂ ਓਹਨਾਂ ਵਿੱਚ ਕਈ ਤਰ੍ਹਾਂ ਦਾ ਗੰਦ ਦਿਸੇਗਾ, ਪਰ ਅੰਦਰ ਜਾ ਕੇ ਵੇਖੋ ਤਾਂ ਉਸੇ ਮਕਾਨ ਦਾ ਵਿਹੜਾ ਸੁਥਰਾ, ਬੈਠਕ ਸੋਹਣੀ ਤੇ ਸਜੀ ਸਜਾਈ ਹੋਵੇਗੀ। ਸਾਰਾ ਮਕਾਨ ਨਾਲੀਆਂ ਦਾ ਬਣਿਆ ਹੋਇਆ ਸਮਝਣਾ ਗ਼ਲਤੀ ਹੋਵੇਗੀ। ਇਸੇ ਤਰ੍ਹਾਂ ਜਿਨ੍ਹਾਂ ਲਿਖਾਰੀਆਂ ਦੀਆਂ ਰਚਨਾਵਾਂ ਵਿਚੋਂ ਕੁਝ ਕੁ ਕਸਰਵੰਦੀਆਂ ਉਦਾਹਰਣਾਂ ਲਈਆਂ ਹਨ, ਓਹ ਸਮੁੱਚੇ ਤੌਰ ਤੇ ਬਹੁਤ ਚੰਗੇ ਹਨ। ਤਾਹੀਓਂ ਓਹਨਾਂ ਨੂੰ ਯੂਨੀਵਰਸਿਟੀ ਨੇ ਪਾਠ-ਪੁਸਤਕਾਂ ਬਣਾ ਕੇ ਵਿਦਿਆਰਥੀਆਂ ਦੇ ਸਾਹਮਣੇ ਰੱਖਿਆ ਹੈ, ਅਤੇ ਇਸੇ ਲਈ ਅਸਾਂ ਏਹਨਾਂ ਵਿਚੋਂ ਏਹ ਟੁਕਾਂ ਲਈਆਂ ਹਨ। ਨਾਲੇ ਇਸ ਗੱਲ ਤੋਂ ਸਿਖਾਂਦਰੂ ਲੋਕ ਸਬਕ ਲੈਣਗੇ ਕਿ ਆਪਣੀ ਬੋਲੀ ਲਿਖਣੀ ਕੋਈ ਬਹੁਤੀ ਅਸਾਨ ਨਹੀਂ। ਇਸ ਵਿੱਚ ਵੱਡੇ ਵੱਡੇ ਹੰਢੇ ਵੰਢ ਲਿਖਾਰੀ ਵੀ ਉਕਾਈ ਖਾ ਜਾਂਦੇ ਹਨ। ਹਮਾਤੜ ਤੁਮਾਤੜ ਲਈ ਤਾਂ ਸੋਘ ਬਹੁਤ ਜ਼ਰੂਰੀ ਹੈ।

ਮੈਂ ਓਹਨਾਂ ਲਿਖਾਰੀਆਂ ਪਾਸੋਂ ਵੀ ਖਿਮਾ ਮੰਗਦਾ ਹਾਂ, ਕਿਉਂਕਿ ਨੌਜਵਾਨਾਂ ਨੂੰ ਸੁਚੇਤ ਕਰਨ ਲਈ ਕਿਸੇ ਨਾ ਕਿਸੇ ਦੀ ਮਿਸਾਲ ਤਾਂ ਲੈਣੀ ਹੀ ਸੀ।

੨੫, ਰੇਸ ਕੋਰਸ ਰੋਡ, ਅੰਮ੍ਰਿਤਸਰ
੪-੯-੫੩

ਤੇਜਾ ਸਿੰਘ

# ਦੂਜੀ ਛਾਪ

ਮੈਂ ਸ: ਪਰਮਿੰਦਰ ਸਿੰਘ ਹੋਰਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੇਰੇ ਉਟੰਕਨ ਨੂੰ ਖਿੜੇ ਮੱਥੇ ਕਬੂਲਿਆ ਹੈ ਅਤੇ ਯੋਗ ਸੁਧਾਈਆਂ ਕਰਨ ਦਾ ਇਕਰਾਰ ਕੀਤਾ ਹੈ। ਚਲੋ, ਕੁਝ ਤਾਂ ਸੁਧਾਰ ਕੀਤਾ ਹੈ ਇਸ ਪੁਸਤਕ ਨੇ।

—ਤ. ਸ.

# ਪੰਜਾਬੀ
# ਕਿਵੇਂ
# ਲਿਖੀਏ

# ਪੰਜਾਬੀਅਤ ਅਤੇ ਪੰਜਾਬੀ ਰਚਨਾ

## (੧) ਪੰਜਾਬੀਅਤ

ਪੰਜਾਬੀ ਰਚਨਾ ਆਪਣੇ ਆਚਰਣ ਦੇ ਅਨੁਕੂਲ ਹੈ । ਪੰਜਾਬੀ ਆਚਰਣ ਪੰਜਾਬ ਦੇ ਭੂਗੋਲਕ ਦੁਆਲੇ ਅਤੇ ਇਤਿਹਾਸਕ ਪਿਛਵਾੜੇ ਤੋਂ ਬਣਿਆ ਹੈ। ਪੰਜਾਬ ਦੇ ਦਰਿਆਵਾਂ, ਪਹਾੜਾਂ ਤੇ ਮਦਾਨਾਂ ਨੇ ਇੱਥੋ ਦੇ ਲੋਕਾਂ ਨੂੰ ਬਹੁਤ ਕੁਝ ਦਿੱਤਾ ਹੈ। ਏਹਨਾਂ ਦੇ 'ਦਿਲ ਦਰਿਆਵਾਂ ਦੇ' ਹਨ—ਠੰਢੇ, ਡੂੰਘੇ, ਲੰਮੇ ਜਿਗਰੇ ਵਾਲੇ, ਛੇਤੀ ਛੇਤੀ ਵੱਲ ਨਾ ਖਾਣ ਵਾਲੇ, ਦਿੱਤੇ ਕੌਲ ਤੋਂ ਨਾ ਮੁੜਨ ਵਾਲੇ । ਏਹ ਆਪਣੇ ਮਦਾਨਾਂ ਵਾਂਗ ਸਿੱਧ-ਪਧਰੇ, ਖੁਲ੍ਹੇ ਤੇ ਚੌੜੇ ਹੁੰਦੇ ਹਨ। ਜਿਵੇਂ ਏਹਨਾਂ ਦੇ ਦਰਿਆ ਨਿਖੜ ਕੇ ਲੰਮੇ ਲੰਮੇ ਵਾਹ ਛੱਡ ਜਾਂਦੇ ਹਨ ਪਰ ਫਿਰ ਇਕੱਠੇ ਹੋ ਕੇ 'ਤ੍ਰਿਮੂ' ਜਾਂ 'ਪੰਜ-ਨੱਦ' ਬਣਾ ਲੈਂਦੇ ਹਨ, ਤਿਵੇਂ ਏਹ ਲੋਕ ਵੀ ਚੰਗੇ ਮਿਲਾਪੜੇ ਤੇ ਘਰ ਬਾਹਰ ਦੀਆਂ ਸਾਂਝਾਂ ਵਾਲੇ ਬੰਦੇ ਹੁੰਦੇ ਹਨ । ਇੱਥੋ ਦੀਆਂ ਖੁਲ੍ਹੀਆਂ ਤੇ ਨਰੋਈਆਂ ਹਵਾਵਾਂ ਨੇ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ-ਦਿਲੀ ਤੇ ਤਾਜ਼ਗੀ ਪਾ ਦਿੱਤੀ ਹੈ । ਪ੍ਰੋ: ਪੂਰਨ ਸਿੰਘ ਕਹਿੰਦਾ ਹੈ :—

ਦਰਿਆਵਾਂ ਦੇ ਮੇਲੇ ਏਥੇ,
ਦਰਿਆਵਾਂ ਵਾਲੇ ਵਿਛੋੜੇ,
ਡੂੰਘੇ ਤੇ ਲੰਮੇ ਸਾਰੇ,
ਵੱਡੇ ਵੱਡੇ ਦਰਦ ਓ !
ਇੱਥੇ ਖੁਲ੍ਹ ਦਾ ਮਦਾਨ ਹੈ,
ਇੱਥੇ ਪਿਆਰ ਦੇ ਹੜ੍ਹਾਂ ਦਾ ਆਵੇਸ਼ ਹੈ,
ਇੱਥੇ ਪਹਾੜ ਪਿਆਰ ਵਿਚ ਪਿਘਲਦੇ,
ਇੱਥੇ ਕੋਈ ਅਣਪਛਾਤਾ ਜਿਹਾ ਇਲਾਹੀ ਸੁਆਦ ਹੈ ।

ਪੰਜਾਬੀ ਘਰੋਗੀ ਪਿਆਰ ਦੇ ਪੁਤਲੇ ਹੁੰਦੇ ਹਨ । ਬਰਾਦਰੀ ਦੀ ਸਾਂਝ ਏਹਨਾਂ ਤੋਂ ਬਹੁਤ ਕੁਝ ਕਰਵਾਉਂਦੀ ਹੈ। ਏਹ ਪੇਕੇ ਸਾਹੁਰੇ ਦੇ ਸਾਕਾਂ ਤੋਂ ਵਾਰਨੇ ਜਾਂਦੇ ਹਨ। ਪੰਜਾਬੀਆਂ ਦੀ ਵੱਸੋਂ ਗੋਤਾਂ ਬਰਾਦਰੀਆਂ ਅਨੁਸਾਰ ਵੰਡੀ ਹੁੰਦੀ ਹੈ। ਏਹ ਨਾਂ ਵੇਖੋ : ਕਾਮੋਕੇ, ਕਾਉਂਕੇ, ਪੱਖੋਕੇ ਰੰਧਾਵਿਆਂ, ਲੋਪੋਕੇ, ਰਾਮਦਾਸਕੇ, ਗੁਜਰਾਂਵਾਲ਼ਾ, ਗੁਜਰਵਾਲ, ਗੁਜਰਾਤ (ਗੁਜਰਾਇਤ), ਲੁਧਿਆਣਾ (ਲੋਧੀਆਂ ਦਾ ਘਰ), ਰਾਵਲਪਿੰਡੀ, ਭਟਿੰਡਾ (ਭੱਟੀਆਂ ਦਾ ਪਿੰਡ), ਮਾਨਾਂਵਾਲਾ, ਧਮਿਆਲ, ਗੰਗਾਲ ਅਧਵਾਲ, ਹਰਿਆਲ, ਢੁਢਿਆਲ, ਸਿਆਲਕੋਟ, ਝੰਗ ਸਿਆਲ, ਸੱਜਦਾਂ, ਸੈਦਪੁਰ, ਪਿੰਡੀ-ਭੱਟੀਆਂ, ਬੱਸੀ ਪਠਾਣਾਂ, ਮਲਕਵਾਲ, ਰਾਜੜ ।

'ਜਾ ਧੀਏ ਰਾਵੀ, ਨਾ ਕੋਈ ਵੰਞੀ ਨਾ ਕੋਈ ਆਵੀ' ਦਾ ਅਖਾਣ ਦਸਦਾ ਹੈ ਕਿ ਲੋਕੀ ਆਪਣੇ ਇਲਾਕੇ ਤੋਂ ਦੂਰ ਜਾ ਕੇ ਵਿਆਹ ਕਰਨ ਤੋਂ ਸੰਗਦੇ ਸਨ। ਵੇਲੇ ਕੁਵੇਲੇ ਕੌਣ ਪੁਕਰੇਗਾ ? 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਹੋਣੀਆਂ ਹੋਈਆਂ। ਆ ਪਈ ਨੂੰ ਕੌਣ ਝੱਲੇਗਾ ? ਆਪਣੇ ਆਪਣੇ ਹੀ ਹੁੰਦੇ ਹਨ। ਪੰਜਾਬੀ

ਰਿਸ਼ਤੇ ਨਿਬਾਹੁਣ ਵਾਲਾ ਹੁੰਦਾ ਹੈ। ਵੇਖੋ ਇਹ ਕਿਤਨੇ ਰਿਸ਼ਤਿਆਂ ਨਾਲ ਵੇਹੜਿਆ ਹੁੰਦਾ ਹੈ :

ਨਾਨਕ, ਦਾਦਕ, ਸਾਹੁਰੇ, ਕੁੜਮ, ਕੁੜਮੇਟਾ, ਦਾਦਾ, ਦਾਦੀ, ਪੜਦਾਦਾ, ਨਕੜਦਾਦਾ, ਮਾਂ, ਪਿਉ, ਭਰਾ, ਭੈਣ, ਬੇਬੀ, ਚਾਚਾ, ਚਾਚੀ, ਤਾਇਆ, ਤਾਈ, ਵਹੁਟੀ, ਪੁੱਤਰ, ਧੀ, ਪੋਤਰਾ, ਪੋਤਰੀ, ਦੁਹਤਰਵਾਣ, ਦੁਹਤਰਾ, ਦੁਹਤਰੀ, ਸਹੁਰਾ, ਸੱਸ, ਮਸੇਹਸ, ਦਦੇਹਸ, ਨਨੇਹਸ, ਮਸੇਰ, ਫੁਫੇਰ, ਦਾਦੇ-ਪੋਤਰਾ, ਪਤੀਹਸ, ਸਲਿਹਾਰ, ਸਾਲਾ, ਸਾਲੀ, ਸਾਂਢੂ, ਦਦਿਹੋਰਾ, ਨਨਿਹੋਰਾ, ਤਿਹੋਰਾ, ਪਤਿਹੋਰਾ, ਫੁੱਫੜ, ਮਾਸੜ, ਮਾਮਾ, ਮਾਮੀ, ਨਾਨਾ, ਨਾਨੀ, ਪੜਨਾਨੀ। ਏਹਨਾਂ ਰਿਸ਼ਤਿਆਂ ਤੋਂ ਛੁੱਟ ਪੰਜਾਬੀ ਆਪਣੇ ਸੱਕਿਆਂ ਵਰਗੇ ਦੋਸਤੰਮੇ ਨਿਬਾਹੁੰਦਾ ਤੇ ਮਿਤਰਾਨੇ ਗੰਢਦਾ ਹੈ। ਜੇ ਕਿਸੇ ਪਿੰਡ ਕੋਈ ਹੋਰ ਨਾਤਾ ਨਾ ਜੁੜੇ, ਤਾਂ ਇਉਂ ਕਹਿ ਕੇ ਆਪਣੀ ਠਾਹਰ ਬਣਾ ਲੈਂਦਾ ਹੈ ਕਿ 'ਏਥੇ ਮੇਰੇ ਖਚਰਿਹੋਰੇ ਨੇ, ਏਥੋਂ ਮੈਂ ਇਕ ਖੱਚਰ ਖ਼ਰੀਦੀ ਸੀ'।

ਘਰੋਗੀ ਪਿਆਰਾਂ ਵਿਚੋਂ ਹੀ ਵੱਡੇ ਵੱਡੇ ਪਿਆਰ ਨਿਕਲਦੇ ਹਨ। ਪੰਜਾਬੀ ਲੋਕ ਪਿਆਰ ਦੀ ਕਦਰ ਕਰਦੇ ਹਨ, ਅਤੇ ਸੰਸਾਰਕ ਪਿਆਰ ਵਿਚ ਵੀ ਇਲਾਹੀ ਪਿਆਰ ਦੀ ਝਲਕ ਵੇਖਦੇ ਹਨ। ਏਹਨਾਂ ਦੇ ਖ਼ਿਆਲ ਵਿਚ ਹੋਰ ਸਭ ਚੀਜ਼ਾਂ ਨਾਸ ਹੋ ਜਾਣਗੀਆਂ, ਪਰ 'ਲਪਟ ਲਹਿਰ ਇਕ ਪ੍ਰੇਮ ਦੀ ਕਦੇ ਨਾ ਹੋਇ ਬਿਨਾਸ', ਸਗੋਂ 'ਸੱਚੀ ਅੰਸ ਪਿਆਰ ਦੀ ਸਾਈਂ ਚਰਨ ਪੁਚਾਇ' (ਭਾ. ਵੀਰ ਸਿੰਘ)। ਇਸ ਲਈ ਹੀਰ ਰਾਂਝੇ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ, ਆਦਿ ਪਿਆਰ ਕਰਨ ਵਾਲਿਆਂ ਦੀਆਂ ਕਹਾਣੀਆਂ ਪੰਜਾਬੀਆਂ ਦੀ ਰਗ ਰਗ ਵਿਚ ਇਉਂ ਘਰ ਕਰ ਗਈਆਂ ਹਨ ਕਿ ਇਕ ਕਵੀ ਦੇ ਆਖਣ ਮੂਜਬ ਪੰਜਾਬ-ਵਾਸੀ 'ਰੰਝੇਟੜੇ ਦੇ ਨਿੱਕੇ ਵੱਡੇ ਭਰਾ ਸਾਰੇ' ਜਾਪਦੇ ਹਨ। ਵੱਡੇ ਵੱਡੇ ਮਹਾਂ ਪੁਰਖ (ਜਿਵੇਂ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ

ਗੁਰਦਾਸ) ਆਪਣੇ ਧਾਰਮਕ ਪਿਆਰ ਨੂੰ ਵੀ ਏਹਨਾਂ ਪਿਆਰੂਆਂ ਦੇ ਪਿਆਰ ਨਾਲ ਮੇਚਦੇ ਦਿਸਦੇ ਹਨ। ਇਕ ਕਵੀ ਜੀ ਤਾਂ ਇਥੋਂ ਤਕ ਕਹਿੰਦੇ ਹਨ ਕਿ :–

'ਤੜਪ-ਗੋਪੀਆਂ' ਕ੍ਰਿਸ਼ਨ ਮਗਰ ਜੋ
ਲੋਕੀ ਪਏ ਸੁਣਾਵਣ,
'ਲੱਛਣ-ਸੱਸੀ' ਪੁਨੂੰ ਪਿੱਛੇ
ਜੋ ਥਲ ਤੜਫ਼ ਦਿਖਾਵਣ,
ਰਾਂਝੇ ਮਗਰ ਹੀਰ ਦੀ ਘਾਬਰ,
ਮਜਨੂੰ ਦਾ ਸੁਕ ਜਾਣਾ,
ਏ ਨਹੀਂ 'ਮੋਹ-ਨਜ਼ਾਰੇ' ਦਿਸਦੇ,
ਏ ਕੁਈ ਰਮਜ਼ ਛਿਪਾਵਣ।

ਉਹ ਗੁੱਝਾ ਭੇਦ ਕੀ ਹੈ ਜੋ ਇਸ ਸੰਸਾਰਕ ਪਿਆਰ ਨੂੰ ਉੱਚਾ ਕਰ ਦਸਦਾ ਹੈ ?

ਹੇ ਅਰੂਪ ! ਇਹ ਤੜਪ ਉਹੋ ਨਹੀਂ,
ਧੁਰੋਂ ਤੁਸਾਂ ਜੋ ਲਾਈ ?
ਕੀ ਇਹ ਚਿੰਣਗ ਨਹੀਂ ਉਹ, ਜਿਹੜੀ
ਤੁਸਾਂ ਸੀਨਿਆਂ ਪਾਈ ?
ਮਿਲਣ ਤੁਸਾਨੂੰ ਦੀ ਏ ਲੋਚਾ,
ਏ ਹੈ ਤੜਪ ਤੁਸਾਡੀ,
ਜਿੱਥੇ ਰਮਜ਼ ਪਵੇ ਕੋਈ ਕਟਕੀ,
ਏ ਕਮਲੀ ਹੋ ਜਾਈ।

ਪੰਜਾਬੀ ਸਾਹਿੱਤ ਇਸ ਪਿਆਰ ਦੀ ਰੋਮਾਂਸ ਨਾਲ ਰੰਗਿਆ ਪਿਆ ਹੈ। ਪੰਜਾਬੀ ਸਾਹਿੱਤ ਨਾਲੋਂ ਪੰਜਾਬੀਅਤ ਨਖੇੜੀ ਨਹੀਂ ਜਾ ਸਕਦੀ। ਇਸੇ ਲਈ ਕਿਸੇ ਚੰਗੀ ਪੰਜਾਬੀ ਰਚਨਾ ਦਾ ਕਿਸੇ ਹੋਰ ਬੋਲੀ ਵਿੱਚ ਠੀਕ ਠੀਕ ਉਲਥਾ ਨਹੀਂ ਹੋ ਸਕਦਾ। ਪੂਰਨ ਸਿੰਘ ਦੀ ਕਵਿਤਾ 'ਮੇਰਾ ਪੁਰਾਣਾ ਪੰਜਾਬ' ਜਾਂ 'ਜਵਾਨ ਪੰਜਾਬ ਦੇ' ਜਹੀਆਂ ਰਚਨਾਵਾਂ ਕਿਸੇ ਗ਼ੈਰ-ਪੰਜਾਬੀ ਸਾਹਿੱਤ ਵਿਚ ਨਹੀਂ ਸਨ ਲਿਖੀਆਂ ਜਾ ਸਕਦੀਆਂ।

ਗੀਤਾਂ ਦਾ ਤਾਂ ਇਹ ਪਿਆਰ ਖ਼ਾਸ ਮਜ਼ਮੂਨ ਹੋਇਆ। ਪੰਜਾਬੀ ਗੀਤ ਹਿੰਦ ਦੀ ਕਿਸੇ ਬੋਲੀ ਦੇ ਗੀਤਾਂ ਨਾਲ ਟਾਕਰਾ ਖਾ ਸਕਦੇ ਹਨ। ਏਹਨਾਂ ਗੀਤਾਂ ਦੀਆਂ ਸੁਰਾਂ ਉਤੇ ਹੀ ਉਰਦੂ ਹਿੰਦੀ ਦੇ ਬਹੁਤ ਸਾਰੇ ਗੀਤ ਫ਼ਿਲਮਾਏ ਜਾਂਦੇ ਹਨ। ਏਹਨਾਂ ਗੀਤਾਂ ਦੇ ਗਾਉਣ ਵਾਲੇ ਵੀ ਆਮ ਕਰਕੇ ਪੰਜਾਬੀ ਹੀ ਹੁੰਦੇ ਹਨ।

ਪੰਜਾਬੀ ਲੋਕਾਂ ਨੂੰ ਆਪਣੇ ਜੀਣ ਥੀਣ ਦਾ ਮਾਣ ਹੁੰਦਾ ਹੈ। ਹਰ ਵਟਦੀ ਰੁਤੇ ਇਹ ਕਿਧਰੇ ਨਾ ਕਿਧਰੇ ਨੇੜੇ ਦੇ ਮੇਲੇ ਉਤੇ ਇਕੱਠੇ ਹੁੰਦੇ ਤੇ ਖੇਡ ਮੱਲ੍ਹ ਕੇ, ਗਾ ਨੱਚ ਕੇ, ਘੁਲ ਭਿੜ ਕੇ ਆਪਣੇ ਡੌਲਿਆਂ ਜਾਂ ਡਾਂਗਾਂ ਦਾ ਵਿਖਾਲਾ ਕਰ ਦੱਸਦੇ ਹਨ। ਏਹਨਾਂ ਮੌਕਿਆਂ ਤੇ ਜਿਥੇ ਇਲਾਕੇ ਦੀ ਜਵਾਨੀ ਤੇ ਰੂਪ ਇਕੱਠਾ ਹੁੰਦਾ ਹੈ ਜਾਂ ਕਾਰ-ਵਿਹਾਰ ਤੇ ਉਪਜ ਦੀ ਨੁਮਾਇਸ਼ ਹੁੰਦੀ ਹੈ, ਓਥੇ ਕਵੀ, ਕਿੱਸੇਬਾਜ਼ ਤੇ ਗੀਤਕਾਰ ਵੀ ਆਪੋ ਆਪਣਾ ਹੁਨਰ ਆ ਦੱਸਦੇ ਹਨ।

ਪੰਜਾਬੀ ਚੰਗਾ ਖਾਂਦੇ ਤੇ ਸੋਹਣਾ ਲਾਂਦੇ ਹਨ। ਏਹਨਾਂ ਜਿਹਾ ਕਿਸ ਨੇ ਖਾਣਾ ਹੈ ? ਦਿੱਲੀਓਂ ਅੱਗੇ ਲੰਘ ਕੇ ਸਫ਼ਰ ਕਰੋ, ਤੁਹਾਨੂੰ ਦਾਲ ਅਰਹਰ ਤੇ ਅਚਾਰ ਤੋਂ ਬਿਨਾਂ ਖਾਣ ਨੂੰ ਕੁਝ ਨਹੀਂ ਮਿਲੇਗਾ। ਬੰਬਈ ਕਲਕੱਤੇ ਜਹੇ ਵੱਡੇ ਸ਼ਹਿਰਾਂ ਦੇ ਦੇਸੀ ਹੋਟਲਾਂ ਜਾਂ ਭੋਜਨ-ਭੰਡਾਰਾਂ ਵਿਚ ਥਾਲ ਤੇ ਕੌਲੀਆਂ ਲਿਸ਼ਕੀਆਂ-ਪੁਸ਼ਕੀਆਂ ਮਿਲਣਗੀਆਂ,

ਪਰ ਰੱਜਵਾਂ ਜਾਂ ਮਸਾਲੇਦਾਰ ਖਾਣਾ ਕਿਸੇ ਪੰਜਾਬੀ ਹੋਟਲ ਵਿਚ ਹੀ ਮਿਲੇਗਾ।

ਪੰਜਾਬੋਂ ਬਾਹਰ ਪਹਿਰਾਵਾ ਵੀ ਨੰਗੇਜ ਦੇ ਬਰਾਬਰ ਹੀ ਹੁੰਦਾ ਹੈ। ਲੋਕਾਂ ਨੂੰ ਆਪਣੇ ਸਰੀਰ ਦਾ ਕੋਈ ਮਾਣ ਨਹੀਂ। ਫ਼ਲਾਸਫ਼ਰਾਂ ਦਾ ਦੇਸ ਜੁ ਹੋਇਆ! ਸਰੀਰ ਨੂੰ ਪਸੂ ਵਤ ਜਾਣ ਕੇ ਆਤਮਾ ਦੇ ਬੂਹੇ ਅੱਗੇ ਬੰਨ੍ਹ ਛਡਦੇ ਹਨ ਅਤੇ ਮਰਨ ਤੋਂ ਬਚਾ ਰਖਣ ਲਈ ਕੁਝ ਪੱਠਾ ਦੱਥਾ ਪਾ ਛਡਦੇ ਹਨ ਜਾਂ ਪਾਲੇ ਤੋਂ ਬਚਾਉਣ ਲਈ ਫਟੀ ਪੁਰਾਣੀ ਝੁੱਲ ਜਾਂ ਬੋਰੀ ਉੱਤੇ ਪਾ ਛਡਦੇ ਹਨ। ਹੁਨਾਲੇ ਲਈ ਤਾਂ ਚਮੜੀ ਦਾ ਓਢਣ ਹੀ ਕਾਫ਼ੀ ਹੁੰਦਾ ਹੈ। ਇਕ ਧੋਤੀ ਸਾਰੇ ਪਿੰਡੇ ਨੂੰ ਕਜ ਰਖਦੀ ਹੈ। ਪੈਰ ਨੰਗੇ ਹੀ ਸਹੀ, ਜਾਂ ਬਹੁਤ ਹੋਇਆ ਤਾਂ ਚਪਲ ਘਸੀਟ ਲਈ। ਬੰਬਈ ਵਿਚ ਬਾਹਾਂ ਜਾਂ ਗਲੇ ਵਿਚ ਹਜ਼ਾਰਾਂ ਰੁਪਿਆਂ ਦਾ ਗਹਿਣਾ ਕਪੜਾ ਹੋਵੇਗਾ, ਪਰ ਪੈਰ ਨੰਗੇ ਹੀ ਹੋਣਗੇ। ਮਥਰਾ, ਮੇਰਠ ਜਾਂ ਬਨਾਰਸ ਦੇ ਸ਼ੁਕੀਨ ਸਿਰ ਉਤੇ ਫੂਕ ਨਾਲ ਉਡ ਜਾਣ ਵਾਲੀ ਟੋਪੀ ਅੜਾ ਲੈਣਗੇ, ਪਰ ਪਜਾਮੇ ਜਾਂ ਕੁਰਤੇ ਦੀ ਵੇਤਰ ਕਿਸੇ ਸੁਰ ਦੀ ਨਹੀਂ ਹੋਵੇਗੀ। ਪੰਜਾਬੀਆਂ ਬਿਨਾਂ ਪਗੜੀ ਤਾਂ ਕੋਈ ਬੰਨ੍ਹ ਸਕਦਾ ਹੀ ਨਹੀਂ। ਪੱਗ ਵੀ ਕਿਤਨੀਆਂ ਵੰਨਗੀਆਂ ਦੀ ਤੇ ਕਿਤਨੇ ਰੰਗਾਂ ਦੀ ਹੁੰਦੀ ਹੈ! ਅਜਕਲ ਸਿਨੇਮੇ ਵਾਲੇ ਪੈਸਾ ਚੋਖਾ ਮਿਲਣ ਕਰਕੇ ਫ਼ੈਸ਼ਨ ਦੇ ਮੋਢੀ ਹੁੰਦੇ ਹਨ। ਓਹਨਾਂ ਦਾ ਪਹਿਰਾਵਾ ਵੇਖੋ। ਪੰਜਾਬੀਆਂ ਦੀ ਨਕਲ ਹੈ। ਸਟੇਜ ਤੇ ਪਾਰਸਣਾਂ ਵੀ ਹੁਣ ਦੂਹਰੀਆਂ ਗੁੱਤਾਂ ਕਰਾਉਂਦੀਆਂ ਤੇ ਪੰਜਾਬੀ ਸਲਵਾਰਾਂ ਪਾਉਂਦੀਆਂ ਹਨ। ਸਟੇਜ ਦਾ ਫ਼ੈਸ਼ਨ ਸੁਸਾਇਟੀ ਵਿਚ ਵੀ ਘਰ ਕਰਦਾ ਜਾਂਦਾ ਹੈ ਅਤੇ ਹਿੰਦ ਦਾ ਸਮਾਜ, ਘਟੋ ਘਟ ਬਾਹਰਮੁਖੀ ਜ਼ਿੰਦਗੀ ਵਿਚ, ਪੰਜਾਬੀਆਂ ਦੇ ਰੂਪ ਵਿਚ ਢਲ ਰਿਹਾ ਹੈ।

## (੨) ਇਤਿਹਾਸਕ ਪਿੱਛਾ

ਇਤਿਹਾਸ ਨੇ ਵੀ ਪੰਜਾਬੀਆਂ ਨੂੰ ਪੀਢਾ, ਤਕੜਾ, ਤੇ ਅਣਖੀ ਬਣਾਇਆ ਹੈ। ਏਹ ਦੇਸ ਅਤੇ ਕੌਮ ਲਈ ਜਾਨਾਂ ਵਾਰਨਾ ਜਾਣਦੇ ਹਨ। ਜਦ ਸਿਕੰਦਰ ਹੱਲਾ ਕਰ ਕੇ ਪੰਜਾਬ ਉੱਤੇ ਚੜ੍ਹ ਆਇਆ ਸੀ, ਤਾਂ ਏਹਨਾਂ ਦੀ ਅਣਖ ਨਾ ਸਹਾਰ ਸਕੀ ਕਿ ਉਸ ਦੀਆਂ ਧਾੜਾਂ ਏਹਨਾਂ ਦੇ ਬਿਆਸੇ ਤੋਂ ਅਗਾਂਹ ਲੰਘ ਜਾਣ ਤੇ ਹਰੇ-ਭਰੇ ਹਿੰਦ ਨੂੰ ਜਾ ਲਤਾੜਨ। ਸੋ ਉਸ ਨੂੰ ਉਥੇ ਹੀ ਰੋਕ ਕੇ ਮਜਬੂਰ ਕੀਤਾ ਗਿਆ ਕਿ ਉਹ ਆਪਣੀ ਫ਼ੌਜ ਨੂੰ ਸਿੰਧ ਦੇ ਰਸਤੇ ਵਾਪਸ ਮੋੜ ਲਿਜਾਏ।

ਜਦ ਉਸ ਨੇ ਜਾਂਦੀ ਵੇਰ ਮੁਲਤਾਨ (ਮੱਲਾ-ਸਥਾਨ) ਦੇ ਇਲਾਕੇ ਵਿਚ 'ਮੱਲਾ' ਤੇ 'ਕਸ਼ੁੱਦਰਕਾ' ਨਾਂਵਾਂ ਦੀਆਂ ਕੌਮਾਂ ਨੂੰ ਹਾਰ ਦੇ ਕੇ ਸੁਲਹ ਮੰਗਣ ਲਈ ਮਜਬੂਰ ਕੀਤਾ, ਤਾਂ ਏਹਨਾਂ ਹੱਠੀ ਲੋਕਾਂ ਦੇ ਪ੍ਰਤਿਨਿਧਾਂ ਨੇ ਸਿਕੰਦਰ ਨੂੰ ਕਿਹਾ: "ਅਸੀਂ ਸਦੀਆਂ ਤੋਂ ਆਪਣੇ ਉਤੇ ਆਪ ਰਾਜ ਕਰੀ ਆਉਂਦੇ ਹਾਂ, ਸਾਥੋਂ ਕਿਸੇ ਗ਼ੈਰ ਕੌਮ ਦੀ ਈਨ ਨਹੀਂ ਊ ਮੰਨਣ ਹੋਣੀ। ਸਾਡੇ ਕੋਲ ਰੁਪਿਆ ਤਾਂ ਹੈ ਨਹੀਂ। ਜੇ ਚਾਹੋਂ ਤਾਂ ਦਾਣਾ-ਫੱਕਾ ਜਾਂ ਡੰਗਰ-ਢੋਰ ਦੇ ਸੱਕਦੇ ਹਾਂ। ਪਰ ਸਾਡੇ ਉੱਤੇ ਆਪਣਾ ਕੋਈ ਯੂਨਾਨੀ ਹਾਕਮ ਨਾ ਬਿਠਾ ਜਾਈਂ। ਅਸੀਂ ਸੁਤੰਤਰ ਰਹਿਣਾ ਹਿਲੇ ਹੋਏ ਹਾਂ।" ਸਿਕੰਦਰ ਨੇ ਓਹਨਾਂ ਦੀ ਇਕ ਨਾ ਸੁਣੀ, ਤੇ ਆਪਣੇ ਵਲੋਂ ਇਕ ਯੂਨਾਨੀ ਹਾਕਮ ਛੱਡ ਗਿਆ। ਇਥੇ ਦੇ ਲੋਕਾਂ ਨੇ ਆਪਣੀ ਮੁਢਲੀ ਖੋ ਅਨੁਸਾਰ ਆਪਣੇ ਵਿਚੋਂ ਤਾਂ ਕਿਸੇ ਨੂੰ ਆਗੂ ਨਾ ਥਾਪਿਆ, ਪਰ ਪਾਟਲੀ-ਪੁੱਤਰ (ਪਟਨੇ) ਤੋਂ ਆਏ ਇਕ ਨੰਦਾ ਰਾਜੇ ਦੀ ਅਗਵਾਈ ਲੈ ਲਈ ਤੇ ਯੂਨਾਨੀਆਂ ਦੇ ਬਿਠਾਏ ਹਾਕਮ ਨੂੰ ਮਾਰ ਕੇ ਉਸ ਦੇ ਬਦੇਸੀ ਆਦਮੀਆਂ ਨੂੰ ਦੇਸੋਂ ਕੱਢ ਦਿੱਤਾ।

ਫੇਰ ਜਦ ਸਿੱਖ ਗੁਰੂ ਸਾਹਿਬਾਂ ਨੇ ਪੰਜਾਬੀਆਂ ਦੀ ਰਿਗਾਂ ਦੀ ਸੁੱਤੀ ਅਣਖ ਜਗਾ ਕੇ ਓਹਨਾਂ ਨੂੰ ਅਜ਼ਾਦੀ ਲਈ ਲੜਨਾ ਮਰਨਾ ਸਿਖਾਇਆ, ਤਾਂ ਦੇਸ ਦੀ ਕਾਇਆਂ ਹੀ ਪਲਟ ਗਈ। ਕਦੀ ਸਮਾਂ ਸੀ ਜਦੋਂ ਹਿੰਦ ਦੀਆਂ ਧੀਆਂ ਭੈਣਾਂ ਹਜ਼ਾਰਾਂ ਦੀ ਗਿਣਤੀ ਵਿਚ ਭੇਡਾਂ ਬੱਕਰੀਆਂ ਵਾਂਙ ਗਜ਼ਨੀ ਦੇ ਬਜ਼ਾਰਾਂ ਵਿਚ ਵਿਕਦੀਆਂ ਸਨ ਪਰ ਹੁਣ ਅਸੀਂ ਯੋਰਪੀਨ ਤੇ ਅਫ਼ਰੀਕਨ ਭੈਣਾਂ ਦੀਆਂ ਇੱਜ਼ਤਾਂ ਦੀ ਰਖਵਾਲੀ ਕਰਨ ਜੋਗੇ ਹੋ ਗਏ ਹਾਂ। ਸਾਡੀ ਨਸਲ ਓਹੀ ਹੈ। ਸਾਡਾ ਖਾਣ-ਪੀਣ ਵੀ ਓਹੀ ਹੈ। ਫਿਰ ਇਹ ਪਰਿਵਰਤਨ ਕਿਥੋਂ ਆਇਆ? ਸਿੱਖ ਗੁਰੂਆਂ ਖ਼ਾਸ ਕਰ ਦਸ਼ਮੇਸ਼ ਜੀ ਨੇ ਲਿਆਂਦਾ। ਜਦ ਕਿਸੇ ਕੌਮ ਵਿਚ ਜਾਗਰਤ ਆਉਂਦੀ ਹੈ, ਤਾਂ ਇਕ-ਅੱਧ ਅੰਗ ਨਹੀਂ ਜਾਗਦਾ, ਸਗੋਂ ਸਾਰਾ ਸਰੀਰ ਹੀ ਸਰਬੰਗੀ ਤੌਰ ਤੇ ਅੰਦਰੋਂ ਬਾਹਰੋਂ, ਸੁਰਜੀਤ ਹੋ ਜਾਂਦਾ ਹੈ। ਇਸ ਪਰਿਵਰਤਨ ਨਾਲ ਪੰਜਾਬੀਆਂ ਦੀ ਨਿਰੀ ਸਰੀਰਕ ਉਨਤੀ ਹੀ ਨਾ ਹੋਈ, ਸਗੋਂ ਧਾਰਮਕ, ਸਦਾਚਾਰਕ, ਵਿਹਾਰਕ, ਪੁਲੀਟੀਕਲ ਅਤੇ ਸਾਹਿੱਤਕ ਉੱਨਤੀ ਵੀ ਹੋ ਗਈ। ਜਿਥੇ ਲੋਕੀ ਚੰਗੇ, ਸੁਚੱਜੇ ਅਤੇ ਕੌਮੀ ਖੁਲ੍ਹ ਦੇ ਚਾਹਵਾਨ ਬਣੇ, ਉਥੇ ਆਪਣੀ ਬੋਲੀ ਨੂੰ ਵੀ ਆਪਣੇ ਕੌਮੀ ਜੀਵਨ ਵਿਚ ਉੱਚੀ ਤੋਂ ਉੱਚੀ ਥਾਂ ਦੇਣ ਲੱਗੇ।

ਹਿੰਦ ਵਿਚ ਉਸ ਵੇਲੇ ਜਿਥੇ ਹੋਰ ਕੌਮਾਂ ਜਾਗੀਆਂ ਉਥੇ ਕੌਮੀ ਤੌਰ ਤੇ ਮਰਹਟੇ ਤੇ ਸਿੱਖ ਸਭ ਤੋਂ ਅੱਗੇ ਸਨ। ਉਸ ਵਕਤ ਤੋਂ ਲੈ ਕੇ ਖ਼ਿਆਲ ਅਤੇ ਖ਼ਿਆਲਾਂ ਦੇ ਪ੍ਰਗਟਾਉ ਦੇ ਮਦਾਨ ਵਿਚ ਦੋ ਧੜੇ ਚਲੇ ਆਉਂਦੇ ਹਨ: ਇਕ ਹੈ ਪੁਰਾਤਨ ਸਾਹਿੱਤ (ਕਲਾਸਿਕ) ਦੇ ਪੱਖ ਵਾਲਾ ਤੇ ਦੂਜਾ ਨਵੀਨ ਸਾਹਿੱਤ (ਦੇਸੀ ਬੋਲੀਆਂ) ਦੇ ਪੱਖ ਵਾਲਾ। ਇਕ ਦਾ ਖ਼ਿਆਲ ਸੀ ਕਿ ਸੰਸਕ੍ਰਿਤ ਦੇਵ-ਬੋਲੀ ਹੈ, ਇਸ ਲਈ ਧਰਮ ਦੀਆਂ ਗੱਲਾਂ ਸੰਸਕ੍ਰਿਤ ਵਿਚ ਹੀ ਹੋ ਸੱਕਦੀਆਂ ਹਨ। ਇਸੇ ਨਾਲ ਵਰਣ-ਆਸ਼੍ਰਮ ਦਾ ਸੰਬੰਧ ਸੀ। ਦੂਜੇ ਪੱਖ ਦਾ ਖ਼ਿਆਲ ਸੀ ਕਿ ਲੋਕਾਂ ਦੀ

ਆਮ ਬੋਲੀ ਉਤਨੀ ਹੀ ਸ੍ਰੇਸ਼ਟ ਹੈ ਜਿਤਨੀ ਕਿ ਸੰਸਕ੍ਰਿਤ । ਜੇ ਸੰਸਕ੍ਰਿਤ ਵਿਚ ਮੰਦੀਆਂ ਗੱਲਾਂ ਕਰੋ, ਤਾਂ ਉਹ ਪਵਿੱਤਰ ਨਹੀਂ ਹੋ ਸਕਦੀਆਂ, ਅਤੇ ਜੇ ਮਰਹਟੀ, ਹਿੰਦੀ ਜਾਂ ਪੰਜਾਬੀ ਵਿਚ ਧਰਮ ਨਿਆਂ ਦੀਆਂ ਗੱਲਾਂ ਕਰੋ ਤਾਂ ਸੰਸਕ੍ਰਿਤ ਜਿੰਨੀ ਪਵਿੱਤਰ ਹੋ ਸਕਦੀ ਹੈ। ਇਹ ਨਵਾਂ ਖ਼ਿਆਲ ਇਕ ਵੱਡੀ ਕਰਾਂਤੀ ਸੀ, ਇਕ ਵੱਡੀ ਕਰਾਮਾਤ ਸੀ ਕਿ ਰੱਬ ਨਾਲ ਗਲਾਂ ਚੂਹੜਾ, ਚਮਾਰ, ਨਾਈ ਜਾਂ ਛੀਂਬਾ ਵੀ ਆਪਣੀ ਨਿੱਤ ਦੀ ਸਧਾਰਣ ਬੋਲੀ ਵਿਚ ਕਰ ਸਕਦਾ ਹੈ । ਹਿੰਦੀ, ਮਰਹਟੀ, ਪੰਜਾਬੀ ਆਦਿ ਦੇਸੀ ਬੋਲੀਆਂ ਵਿਚ ਲਿਖੀ ਬਾਣੀ ਨੂੰ ਇਸ਼ਟ-ਦੇਵ ਦੀ ਉੱਚਤਾ ਦੇਣੀ ਇਕ ਅਪੂਰਵ ਇਨਕਲਾਬ ਸੀ, ਜਿਸ ਦੇ ਨਾਲ ਦਾ ਇਨਕਲਾਬ ਬੁੱਧ ਮਹਾਰਾਜ ਦੇ ਸਮੇਂ ਤੋਂ ਲੈ ਕੇ ਹੁਣ ਤਕ ਨਹੀਂ ਸੀ ਹੋਇਆ।

ਹੁਣ ਵੀ ਹਿੰਦ ਵਿਚ ਦੇਸੀ ਬੋਲੀਆਂ ਦੀ ਹਮਾਇਤ ਦੀ ਜੰਗ ਪੰਜਾਬ ਤੇ ਮਹਾਰਾਸ਼ਟਰ ਵਿਚ ਹੀ ਲੜੀ ਜਾ ਰਹੀ ਹੈ। ਪੰਜਾਬ ਵਿੱਚ ਵੀ ਜੋ ਬੋਲੀ ਸੰਬੰਧੀ ਝਗੜਾ ਹੈ ਉਸ ਦੀ ਤਹਿ ਵਿਚ ਵੀ ਕਲਾਸਿਕ ਤੇ ਅਣ-ਕਲਾਸਿਕ ਬੋਲੀਆਂ ਦਾ ਵਖੇਵਾਂ ਹੈ। ਇਕ ਪਾਸੇ ਨਰੋਲ ਪੰਜਾਬੀ ਕਲਚਰ ਦੇ ਹਾਮੀ ਹਨ, ਤੇ ਦੂਜੇ ਪਾਸੇ ਸੰਸਕ੍ਰਿਤ ਕਲਚਰ ਦੇ ਹਾਮੀ।

ਸੰਨ ੧੯੪੭ ਦੀ ਇਤਿਹਾਸਕ ਦੁਰਘਟਨਾ ਨੇ ਪੰਜਾਬ ਉਤੇ ਸਭ ਤੋਂ ਵਧ ਅਸਰ ਕੀਤਾ ਹੈ। ਇਸ ਪੁਟ-ਸਪੁੱਟੇ ਨਾਲ ਪੰਜਾਬੀਆਂ ਦੇ ਆਚਰਣ ਦਾ ਕਰੜੇ ਤੋਂ ਕਰੜਾ ਪਰਤਾਵਾ ਹੋਇਆ ਹੈ। ਇਸ ਦਾ ਅਸਰ ਪੰਜਾਬੀ ਸਾਹਿੱਤ ਉਤੇ ਉਹੀ ਹੋਇਆ ਹੈ ਜੋ ਹਲ ਵਾਹੁਣ ਦਾ ਉਪਜਾਊ ਜ਼ਿਮੀਂ ਤੇ ਹੁੰਦਾ ਹੈ । ਵਤਨਾਂ ਦੇ ਉਦਰੇਵੇਂ ਅਤੇ ਘਰਾਂ ਤੇ ਸੰਬੰਧੀਆਂ ਦੇ ਵਿਛੋੜੇ ਪੰਜਾਬੀਆਂ ਦੀਆਂ ਸਾਹਿੱਤਕ ਰੁਚੀਆਂ ਨੂੰ ਨਵੇਂ ਸਿਰਿਓਂ ਟੁੰਬ ਕੇ ਵਧੇਰੇ ਉਪਜਾਊ ਬਣਾਉਣਗੇ।

# (੩) ਪੰਜਾਬੀ ਦਾ ਅਸਲਾ

ਮੱਧ ਕਾਲ ਤੋਂ ਦੇਸ ਦੀ ਆਪਣੀ ਕਲਚਰ ਦੇ ਹਾਮੀ ਪੰਜਾਬੀ ਨੂੰ ਪੁਰਾਣੀ ਕਲਚਰ ਤੋਂ ਮਾਲਾ-ਮਾਲ ਤਾਂ ਕਰਦੇ ਆਏ ਹਨ, ਪਰ ਇਸ ਨੂੰ ਆਪਣਾ ਅਸਲਾ ਨਹੀਂ ਭੁਲਾਣ ਦਿੱਤਾ, ਆਪਣੀ ਨੁਹਾਰ ਨਹੀਂ ਵਟਾਉਣ ਦਿੱਤੀ। ਜਿਵੇਂ ਘਰ ਦੀ ਧੀ-ਧਿਆਣ ਆਪਣੇ ਆਪ ਨੂੰ ਸੁਘੜ ਤੇ ਸਿਆਣੀ ਬਣਾਉਣ ਲਈ ਆਪਣੀ ਮਾਂ ਜਾਂ ਦਾਦੀ ਕੋਲੋਂ ਪੁਛ ਪੁਛ ਕੇ ਕੰਮ ਤਾਂ ਸਿੱਖਦੀ ਹੈ, ਪਰ ਉਹ ਉਹਨਾਂ ਦੇ ਮੂੰਹ ਦੀਆਂ ਝੁਰੜੀਆਂ ਤੇ ਪੀਲੱਤਣ ਤੇ ਆਇਆ ਰੰਗ ਰੂਪ ਵੇਖ ਕੇ ਆਪਣੀ ਜੁਆਨੀ ਦੀ ਤਾਜ਼ਗੀ ਤੇ ਮੁਸਕਾਣਾਂ ਨੂੰ ਵਿਗੜਨ ਨਹੀਂ ਦਿੰਦੀ, ਇਸੇ ਤਰ੍ਹਾਂ ਪੰਜਾਬੀ ਲਿਖਾਰੀ ਸੰਸਕ੍ਰਿਤ, ਫ਼ਾਰਸੀ ਆਦਿ ਸਨਾਤਨ ਬੋਲੀਆਂ ਦੇ ਪਰਤਾਏ ਹੋਏ ਵਿਚਾਰਾਂ ਤੇ ਸੰਵਾਰਤਾਂ ਤੋਂ ਲਾਭ ਤਾਂ ਉਠਾਂਦੇ ਰਹਿੰਦੇ ਹਨ ਅਤੇ ਆਪਣੀ ਬੋਲੀ ਨੂੰ ਨਿੱਤ ਦੀ ਵਰਤੋਂ ਦੇ ਧੂੜ-ਧੱਪੇ ਤੋਂ ਬਚਾ ਕੇ ਛੰਡ ਫੂਕ ਕੇ ਰੱਖਦੇ ਹਨ, ਪਰ ਇਸ ਨੂੰ ਸਮੇਂ ਦੇ ਅਨੁਕੂਲ ਤਾਜ਼ਾ ਤੇ ਨਰੋਆ ਰੱਖਣ ਲਈ ਆਪਣੇ ਅਸਲੇ ਤੋਂ ਦੂਰ ਨਹੀਂ ਜਾਣ ਦਿੰਦੇ।

ਪੰਜਾਬੀ ਦਾ ਆਪਣਾ ਅਸਲਾ ਕੀ ਹੈ? ਉਹੋ ਜੋ ਪੰਜਾਬੀਆਂ ਦਾ ਹੈ। ਪੰਜਾਬੀਆਂ ਨੂੰ ਸਦਾ ਕੁਦਰਤ ਅਤੇ ਇਤਿਹਾਸ ਦੀਆਂ ਕਰੜੀਆਂ ਅਸਲੀਅਤਾਂ ਨਾਲ ਵਾਸਤਾ ਪਿਆ ਹੈ। ਇਸ ਕਰਕੇ ਇਹ ਸਦਾ ਤੋਂ ਯਥਾਰਥਵਾਦੀ ਰਹੇ ਹਨ, ਗੁੰਝਲਦਾਰ ਨਹੀਂ ਬਣੇ। ਅਮਲੀ ਕੰਮ ਕਾਰ ਕਰਨ ਵਾਲੇ ਹੋਏ ਹਨ। ਇਹਨਾਂ ਦੀ ਬੋਲੀ ਵੀ ਕੰਮ ਕਾਜ ਸਾਰਨ ਜੋਗੀ ਹੀ ਬਣੀ ਰਹੀ ਹੈ। ਇਸ ਨੂੰ ਰਾਜ-ਦਰਬਾਰ ਵੱਲੋਂ ਮਾਣ ਨਹੀਂ ਮਿਲਿਆ। ਇਹ ਮੁੱਢ ਤੋਂ ਆਮ ਲੋਕਾਂ ਦੇ ਘਰਾਂ ਦੀ ਲਾਡਲੀ ਰਹੀ ਹੈ। ਇਸ ਨੇ ਆਪਣਾ ਕੁਦਰਤੀ ਤੇ ਸਰਲ ਸੁਭਾਅ ਨਹੀਂ ਛੱਡਿਆ ਅਤੇ ਲਫ਼ਜ਼ੀ ਹੇਰਾ-ਫੇਰੀ ਤੇ ਅੜੁਕ-ਮੜੁਕ ਤੋਂ ਬਚੀ

ਰਹੀ ਹੈ। ਬਾਤ ਦਾ ਬਤੰਗੜ ਤੇ ਚੀਚੀ ਦਾ ਪਹਾੜ ਬਣਾਨ ਦੀ ਥਾਂ ਅਸਲ ਗੱਲ ਨੂੰ ਇੰਨ-ਬਿੰਨ ਦੱਸ ਕੇ ਉਸ ਵਿਚੋਂ ਸੁੰਦਰਤਾ, ਪ੍ਰੇਮ ਜਾਂ ਵੈਰਾਗ ਦਾ ਰਸ ਕਢਣ ਦਾ ਜਤਨ ਕੀਤਾ ਹੁੰਦਾ ਹੈ। ਜਿਵੇਂ ਗੁਰੂ ਨਾਨਕ ਸਾਹਿਬ, ਬਾਬਰ ਦੇ ਆਉਣ ਉਤੇ ਜੋ ਤੀਵੀਆਂ ਦੀ ਬਾਬ ਹੋਈ ਉਸ ਦੀ ਝਾਕੀ 'ਜਿਨ ਸਿਰਿ ਸੋਹਨਿ ਪਟੀਆਂ' ਵਾਲੇ ਸ਼ਬਦ ਵਿੱਚ ਦਿੰਦੇ ਹਨ, ਜਾਂ ਫਰੀਦ ਜੀ ਲਿਖਦੇ ਹਨ :—

ਕਤਕਿ ਕੂੰਜਾਂ, ਚੇਤਿ ਡਉ, ਸਾਵਣਿ ਬਿਜੁਲੀਆਂ।
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।

ਜਾਂ ਦਮੋਦਰ ਆਪਣੀ ਨਾਇਕਾ ਹੀਰ ਅਤੇ ਉਸ ਦੀਆਂ ਸਾਥਣਾਂ ਦਾ ਨਿੱਤ ਦਾ ਪਰਚਾਵਾ ਦੱਸਦਾ ਹੈ :—

ਤਾਂ ਪਹਿਲੇ ਪਹਿਰੇ ਕੁਲ ਆਤਣ ਸਾਗ ਰੋਟੀ ਮੱਖਣ ਖਾਵੇ।
ਦੂਜੇ ਪਹਿਰੇ ਪੀਂਘਾਂ ਤੇ ਪੀਂਘਣ, ਘੁੰਘਣੀਆਂ ਘਿਨ ਆਵੇ।
ਤੀਜੇ ਪਹਿਰੇ ਬੇਲੇ ਦੇ ਵਿਚ ਰੋਂਡੀ ਖੱਖੜੀ ਖਾਵੇ।
ਚੌਥੇ ਪਹਿਰੇ ਬੇੜੀ ਦੇ ਵਿੱਚ ਆਤਣ ਛੋਤ ਚਨ੍ਹਾਵੇ।

ਜੇ ਕੋਈ ਉਰਦੂ ਦਾ ਸ਼ਾਇਰ ਹੁੰਦਾ ਤਾਂ ਉਹ ਆਪਣੀ ਸੁਖਾਂ-ਲੱਧੀ ਨਾਇਕਾ ਨੂੰ ਕੀ ਕੁਝ ਖੁਆਂਦਾ!

ਜਦ ਕੋਈ ਲਿਖਾਰੀ ਪਰਗਟ ਤੌਰ ਤੇ ਰੋਮਾਂਸ ਲਿਖਦਾ ਹੈ—ਜਿਵੇਂ ਵਾਰਸ ਸ਼ਾਹ ਜਾਂ ਕਿਰਪਾ ਸਾਗਰ—ਤਾਂ ਉਹ ਵੀ ਯਥਾਰਥਵਾਦ ਨੂੰ ਹੱਥੋਂ ਨਹੀਂ ਛਡਦਾ : ਵਾਰਸ ਹੀਰ ਦੇ ਦਾਜ ਦੇ ਵੇਰਵੇ ਅਤੇ ਗੁਰੂਆਂ ਤੇ ਮਹੀਆਂ ਦੀਆਂ ਕਿਸਮਾਂ ਦੇ ਕੇ ਅਤੇ ਕਿਰਪਾ ਸਾਗਰ ਪਹਾੜੀ

acc no 11736
Amar College Library Srinagar
Acc. No 11736
Price..............

ਲੋਕਾਂ ਦੇ ਰਸਮ-ਰਿਵਾਜ ਅਤੇ ਲੜਾਈਆਂ ਝਗੜੇ ਦੱਸ ਕੇ ਕਹਾਣੀ ਦੇ ਹੂ-ਬਹੂ ਹੋਣ ਦਾ ਨਕਸ਼ਾ ਬੰਨ੍ਹਦੇ ਹਨ।

ਹਿੰਦੀ, ਉਰਦੂ ਤੇ ਪੰਜਾਬੀ ਦਾ ਆਪੋ ਆਪਣਾ ਅਸਲਾ ਹੈ। ਹਿੰਦੀ ਬਿਆਨੀਆ ਜਾਂ ਵਿਰਤਾਂਤਿਕ ਹੈ। ਇਸ ਦੇ ਲਿਖਾਰੀ ਵੇਰਵਾ ਦੇ ਕੇ ਪਾਠਕ ਉਤੇ ਅਸਰ ਪਾਉਂਦੇ ਹਨ। ਪਰ ਉਰਦੂ ਦਾ ਢੰਗ ਤਸਵੀਰੀ ਹੈ। ਲਿਖਾਰੀ ਉਪਮਾ ਤੇ ਉਪਮਾ ਜੜੀ ਜਾਂਦਾ ਹੈ। ਅਸਲੀਅਤ ਦੇ ਨਿੱਕੇ ਜਹੇ ਕਿਣਕੇ ਉਤੇ ਰੂਪਕਾਂ ਦੀ ਗੁੰਬਦ ਉਸਾਰੀ ਹੁੰਦੀ ਹੈ, ਜਿਸ ਦੇ ਹੇਠਾਂ ਅਸਲੀਅਤ ਲੋਪ ਹੀ ਹੋ ਜਾਂਦੀ ਹੈ। ਹਿੰਦੀ ਵਾਲਾ ਬੁਤਕਾਰੀਏ ਵਾਕਰ ਮੂਰਤੀ ਘੜਦਾ ਹੈ। ਉਰਦੂ ਵਾਲਾ ਰੰਗ ਭਰ ਕੇ ਤਸਵੀਰ ਖਿਚਦਾ ਹੈ। ਪੰਜਾਬੀ ਵਾਲਾ ਬਹੁ-ਅੰਗੀ ਇਮਾਰਤ ਦੀ ਉਸਾਰੀ ਕਰਦਾ ਹੈ। ਉਸ ਦੇ ਹੁਨਰ ਦੀ ਖ਼ੂਬੀ ਵੇਖਣ ਲਈ ਕਿਸੇ ਇੱਕ ਚੀਜ਼ ਦੀ ਤਸਵੀਰ ਜਾਂ ਘਾੜਤ ਦਾ ਵੇਰਵਾ ਵੇਖਣਾ ਕਾਫ਼ੀ ਨਹੀਂ। ਉਸ ਦੇ ਲਈ ਜ਼ਰੂਰੀ ਹੈ ਕਿ ਦਰਿਆ ਪਹਾੜ ਦੀ ਵਾਦੀ ਦੇ ਕਿਸੇ ਟਿੱਲੇ ਉਤੇ ਖੜੋਤੀ ਬਹੁ-ਮੰਜ਼ਲੀ ਉਸਾਰੀ ਦਾ ਦ੍ਰਿਸ਼ ਵੇਖਿਆ ਜਾਏ, ਜਿਸ ਦੀ ਖ਼ੂਬਸੂਰਤੀ ਉਸ ਦੇ ਕਿਸੇ ਇਕ ਅੰਗ ਵਿਚੋਂ ਹੀ ਨਹੀਂ ਸਗੋਂ ਸਮੁੱਚੇ ਦੁਆਲੇ ਤੇ ਉਸ ਵਿਚ ਅਡੋਲ ਖਲੋਤੀ ਇਮਾਰਤ ਦੀਆਂ ਵੱਖੋ ਵਖ ਖ਼ੂਬਸੂਰਤੀਆਂ ਤੋਂ ਇਕੱਠੀ ਕਰਨੀ ਪਏਗੀ। ਉਰਦੂ ਦੀ ਖ਼ੂਬਸੂਰਤੀ ਇਉਂ ਹੈ, ਜਿਵੇਂ ਇਕ ਸ਼ੀਸ਼ੇ ਦੇ ਮੇਜ਼ ਉਤੇ ਇਕ ਸ਼ੀਸ਼ੇ ਦਾ ਸੋਹਣਾ ਭਾਂਡਾ ਹੋਵੇ, ਜਿਸ ਵਿਚ ਹਰ ਮੌਸਮ ਦੇ ਮੇਵੇ ਇਕੱਠੇ ਕਰਕੇ ਰੱਖੇ ਹੋਣ। ਹਿੰਦੀ ਦੀ ਖ਼ੂਬਸੂਰਤੀ ਇਉਂ ਹੈ, ਜਿਵੇਂ ਕਿਸੇ ਦੇਵੀ ਦੇਵਤੇ ਦੀ ਚਹੁ-ਬਾਹੀ ਜਾਂ ਅੱਠ-ਬਾਹੀ ਮੂਰਤੀ ਦੀ ਹੁੰਦੀ ਹੈ। ਪੰਜਾਬੀ ਦੀ ਖ਼ੂਬਸੂਰਤੀ ਇਉਂ ਹੈ, ਜਿਵੇਂ ਕਿਸੇ ਬਾਰਾਂਦਰੀ ਦੇ ਚੁਬਾਰੇ ਵਿਚ ਦੀਆਂ ਬਾਰੀਆਂ ਵਿਚੋਂ ਪਹਾੜ, ਦਰਿਆ ਅਤੇ ਵਾਦੀ ਦਾ ਨਜ਼ਾਰਾ ਵੇਖਿਆ ਜਾਵੇ। ਉਦਾਹਰਣ ਲਈ ਇਹ ਵਾਕ ਲਓ :–

ਚਿੜੀ ਚੁਹਕੀ, ਪਹੁ ਫੁਟੀ, ਵਗਨਿ ਬਹੁਤੁ ਤਰੰਗ।
ਅਜਬ ਰੂਪ ਸੰਤਨ ਰਚੇ, ਨਾਨਕ, ਨਾਮਹਿ ਰੰਗਿ।

ਜੇ ਕੋਈ ਹੋਰ ਬੋਲੀ ਹੁੰਦੀ, ਤਾਂ ਇਸ ਦੇ ਭਾਵ ਨੂੰ ਇਉਂ ਜ਼ਾਹਰ ਕੀਤਾ ਹੁੰਦਾ : ਰੱਬ ਦੇ ਬੰਦੇ ਰੱਬ ਦੇ ਪਿਆਰ ਵਿਚ ਆ ਕੇ ਅਜਬ ਸਮਾਂ ਬੰਨ੍ਹ ਲੈਂਦੇ ਹਨ, ਜਿਸ ਵਿਚ ਅਡੋਲ ਸ਼ਾਂਤੀ, ਅਮੁੱਕ ਵਿਸ਼ਾਲਤਾ ਤੇ ਅਕਹਿ ਤਾਜ਼ਗੀ ਹੁੰਦੀ ਹੈ, ਜਿਵੇਂ ਸਵੇਰ ਵੇਲੇ ਦੇ ਸਮੁੰਦਰੀ ਨਜ਼ਾਰੇ ਵਿਚ ਹੁੰਦੀ ਹੈ, ਜਿਸ ਉਤੇ ਇਕ ਨਿੱਕੀ ਜਿਹੀ ਚਿੜੀ ਚੂਕਦੀ ਹੋਵੇ। ਪਰ ਇਸ ਪੰਜਾਬੀ ਵਾਕ ਵਿਚ ਗੁਰੂ ਅਰਜਨ ਦੇਵ ਇਕ ਨਜ਼ਾਰਾ ਰਚਦੇ ਹਨ : ਸਵੇਰ ਦਾ ਵੇਲਾ, ਦੂਰ ਦੂਰ ਤਕ ਲਹਿਰਦਾ ਸਮੁੰਦਰ, ਸ਼ਾਂਤ ਤੇ ਅਡੋਲ, ਤੇ ਉਸ ਦੇ ਉਤੇ ਇਕ ਚਿੜੀ ਚੂਕਦੀ। ਇਉਂ ਸਮਾਂ ਬੰਨ੍ਹ ਲੈਂਦੇ ਹਨ ਹਰੀ ਦੇ ਸੰਤ ਆਪਣੇ ਮਨ ਉਤੇ, ਹਰੀ ਦੇ ਪਿਆਰ ਵਿਚ ਆ ਕੇ।

ਇੱਕੋ ਲਿਖਾਰੀ ਇੱਕੋ ਖ਼ਿਆਲ ਨੂੰ ਹਿੰਦੀ ਤੇ ਪੰਜਾਬੀ ਵਿਚ ਪਰਗਟ ਕਰਦਿਆਂ ਇਨ੍ਹਾਂ ਬੋਲੀਆਂ ਦੇ ਫ਼ਰਕ ਨੂੰ ਜ਼ਾਹਰ ਕਰ ਦੇਵੇਗਾ। ਗੁਰੂ ਗੋਬਿੰਦ ਸਿੰਘ ਜੀ ਨੇ ਦੁਰਗਾ ਭਵਾਨੀ ਦੇ ਜੰਗ ਦੋਂਤਾਂ ਨਾਲ ਬਿਆਨ ਕੀਤੇ ਹਨ–ਪੰਜਾਬੀ ਵਿਚ 'ਚੰਡੀ ਦੀ ਵਾਰ' ਅਤੇ ਹਿੰਦੀ ਵਿਚ 'ਚੰਡੀ ਚਰਿਤ੍ਰ' ਲਿਖ ਕੇ। ਵਾਰ ਦੀ ਨਾਇਕਾ ਇਕ ਪੰਜਾਬਣ ਹੈ। ਜਿਵੇਂ ਆਮ ਪੰਜਾਬਣਾਂ ਤਲਾ ਤੇ ਨਹਾਉਣ ਆਉਂਦੀਆਂ ਹਨ ਤਿਵੇਂ–

ਇਕ ਦਿਹਾੜੇ ਨ੍ਹਾਵਣ ਆਈ ਦੁਰਗ ਸ਼ਾਹ।

ਉਹ ਸਿਧੀ ਸਾਦੀ ਬਹਾਦਰ ਤੀਵੀਂ ਹੈ ਜੋ ਇੰਦਰ ਦੀ ਪੁਕਾਰ ਤੇ ਉਸ ਦੀ ਮਦਦ ਤੇ ਆ ਬਹੁੜਦੀ ਹੈ ਤੇ ਉਸ ਦੇ ਦੁਸ਼ਮਣਾਂ ਨੂੰ ਮਾਰ ਕੇ ਓਹਨਾਂ ਤੋਂ ਖਹਿੜਾ ਛੁਡਾਉਂਦੀ ਹੈ। ਪੰਜਾਬੀ 'ਵਾਰ' ਵਿਚ ਪੰਜਾਬੀ

ਢੋਲ, ਨਗਾਰੇ ਤੇ ਸੰਖ ਵਜਦੇ ਹਨ, ਹਿੰਦੀ 'ਚਰਿਤ੍ਰ' ਵਿੱਚ ਦੇਵੀ ਗਦਾ ਤੇ ਤ੍ਰਿਸ਼ੂਲ ਚੁਕ ਕੇ ਆਉਂਦੀ ਹੈ, ਤੇ ਘੰਟਾ ਤੇ ਸੰਖ ਵਜਾਉਂਦੀ ਹੈ। 'ਵਾਰ' ਵਿਚ ਬਾਰ ਬਾਰ ਧਉਂਸੇ ਵਜਦੇ ਹਨ ਤੇ 'ਚਰਿਤ੍ਰ' ਵਿਚ ਸੰਖ। ਵਾਰ ਵਿਚ ਉਪਮਾਵਾਂ ਵੀ ਪੰਜਾਬੀ ਹਨ, ਜਿਵੇਂ ਤਖਾਣ ਮੌਛੇ ਵੱਢ ਕੇ ਖੇਤ ਵਿੱਚ ਸੁਟਦੇ ਹਨ, ਜਿਵੇਂ ਲਹੂ ਦੀ ਘਾਣੀ ਘੱਤੀ ਹੁੰਦੀ ਹੈ, ਜਿਵੇਂ ਪਠਾਣ ਲੋਕ ਰਾਗ ਨੂੰ ਸੁਣ ਕੇ ਵਜਦ ਵਿਚ ਆਉਂਦੇ ਹਨ, ਲਾੜਾ ਵੇਖਣ ਲਾੜੀਆਂ ਚਉਗਿਰਦੇ ਹੋਈਆਂ, ਮੁਲਤਾਨ ਦੀ ਬਣੀ ਕਮੰਦ, ਇਤਿਆਦਿ। 'ਚਰਿਤ੍ਰ' ਵਿਚ ਉਪਮਾਵਾਂ ਕਲਾਸਿਕ ਹਨ : ਚੰਦ ਮਨੋ ਪਰਵੇਖ ਪਰਿਓ ਹੈ, ਬੜਵਾਨਲ, ਜਿਉਂ ਹਨੂਮਾਨ ਉਖਾਰ ਪਹਾਰ ਕੋ ਰਾਵਨ ਕੋ ਉਰ ਭੀਤਰ ਮਾਰਿਓ, ਮਾਨੋ ਦਾਵਾ ਬਨ ਮਾਝ ਲਗੇ, ਦਾਮਨਿ ਜਾਨ ਚਲੇ ਘਨ ਮੈਂ, ਜਨ ਸੂਰ ਕੋ ਰਾਮ ਜਲਾਂਜਲ ਦੀਨੋ, ਸੁ ਮਨੋ ਭਟ ਸਾਰਸੁਤੀ ਤਟ ਨ੍ਹਾਤ ਹੈ ਪੂਰਬ ਪਾਪ ਉਤਾਰਨ ਕੋ, ਮਾਨਹੁ ਜਟਾਧਰ ਕੀ ਜਟ ਤੇ ਜਨੁ ਰੋਸ ਕੈ ਗੰਗ ਕੋ ਨੀਰ ਢਰਿਓ ਹੈ, ਜਨੁ ਕੋਪ ਪੁਰੰਦਰ ਬਜ੍ਰ ਪ੍ਰਹਾਰਿਓ, ਇਤਿਆਦਿ। ਪਾਨ ਚੱਬਣ ਵਾਲੇ ਯੂ. ਪੀ. ਦੀ ਸਪਿਰਿਟ ਇਸ ਗਲ ਤੋਂ ਹੀ ਭਾਂਪੀ ਜਾ ਸਕਦੀ ਹੈ : ਪਾਨ ਦਏ ਮੁਖ ਤੇ ਕਹਿਓ ਤੁਮ ਦੋਨੋਂ ਮਮ ਬੀਰ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 'ਪਾਖਿਆਨ ਚਰਿਤ੍ਰ' ਵਿਚ ਇਕ ਕਹਾਣੀ ਹੀਰ ਰਾਂਝੇ ਦੀ ਵੀ ਦਿੱਤੀ ਹੈ। ਉਹ ਹਿੰਦੀ ਵਿਚ ਹੋਣ ਕਰਕੇ ਉਸ ਦੀ ਬਣਤਰ ਪੰਜਾਬੀ ਨਹੀਂ, ਸਗੋਂ ਕਲਾਸੀਕਲ ਹਿੰਦਵੀ ਹੈ। ਹੀਰ ਪਿਛਲੇ ਜਨਮ ਦੀ ਇਕ ਅਪੱਛਰਾਂ ਦੱਸੀ ਹੈ, ਜਿਸ ਨੂੰ ਸਰਾਪ ਮਿਲਿਆ ਸੀ ਕਿ ਇਕ ਮੁਸਲਮਾਨ ਦੇ ਘਰ ਪਏਂਗੀ। ਅਪੱਛਰਾਂ ਹੋਣਾ, ਆਵਾਗਉਣ ਅਤੇ ਵਰ ਸਰਾਪ ਦੇ ਵੱਸ ਪੈਣਾ, ਇਹ ਸਾਰੀਆਂ ਗੱਲਾਂ ਇਸ ਕਹਾਣੀ ਨੂੰ ਹਿੰਦਵੀ ਰੰਗ ਦੇ ਦਿੰਦੀਆਂ ਹਨ। ਇਸ ਦੇ ਟਾਕਰੇ ਤੇ

ਪੰਜਾਬੀ ਦੀ ਹੀਰ ਕੁਝ ਹੋਰ ਹੀ ਹੈ।

ਪੰਜਾਬ ਦੀ ਸਪਿਰਿਟ, ਅੰਦਰਲੀ ਰੂਹ, ਨੂੰ ਪ੍ਰੋ: ਪੂਰਨ ਸਿੰਘ ਨੇ ਠੀਕ ਸਮਝਿਆ ਹੈ। ਉਹ ਕਹਿੰਦਾ ਹੈ:

ਪੰਜਾਬ ਨਾ ਹਿੰਦੂ ਨਾ ਮੁਸਲਮਾਨ :
ਪੰਜਾਬ ਸਾਰਾ ਜੀਉਂਦਾ ਗੁਰੂ ਦੇ ਨਾਮ ਤੇ।

ਪੰਜਾਬੀਆਂ ਵਿਚ, ਭਾਵੇਂ ਉਹ ਮੰਨਣ ਜਾਂ ਨਾ ਮੰਨਣ, ਗੁਰੂ ਦੀ ਬਖ਼ਸ਼ੀ ਸਪਿਰਿਟ ਕੰਮ ਕਰਦੀ ਹੈ। ਇਸ ਦਾ ਪਰਤੱਖ ਚਿੰਨ੍ਹ ਪੰਜਾਬੀਆਂ ਦੀ ਖੁਲ੍ਹ ਅਤੇ ਛੁੱਟੇ ਰਹਿਣ ਦਾ ਹੀਆ ਹੈ। ਇਹ ਖੁਲ੍ਹ ਮਰਦਾਂ ਤੇ ਤੀਵੀਆਂ ਦੋਹਾਂ ਵਿਚ ਹੁੰਦੀ ਹੈ, ਜੋ ਵੇਲੇ ਸਿਰ ਆਣ ਉਗਮਦੀ ਹੈ। ਇਹ ਸਾਹਿੱਤ ਦੇ ਹਰ ਨਾਇਕ ਤੇ ਨਾਇਕਾ ਵਿਚ ਪਰਗਟ ਹੁੰਦੀ ਹੈ। ਇਹ ਹੀਰ ਵਿਚ ਸੀ, ਭਾਵੇਂ ਉਹ ਦਮੋਦਰ ਦੀ ਹੋਵੇ, ਤੇ ਭਾਵੇਂ ਵਾਰਸ ਦੀ। ਇਹ ਉਸ ਵਕਤ ਜ਼ਾਹਰ ਹੁੰਦੀ ਹੈ ਜਦ ਹੀਰ ਰਾਂਝੇ ਨੂੰ ਆਪਣੀ ਬੇੜੀ ਵਾਲੇ ਪਲੰਘ ਤੇ ਸੁੱਤਾ ਵੇਖ ਕੇ ਚਮਕ ਉਠਦੀ ਹੈ ਤੇ ਕਹਿੰਦੀ ਹੈ :–

ਉੱਠੀਂ ਸੁੱਤਿਆ......

ਜਾਂ ਜਦ ਉਹ ਆਪਣੀਆਂ ਸਹੇਲੀਆਂ ਨੂੰ ਲੈ ਕੇ ਨੂਰ ਖਾਂ ਚੱਧੜ ਦੀਆਂ ਮਾਂਗਵੀਆਂ ਧਾੜਾਂ ਉੱਤੇ ਜਾ ਪੈਂਦੀ ਹੈ। ਇਹੋ ਸਪਿਰਿਟ ਕਿਰਪਾ ਸਾਗਰ ਦੀ ਲਖਸ਼ਮੀ ਦੇਵੀ ਅਤੇ ਭਾਈ ਵੀਰ ਸਿੰਘ ਦੇ ਨਾਵਲਾਂ ('ਸੁੰਦਰੀ' 'ਬਿਜੈ ਸਿੰਘ' ਅਤੇ 'ਸਤਵੰਤ ਕੌਰ') ਦੀਆਂ ਨਾਇਕਾਂ ਵਿਚ ਦਿਸਦੀ ਹੈ। ਇਸ ਨੂੰ ਪੰਜਾਬੀ ਅਸਲਾ ਕਹਿ ਸੱਕਦੇ ਹਾਂ।

ਇਹ ਰਾਂਝੇ ਵਿਚ ਵੀ ਸੀ, ਇਸੇ ਲਈ ਪ੍ਰੋ: ਪੂਰਨ ਸਿੰਘ ਉਸ

ਨੂੰ 'ਸਤਿਗੁਰਾਂ ਦਾ ਸਿੱਖ' ਕਰਕੇ ਯਾਦ ਕਰਦਾ ਹੈ। ਉਸ ਦੇ ਬੋਲਾਂ ਵਿਚ ਉਹ ਖੁਲ੍ਹ ਤੇ ਵੰਗਾਰ ਹੈ ਜੋ ਕੇਵਲ ਦਸਮੇਸ ਦੇ ਲਡਿਆਏ ਹੋਏ ਵਿਚ ਹੀ ਹੋ ਸਕਦੀ ਹੈ। ਰਾਂਝਾ ਕਹਿੰਦਾ ਹੈ:—

"ਨਾਥਾ ! ਜੀਉਂਦਿਆਂ ਮਰਨ ਹੈ ਬਹੁਤ ਔਖਾ,
ਸਾਥੋਂ ਐਡੇ ਨਾ ਵਾਇਦੇ ਹੋਵਣੇ ਨੀ।
ਅਸੀਂ ਜੱਟ ਹਾਂ ਨਾਹੜੀਆਂ ਕਰਨ ਵਾਲੇ,
ਅਸਾਂ ਕਚਕੜੇ ਨਹੀਂ ਪਰੋਵਣੇ ਨੀ।
ਹੱਸ ਖੇਡਣਾ ਤੁਸਾਂ ਚਾ ਮਨ੍ਹਾ ਕੀਤਾ,
ਅਸਾਂ ਧੂਏਂ ਦੇ ਗੋਹੇ ਨਾ ਢੋਵਣੇ ਨੀ।
ਸਾਥੋਂ ਖੱਪਰੀ ਨਾਦ ਨਾ ਜਾਏ ਸਾਂਭੀ,
ਅਸਾਂ ਅੰਤ ਨੂੰ ਢੱਗੜੇ ਜੋਵਣੇ ਨੀ।"

(ਵਾਰਸ)

"ਬਾਲਨਾਥ ਪਛੁਤਾਇਆ ਰਾਂਝੇ ਨੂੰ ਜੋਗ ਦੇ ਕੇ,
ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ।
ਇਸ ਜੱਟ-ਮਤ ਵਿਚ ਯੋਰਾਂ ਦਾ ਜੋਗ ਸੀ।
ਦੇਖ ਹਰਾਨ ਪਸ਼ੇਮਾਨ ਹੋਇਆ, ਬਖ਼ਸ਼ਿਆ,
ਫੇਰਿਆ ਟਿੱਲੇ ਥੀਂ ਅਸੀਸ ਦੇ, ਹਾਰਿਆ,
ਤੇ ਮਚਲਾ ਜੱਟ ਆਖੇ —
ਮੁੰਦਰਾਂ ਲੈ ਆਪਣੀਆਂ ਮੋੜ ਬਾਵਾ !
ਤੇ ਕੰਨ ਮੇਰੇ ਮੁੜ ਸਬੂਤ ਕਰ ਤੂੰ, ਭਲੇਮਾਣਸਾ :
ਕੰਨਾਂ ਨੂੰ ਕਾਹਨੂੰ ਚਾ ਪਾੜਿਆ ?
ਜੋਗ ਦੀ ਮੈਨੂੰ ਕੀ ਲੋੜ ਸੀ ? ਨਾਥਾ, ਦੱਸ ਖਾਂ ?"

(ਪੂਰਨ ਸਿੰਘ)

ਪੰਜਾਬੀ ਦੀ ਇਹ ਖੁਲਾਸੀ ਸਪਿਰਿਟ ਹੀ ਹੈ, ਜਿਸ ਤੋਂ ਪੰਜਾਬ ਦੇ ਕਲਾਸਿਕ ਰੁਚੀਆਂ ਵਾਲੇ ਲੋਕ ਤ੍ਰਹਿੰਦੇ ਹਨ।

ਚੰਗਾ ਹੋਇਆ ਜੁ ਪੰਜਾਬੀ ਨੂੰ ਸ਼ਾਹੀ ਦਰਬਾਰਾਂ ਤੇ ਨਵਾਬੀ ਅਖਾੜਿਆਂ ਦਾ ਮਾਣ ਨਹੀਂ ਮਿਲਿਆ। ਇਸ ਨੇ ਸ਼ੁਕੀਨ ਲੋਕਾਂ ਦੀਆਂ ਬੁਰਾਈਆਂ ਨਹੀਂ ਸਹੇੜੀਆਂ। ਇਸ ਨੇ ਅਸ਼ਲੀਲ ਹਾਵ-ਭਾਵ ਨਹੀਂ ਅਪਣਾਏ। ਇਹ ਭਲੇਮਾਣਸਾਂ ਦੀ ਬੋਲੀ ਹੈ। ਇਹ ਸਦਾ ਸਾਊ ਲੋਕਾਂ ਦੇ ਵਰਤਣ ਜੋਗੀ ਬਣੀ ਰਹੀ ਹੈ। ਅਜ ਕਲ ਕਈਆਂ ਨੇ ਯਥਾਰਥਵਾਦ ਦੇ ਨਾਂ ਉਤੇ ਪੰਜਾਬੀ ਨੂੰ ਕੁਝ ਕੁਝ ਅਸ਼ਲੀਲਤਾ ਦਾ ਰੰਗ ਦੇਣ ਦੀ ਕੋਸ਼ਸ਼ ਕੀਤੀ ਹੈ, ਪਰ ਓਹ ਸਫ਼ਲ ਨਹੀਂ ਹੋਏ। ਪੰਜਾਬੀ ਵਿਚ ਗੰਦ-ਮੰਦ ਨਿਭਦਾ ਹੀ ਨਹੀਂ।

ਪੰਜਾਬੀ ਲੋਕ ਅਮਲੀ ਕੰਮਾਂ ਕਾਰਾਂ ਵਾਲੇ ਹੋਣ ਕਰਕੇ ਓਹਨਾਂ ਦੀ ਲਿਖਤ ਵਿਚ ਕੋਈ ਡੂੰਘਾ ਫ਼ਲਸਫ਼ਾ ਜਾਂ ਦਮਾਗ਼ੀ ਬਰੀਕੀਆਂ ਨਹੀਂ ਹੁੰਦੀਆਂ। ਇਸੇ ਲਈ ਪੰਜਾਬੀ ਵਿਚ ਭਾਵ-ਵਾਚਕ ਨਾਵਾਂ ਦੀ ਥੁੜ੍ਹ ਹੁੰਦੀ ਹੈ। 'ਪਣ', 'ਪੁਣਾ', 'ਵਾਂ', 'ਤਾ', 'ਅਤ' ਆਦਿ ਪਿਛੇਤਰ ਲਾ ਕੇ ਕੰਮ ਤਾਂ ਸਾਰ ਲਈਦਾ ਹੈ (ਜਿਵੇਂ ਸੁਹੱਪਣ, ਸਾਊਪੁਣਾ, ਵੀਰਤਾ, ਸ਼ਹਿਰੀਅਤ, ਪੰਜਾਬੀਅਤ, ਅਕੇਵਾਂ, ਥਕੇਵਾਂ), ਪਰ ਜੇ ਹੋਰ ਡੂੰਘੇ ਖ਼ਿਆਲਾਂ ਦਾ ਖ਼ਿਆਲੀਪੁਣਾ ਜ਼ਾਹਰ ਕਰਨਾ ਪਏ, ਤਾਂ ਮੂੰਹ ਤਕਦੇ ਰਹਿ ਜਾਈਦਾ ਹੈ।

ਹਾਂ, ਦਰਿਆਵਾਂ, ਪਹਾੜਾਂ, ਮਦਾਨਾਂ, ਖੇਤੀ-ਵਾਹੀ ਦੇ ਕੰਮਾਂ ਸੰਬੰਧੀ ਲਫ਼ਜ਼ ਏਨੇ ਮਿਲਦੇ ਹਨ ਕਿ ਸ਼ਾਇਦ ਹੀ ਕੋਈ ਹੋਰ ਬੋਲੀ ਟਾਕਰਾ ਕਰ ਸਕੇ। ਵੇਖੋ ਏਹ ਲਫ਼ਜ਼ :

ਰੋਹੀ, ਬੇਟ, ਰੇਤੜ, ਪੱਬੀ, ਡੂੰਘਾਣ, ਥਾਹ, ਚੋਅ, ਤ੍ਰੱਪੇ, ਟਿੱਬਾ, ਟੋਭਾ, ਸਾਹਿਣ, ਚੀਰ-ਪੜ, ਸੀਆਂ, ਪੋਰ, ਕੇਰਾ, ਛੱਟਾ, ਸਿਆੜ, ਫੱਕ, ਵਹਾਊ, ਵਹਿੰਦੜ, ਵਾਹਣ, ਵ੍ਰਤੂਨਾ, ਵਹਾਈ,

ਵਾਹਕ, ਚਉ, ਪਰਾਣੀ, ਫਾਲ਼, ਫਾਲੀ, ਦੁਫਾਲਾ, ਹਲਸ, ਜੂੰਟ, ਜੋਗ, ਦੂਹਰ, ਕਰਾਹ, ਜੰਦਰਾ, ਸੁਹਾਗਾ, ਰੂੜੀ, ਗੁਹੀਰਾ, ਮਲ੍ਹੜ, ਮਲ, ਚਰਾ, ਚਰ੍ਹ, ਪੱਠੇ, ਚਰਲ੍ਹਾ, ਬੋਹਲ, ਗਹਾੜਾ, ਗਾਹ, ਕੁੱਪ, ਕੁਸਕ, ਧੜ, ਤੁੰਮਣ, ਪੱਸਾ, ਖੱਤਾ, ਕੋਰੜੂ, ਪੇਉਂਦ, ਦਾਬ, ਆਗ, ਕਣ, ਵੇਲ੍ਹੂ, ਉਂਗਰਨਾ, ਪੁੰਗਰਨਾ, ਉਸਰਨਾ, ਨਿਸਰਨਾ, ਭੁੱਸ, ਗਿੱਭੀ, ਟਿੰਘਾਂ, ਆਬੂ, ਛੋਈ, ਨਿਆਈਂ, ਕੂੰਗੀ, ਭੂੰਡੀ, ਡੰਗੀ, ਕੂਰਾ, ਪੂੰਗਰਾ, ਕਟੂਆ, ਭੁੱਗਾ, ਖੁੱਖਾ, ਘੁਣਾਧਾ, ਲਾਗੀ, ਸੇਪੀ।

ਲੁਹਾਰੇ ਤਰਖਾਣੇ ਕੰਮ ਸੰਬੰਧੀ ਪੰਜਾਬੀ ਦਾ ਭੰਡਾਰ ਬਹੁਤ ਖੁਲ੍ਹਾ ਹੈ। ਸਗੋਂ ਇਹੋ ਭੰਡਾਰ ਸਾਡੇ ਗੁਆਂਢੀ ਭਰਾ ਸਾਥੋਂ ਲੈ ਕੇ ਵਰਤਦੇ ਹਨ। ਕਾਰਨ ਇਹ ਹੈ (ਜੋ ਸ਼ਾਇਦ ਪੰਜਾਬੋਂ ਬਾਹਰ ਦੇ ਲੋਕ ਜਾਣਦੇ ਵੀ ਨਾ ਹੋਣ) ਕਿ ਲੁਹਾਰ ਤਰਖਾਣ ਆਦਿ ਕਾਰੀਗਰ ਆਮ ਕਰਕੇ ਪੰਜਾਬੀ ਹੀ ਹੁੰਦੇ ਹਨ, ਜੋ ਸਾਰੇ ਹਿੰਦੁਸਤਾਨ ਵਿਚ ਖਿਲਰੇ ਹੋਏ ਹਨ। ਬਨਾਰਸ, ਪਟਨਾ, ਕਲਕੱਤਾ, ਨਾਗਪੁਰ, ਗਵਾਲੀਅਰ, ਨਦੇੜ, ਹੈਦਰਾਬਾਦ ਜਿੱਥੇ ਵੀ ਜਾਓ, ਤੁਸੀਂ ਲੁਹਾਰਾ ਤੇ ਤਰਖਾਣਾ ਕੰਮ ਬਹੁਤ ਸਾਰਾ ਪੰਜਾਬੀਆਂ ਦੇ ਹੱਥ ਵੇਖੋਗੇ। ਇਸ ਲਈ ਮਿਸਤਰੀਆਂ ਤਰਖਾਣਾਂ ਦੇ ਲਫ਼ਜ਼, ਛੱਤਾਂ, ਕੰਧਾਂ, ਵਹਿਣੀਆਂ, ਸੜਕਾਂ, ਪੁੱਲਾਂ, ਆਦਿ ਦੀ ਉਸਾਰੀ ਦੀਆਂ ਇਸਤਲਾਹਾਂ ਪੰਜਾਬੀ ਵਿਚ ਹੀ ਹੋਣਗੀਆਂ, ਜਿਵੇਂ :—

ਰੰਦਾ, ਝਰੀ, ਰਉਂਟੀ, ਰਉਣੀ, ਅਟਾਰੀ, ਗੋਲਾ, ਚਰਖੜੀ, ਅੱਡਾ, ਸੂਤਰ, ਪਰਕਾਰ, ਗਰਮਾਲਾ, ਕਰੰਡੀ, ਗੁਣੀਆ, ਛੇਣੀ, ਤੇਸੀ, ਦੁਰਮਟ, ਚੋਕਾ, ਚੂਨੈ-ਗੱਚ, ਧੂੜਾ, ਝਾੜਨ, ਛੱਜਾ, ਅਰੇੜੀ, ਗੋਹਾਂ, ਤੰਮੋਟੀ, ਛੋਲਦਾਰੀ।

(ਹੋਰ ਮਿਸਾਲਾਂ ਲਈ ਵੇਖੋ ਉਸਮਾਨੀਆ ਯੂਨੀਵਰਸਟੀ ਦੀ ਤਿਆਰ ਕੀਤੀ 'ਇਸਤਲਾਹਾਤੇ ਪੇਸ਼ਾਵਰਾਂ'।)

ਪੰਜਾਬੀ ਲੋਕ ਜਿਵੇਂ ਅੰਦਰੋਂ ਹੁੰਦੇ ਹਨ, ਤਿਵੇਂ ਬਾਹਰ ਜ਼ਾਹਰ ਕਰਦੇ ਹਨ। ਸਿੱਧੇ ਸਾਦੇ ਬੰਦਿਆਂ ਦਾ ਇਹੋ ਵਰਤਾਰਾ ਹੁੰਦਾ ਹੈ। ਜੋ ਕੁਝ ਓਹ ਆਪ ਮਹਸੂਸ ਕਰਦੇ ਹਨ ਉਹੋ ਕੁਝ ਲਿਖਦੇ ਹਨ। ਮੁਬਾਲਗ਼ਾ ਜਾਂ ਅਤਿ-ਕਥਨੀ ਪੰਜਾਬੀ ਵਿਚ ਬਹੁਤ ਨਹੀਂ ਢੁਕਦੀ। 'ਬੋਲਿਆ ਅਕਾਲ ਤੇ ਅਕਾਸ਼ ਹੱਲਿਆ, ਵੇਖੋ ਸਿੰਘ ਸੂਰਮਾ ਸ਼ਿਕਾਰ ਚੱਲਿਆ' ਤਾਂ ਨਿਭ ਜਾਂਦਾ ਹੈ, ਪਰ 'ਧੌਂਸੇ ਦੇ ਮੂੰਹ ਤੇ ਡੱਗਾ ਲੱਗਾ ਨਹੀਂ ਕਿ ਉਹ ਉਛੱਲ ਕੇ ਅਕਾਸ਼ ਤੱਕ ਜਾ ਪੁੱਜਾ' ਨਹੀਂ ਵਾਰਾ ਖਾਂਦਾ, ਕਿਉਂਕਿ ਇਹ ਗੱਲ ਕੁਦਰਤੀ ਨਹੀਂ ਭਾਸਦੀ।

ਪੰਜਾਬ ਵਿਚ ਸਿੱਧਾ ਵਾਕ Direct form of speech ਹੀ ਹੁੰਦਾ ਹੈ, ਟੇਢਾ ਜਾਂ ਅਨ-ਪੁਰਖੀ ਬੋਲ (Indirect form) ਨਹੀਂ ਹੁੰਦਾ, ਭਾਵੇਂ ਕਈ ਅੰਗ੍ਰੇਜ਼ੀ ਵਲੋਂ ਆਏ ਲਿਖਾਰੀ ਅਨ-ਪੁਰਖੀ ਬੋਲ ਵੀ ਵਰਤਦੇ ਦਿਸਦੇ ਹਨ। ਅੰਗ੍ਰੇਜ਼ੀ ਵਿਚ ਕਹੀਦਾ ਹੈ: He said that he would come (ਉਸ ਨੇ ਕਿਹਾ ਕਿ ਉਹ ਆਏਗਾ), ਪਰ ਪੰਜਾਬੀ ਵਿਚ ਇਹ ਠੀਕ ਨਹੀਂ। ਅਸੀਂ ਤਾਂ ਕਹਾਂਗੇ: ਉਸ ਆਖਿਆ ਕਿ ਮੈਂ ਆਵਾਂਗਾ। ਪੰਜਾਬੀ ਲੋਕ ਸਿੱਧੇ ਮੂ ਹੋਏ। ਓਹਨਾਂ ਨੂੰ ਵਿੰਗ-ਟੇਢ ਨਹੀਂ ਆਉਂਦਾ।

ਪੰਜਾਬੀ ਆਚਰਣ ਇਕਹਿਰਾ ਹੈ। ਇਸ ਵਿਚ ਦੋਸ਼ ਵੀ ਹੈ: ਉਹ ਇਹ ਕਿ ਇਥੋ ਦੇ ਲੋਕ ਇਕ-ਪਾਸੇ ਜਹੇ ਹੁੰਦੇ ਹਨ। ਜੇ ਇਕ ਗੱਲ ਪਿਛੇ ਲੱਗ ਪੈਣ, ਤਾਂ ਹੋਰ ਸਾਰੇ ਪਾਸੇ ਵਿਸਾਰ ਦਿੰਦੇ ਹਨ। ਜਿਹੜੀ ਲਹਿਰ ਚਲਾਉਣਗੇ, ਉਸੇ ਨੂੰ ਧਰ ਦੱਬਣਗੇ। ਅੱਗਾ ਪਿੱਛਾ ਨਹੀਂ ਵੇਖਣਗੇ। ਕਈ ਵੇਰ ਅੱਗਾ ਦੌੜ ਤੇ ਪਿੱਛਾ ਚੌੜ ਹੋ ਜਾਂਦਾ ਹੈ। ਕੰਮ ਕਰਨ ਤੇ ਆਉਣਗੇ, ਤਾਂ ਸਾਰਾ ਸਟੇਜ ਹੀ ਮੱਲ ਲੈਣਗੇ, ਜੇ ਨਹੀਂ ਤਾਂ ਸਟੇਜ ਖ਼ਾਲੀ ਹੀ ਪਿਆ ਰਹੇਗਾ।

ਇਸ ਇਕਹਿਰੇਪਣ ਦੇ ਕਾਰਣ ਪੰਜਾਬੀ ਦੁਬਾਜਰਾ ਨਹੀਂ

ਹੁੰਦਾ। ਅੰਦਰੋਂ ਹੋਰ ਤੇ ਬਾਹਰੋਂ ਹੋਰ ਨਹੀਂ ਹੁੰਦਾ। ਉਸ ਵਿਚ ਡੇਊਢੇ ਢਊਣੇ ਜਾਂ ਢੌਂਚੇ ਨਹੀਂ ਹੁੰਦੇ। ਉਸ ਦੇ ਬੋਲ ਤੇ ਲਿਖਤ ਵਿਚ ਵੀ ਡਿਊਢੀਆਂ ਜਾਂ ਸਵਾਈਆਂ ਅਵਾਜ਼ਾਂ ਨਹੀਂ ਹੁੰਦੀਆਂ। ਹਿੰਦੀ ਵਿਚ ਯੱਯੇ ਦੀਆਂ ਦੋ ਅਵਾਜ਼ਾਂ ਹੋਣਗੀਆਂ, ਰਾਰਾ ਤਿੰਨ ਤਰ੍ਹਾਂ ਦਾ ਤੇ ਸ਼ੱਸ਼ਾ ਦੋ ਤਰ੍ਹਾਂ ਦਾ ਹੋਵੇਗਾ ਅਤੇ ਕਸ਼ਾ ਦੀ ਡੇਊਢੀ ਅਵਾਜ਼ ਹੋਵੇਗੀ। ਪਰ ਪੰਜਾਬੀ ਵਿਚ ਏਹਨਾਂ ਅੱਖਰਾਂ ਦੀ ਇੱਕੋ ਇੱਕੋ ਅਵਾਜ਼ ਹੈ। 'ਇਸ ਸਮਯ' ਨੂੰ 'ਇਸ ਸਮੇਂ', 'ਦਯਾ' ਨੂੰ 'ਦਿਆ', 'ਅਚਾਰਯ' ਨੂੰ 'ਅਚਾਰਜ', ਅਤੇ 'ਨਿਰਣਯ' ਨੂੰ 'ਨਿਰਣਾ' ਲਿਖਾਂਗੇ। 'ਪ੍ਰਤੱਕਸ਼' ਨੂੰ 'ਪਰਤੱਖ' ਕਰ ਦਿਆਂਗੇ। 'ਪੱਕਸ਼' ਨੂੰ 'ਪੱਖ' ਲਿਖਾਂਗੇ। ਪੰਜਾਬੀ ਵਿਚ 'ਸ਼ੱਸ਼ਾ' ਇਕੋ ਵਰਤੀਂਦਾ ਹੈ, ਜਾਂ ਛੱਛੇ ਜਾਂ ਖੱਖੇ ਨਾਲ ਬਦਲ ਜਾਂਦਾ ਹੈ। ਜਾਂ ਤਾਂ ਸ਼ਿਵ, ਵਿਸ਼ਨੂ, ਵਿਸ਼ਵ ਲਿਖਾਂਗੇ, ਜਾਂ ਫੇਰ ਵਿਖਮ, ਵਿੱਖ ਕਰ ਦਿਆਂਗੇ। ਰਾਰਾ ਆਮ ਤੌਰ ਤੇ ਇੱਕੋ ਤਰ੍ਹਾਂ ਦਾ ਹੋਵੇਗਾ; ਜਿਵੇਂ ਕਰਮ, ਭਰਮ, ਆਦਰਸ਼, ਮੂਰਖ, ਮਾਰਗ। ਜਾਂ ਤਤਸਮ ਸ਼ਬਦਾਂ ਵਿਚ ਰਾਰਾ ਪੈਰਾਂ ਵਿਚ ਕਰ ਦਿਆਂਗੇ, ਜਿਵੇਂ ਪ੍ਰੇਮ, ਗ੍ਰੀਸ਼ਮ, ਪ੍ਰੋਫੈਸਰ, ਸ੍ਰਿਸ਼ਟ। ਨੇਮ ਜੁ ਹੋਇਆ ਕਿ 'ਜਿਹਾ ਬੋਲੋ ਤਿਹਾ ਲਿਖੋ।' 'ਜੇਹੇ ਹੋਵੋ ਤੇਹੇ ਦੱਸੋ।'

# ਪੰਜਾਬੀ ਨਰੋਲ ਹੋਵੇ

ਲਿਖਣ ਵੇਲੇ ਇਹ ਖ਼ਿਆਲ ਰਖਣਾ ਚਾਹੀਦਾ ਹੈ ਕਿ ਪੰਜਾਬੀ ਨਰੋਲ ਹੋਵੇ। ਇਸ ਵਿੱਚ ਕਿਸੇ ਹੋਰ ਬੋਲੀ ਦਾ ਰੱਲਾ ਨਾ ਹੋਵੇ । ਜੋ ਲਫ਼ਜ਼, ਮੁਹਾਵਰੇ ਜਾਂ ਵਾਕ ਵਰਤੇ ਜਾਣ, ਓਹ ਪੰਜਾਬੀ ਦੇ ਆਪਣੇ ਹੋਣ ਅਤੇ ਓਹਨਾਂ ਦੀ ਬਣਤਰ ਤੇ ਵਰਤੋਂ ਪੰਜਾਬੀ ਦੇ ਆਪਣੇ ਨੇਮਾਂ ਅਨੁਸਾਰ ਹੋਵੇ । ਓਹ ਅਜ ਕਲ ਨਰੋਲ ਪੰਜਾਬੀ ਇਲਾਕੇ ਵਿਚ ਵਰਤੇ ਜਾਂਦੇ ਹੋਣ।

ਪੰਜਾਬੀ ਦਾ ਆਪਣਾ ਇਲਾਕਾ ਇਹ ਹੈ :

ਪੋਠੋਹਾਰ (ਰਾਵਲਪਿੰਡੀ ਤੇ ਜਿਹਲਮ), ਲਹਿੰਦਾ (ਮੁਲਤਾਨ, ਸ਼ਾਹਪੁਰ ਤੇ ਡੇਰਾਜਾਤ), ਮਾਝਾ (ਲਾਹੌਰ, ਅੰਮ੍ਰਿਤਸਰ, ਗੁਜਰਾਂਵਾਲਾ, ਸਿਆਲਕੋਟ, ਗੁਰਦਾਸਪੁਰ), ਦੁਆਬਾ (ਜਲੰਧਰ ਤੇ ਹੁਸ਼ਿਆਰਪੁਰ), ਮਾਲਵਾ (ਲੁਧਿਆਣਾ, ਫ਼ੀਰੋਜ਼ਪੁਰ,) ਪੁਆਧ ਜਾਂ ਬਾਂਗਰ (ਹਿਸਾਰ, ਰੁਹਤਕ, ਕਰਨਾਲ, ਅੰਬਾਲਾ), ਪਹਾੜ ਜਾਂ ਡੁੱਗਰ (ਜੰਮੂ ਤੇ ਕਾਂਗੜਾ)।

ਇਸ ਇਲਾਕੇ ਦੀ ਉਹ ਬੋਲੀ 'ਲਿਖਤ' ਲਈ ਨਰੋਲ ਗਿਣਨੀ

ਚਾਹੀਦੀ ਹੈ ਜਿਹੜੀ ਇਥੇ ਦੇ ਸਾਊ ਤੇ ਸਿਆਣੇ ਲੋਕ ਆਪਣੀਆਂ ਲਿਖਤਾਂ ਵਿਚ ਵਰਤਦੇ ਹਨ । ਆਪਣਾ ਲਿਖਤੀ ਮੁਹਾਵਰਾ ਨਰੋਲ ਬਣਾਉਣ ਲਈ ਇਥੇ ਦੇ ਪਰਮਾਣੀਕ ਲਿਖਾਰੀਆਂ ਦੀਆਂ ਪਰਮਾਣੀਕ ਲਿਖਤਾਂ ਨੂੰ ਮੁੜ ਮੁੜ ਪੜ੍ਹਨਾ ਚਾਹੀਦਾ ਹੈ ।

ਮੇਰੇ ਖ਼ਿਆਲ ਵਿਚ ਪੰਜਾਬੀ ਦੇ ਪਰਮਾਣੀਕ ਲਿਖਾਰੀ ਏਹ ਹਨ:—ਵਾਰਸ ਸ਼ਾਹ, ਬੁਲ੍ਹਾ ਸ਼ਾਹ, ਸ਼ਾਹ ਮੁਹੰਮਦ, ਲਾਲਾ ਧਨੀ ਰਾਮ ਚਾਤ੍ਰਿਕ, ਪ੍ਰੋ. ਸਾਹਿਬ ਸਿੰਘ, ਪ੍ਰੋ. ਮੋਹਨ ਸਿੰਘ, ਭਾਈ ਵੀਰ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਭਾਈ ਜੋਧ ਸਿੰਘ, ਵਿਧਾਤਾ ਸਿੰਘ ਤੀਰ, ਜੋਸ਼ੂਆ ਫ਼ਜ਼ਲ ਦੀਨ, ਡਾਕਟਰ ਫ਼ਕੀਰ ਮੁਹੰਮਦ, ਫ਼ਰੋਜ਼ ਦੀਨ ਸ਼ਰਫ਼, ਆਈ. ਸੀ. ਨੰਦਾ, ਹਰਚਰਨ ਸਿੰਘ, ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਕਮਲਾ ਅਕਾਲੀ ।

ਜੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਆਪਣੀ ਬੋਲੀ ਉਤੇ ਪਹਿਰਾ ਨਹੀਂ ਦਿਆਂਗੇ, ਤਾਂ ਏਹਨਾਂ ਨਮੂਨੇ ਦੇ ਲਿਖਾਰੀਆਂ ਦੀ ਅਗਵਾਈ ਵੀ ਕਦੇ ਕਦੇ ਰਾਹੋਂ ਕੁਰਾਹੇ ਪਾ ਦਏਗੀ, ਕਿਉਂਕਿ ਹੋ ਸਕਦਾ ਹੈ ਕਿ ਏਹ ਵੀ ਆਪਣੀਆਂ ਲਿਖਤਾਂ ਵਿਚ ਕਦੀ ਕਦੀ ਛੋੜੀ ਵਿਚ ਨਰੋਲ ਪੰਜਾਬੀ ਨੂੰ ਛੱਡ ਕੇ ਗ਼ੈਰ-ਪੰਜਾਬੀ ਸ਼ਬਦ ਜਾਂ ਮੁਹਾਵਰੇ ਵਰਤ ਜਾਣ । ਕੋਈ ਬੋਲੀ ਆਪਣੇ ਆਪ ਵਿਚ ਪੂਰੀ ਨਹੀਂ । ਹਰ ਇਕ ਨੂੰ ਗੁਆਂਢੀ ਬੋਲੀਆਂ ਤੋਂ ਕੁਝ ਨ ਕੁਝ ਉਧਾਰ ਲੈਣਾ ਪੈਂਦਾ ਹੈ । ਵਟਦੇ ਸਮੇਂ ਦੀਆਂ ਲੋੜਾਂ ਅਨੁਸਾਰ ਨਵੀਆਂ ਨਵੀਆਂ ਲੋੜਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ । ਕਿਸੇ ਬੋਲੀ ਵਿਚ ਪਹਿਲਾਂ ਤੇ ਕਿਸੇ ਵਿਚ ਪਿੱਛੋਂ ਨਵੇਂ ਖ਼ਿਆਲ ਤੇ ਓਹਨਾਂ ਦੇ ਪ੍ਰਗਟਾਉ ਪੈਦਾ ਹੁੰਦੇ ਹਨ । ਹਰ ਬੋਲੀ ਦੇ ਲਿਖਾਰੀ ਓਹਨਾਂ ਖ਼ਿਆਲਾਂ ਨੂੰ ਓਹਨਾਂ ਸ਼ਬਦਾਂ ਵਿਚ ਹੀ ਅਪਣਾਉਣਾ ਚਾਹੁੰਦੇ ਹਨ । ਇਸ ਲਈ ਓਹ ਪ੍ਰਗਟਾਉ ਸਾਨੂੰ ਵੀ ਆਪਣੀ ਬੋਲੀ ਵਿਚ ਲੈਣੇ ਪੈਂਦੇ ਹਨ । ਇਸ ਵਰਤਾਰੇ ਤੋਂ ਬਿਨਾਂ ਕੋਈ ਬੋਲੀ ਜਾਂ ਸਾਹਿੱਤ

ਅਮੀਰ ਨਹੀਂ ਹੋ ਸਕਦਾ। ਪੰਜਾਬੀ ਨੂੰ ਵੀ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਅਤੇ ਵਧਦੀ ਦੁਨੀਆਂ ਦੇ ਨਾਲ ਨਾਲ ਉੱਨਤੀ ਕਰਨ ਲਈ ਸੰਸਕ੍ਰਿਤ ਫ਼ਾਰਸੀ, ਅੰਗ੍ਰੇਜ਼ੀ ਆਦਿ ਬੋਲੀਆਂ ਕੋਲੋਂ ਬਹੁਤ ਸਾਰਾ ਮਸਾਲਾ ਉਧਾਰਾ ਲੈਣਾ ਪਿਆ ਹੈ ਤੇ ਪੈਂਦਾ ਰਹੇਗਾ।

## (੧) ਸੰਸਕ੍ਰਿਤ ਦੀ ਸਮਾਈ

ਕਈ ਸਜਣ, ਖ਼ਾਸ ਕਰਕੇ ੧੯੪੭ ਦੇ ਵੰਡਾਰੇ ਤੋਂ ਪਿੱਛੋਂ, ਸੰਸਕ੍ਰਿਤ ਦਾ ਪਿੱਛਾ ਭਾਰਾ ਵੇਖ ਕੇ ਪ੍ਰਾਂਤਿਕ ਬੋਲੀਆਂ ਨੂੰ ਆਪਣਾ ਸਾਰਾ ਪਿਛੋਕੜ ਭੁਲਾ ਕੇ ਕੇਵਲ ਸੰਸਕ੍ਰਿਤ ਨਾਲ ਹੀ ਜੋੜਨਾ ਚਾਹੁੰਦੇ ਹਨ। ਡਾਕਟਰ ਰਘੂਵੀਰਾ, ਜੋ ਬੋਲੀਆਂ ਦੇ ਮਾਮਲੇ ਵਿਚ ਸਰਕਾਰ ਹਿੰਦ ਦਾ ਵੱਡਾ ਸਲਾਹਕਾਰ ਹੈ, ਆਪਣੇ ਸਰਕਾਰੀ ਹਿੰਦੀ ਕੋਸ਼ ਵਿਚੋਂ ਫ਼ਾਰਸੀ ਤੇ ਅਰਬੀ ਧਾਤੂਆਂ ਵਾਲੇ ਸ਼ਬਦਾਂ ਦਾ ਅਭਾਵ ਹੀ ਕਰ ਗਿਆ ਹੈ, ਜਿਵੇਂ ਕਿ ਏਹਨਾਂ ਬੋਲੀਆਂ ਵਾਲੇ ਸੱਭਿਆਚਾਰ ਦਾ ਖੁਰਾ ਖੋਜ ਹੀ ਮਿਟਾ ਦੇਣਾ ਹੁੰਦਾ ਹੈ। ਉਸ ਦਾ ਖ਼ਿਆਲ ਹੈ ਕਿ ਪੰਜਾਬੀ ਕੋਸ਼ ਵਿੱਚੋਂ ਵੀ ਫ਼ਾਰਸੀ ਤੇ ਅਰਬੀ ਸ਼ਬਦ ਕਢ ਦੇਣੇ ਚਾਹੀਦੇ ਹਨ।

ਹੋਰ ਹਿੰਦੀ ਕੋਸ਼ਕਾਰ ਵੀ ਨਰੋਲ ਸੰਸਕ੍ਰਿਤ ਸ਼ਬਦਾਵਲੀ ਵਰਤ ਰਹੇ ਹਨ। ਨਿਰੇ ਕਿਤਾਬੀ ਪੰਡਤ ਹੋਣ ਕਰਕੇ ਓਹਨਾਂ ਨੂੰ ਆਮ ਲੋਕਾਂ ਦੀ ਛੁਹ ਨਹੀਂ ਲੱਗੀ। ਜਦ ਕਿਸੇ ਦਰਿਆਈ, ਪਹਾੜੀ ਜਾਂ ਮਦਾਨੀ ਇਲਾਕੇ ਨਾਲ ਸੰਬੰਧ ਰਖਣ ਵਾਲੀ ਥਾਂ ਜਾਂ ਸ਼ੈ ਲਈ ਸ਼ਬਦ ਚਾਹੀਦਾ ਹੁੰਦਾ ਹੈ, ਤਾਂ ਓਹ ਸੰਬੰਧਤ ਲੋਕਾਂ ਕੋਲੋਂ ਪੁੱਛਣ ਦੀ ਥਾਂ ਕਿਸੇ ਪੁਰਾਣੇ ਗ੍ਰੰਥ (ਮੰਨੂ, ਸ਼ਕੁੰਤਲਾ ਜਾਂ ਰਾਮਾਇਣ ਮਹਾਂਭਾਰਤ) ਵਿਚੋਂ ਕਢ

ਲੈਂਦੇ ਹਨ, ਜਾਂ ਆਪਣੇ ਕਮਰੇ ਵਿਚ ਬਹਿ ਕੇ ਸੰਸਕ੍ਰਿਤ ਪਦਾਂ ਨੂੰ ਜੋੜ ਕੇ ਨਵਾਂ-ਨਕੋਰ ਸ਼ਬਦ ਬਣਾ ਲੈਂਦੇ ਹਨ। ਜੰਮਣ ਨਾਲ ਸੰਬੰਧ ਰਖਣ ਵਾਲੇ ਸ਼ਬਦ ਪੰਜਾਬੀ ਵਿਚ ਬਹੁਤ ਸਾਰੇ ਹਨ : ਜਣੇਪਾ, ਵਿਅੰਮ, ਵਕਮਣਾ, ਸੋੜਾਂ, ਪੀੜਾਂ, ਪਰਸੂਤ, ਪੈਦਾਵਾਰੀ, ਆਦਿ। ਪਰ ਡਾਕਟਰ ਰਘੂਵੀਰਾ ਆਦਿ ਹਿੰਦੀ ਦੇ ਕੋਸ਼ਕਾਰ ਨਵੇਂ ਸਿਰਿਉਂ ਕੋਈ ਕਿਤਾਬੀ ਸ਼ਬਦ ਘੜਨ ਬਹਿਣਗੇ,ਜਿਵੇਂ ਕਿ ਇਹ ਰਸਮ ਹੁਣੇ ਹੁਣੇ ਸ਼ੁਰੂ ਹੋਣ ਲੱਗੀ ਹੈ, ਜਾਂ ਇਸ ਦਾ ਰਿਵਾਜ ੧੯੪੭ ਦੇ ਘਲੂਘਾਰੇ ਤੋਂ ਪਿਛੋਂ ਹੀ ਸ਼ੁਰੂ ਹੋਇਆ ਹੈ। Alluvial ਲਈ ਹਿੰਦੀ ਕੋਸ਼ਕਾਰਾਂ ਪਾਸ ਕੋਈ ਖ਼ਾਸ ਲਫ਼ਜ਼ ਨਹੀਂ,ਅਤੇ ਉਰਦੂ ਵਾਲਿਆਂ ਪਾਸ'ਸੈਲਾਬੀ'ਹੈ।ਪੰਜਾਬੀ ਵਾਲਿਆਂ ਪਾਸ 'ਰੋਹੀ','ਮਲਦਾਰ', 'ਲਟਾਰ'ਆਦਿ ਬਤੇਰੇ ਸ਼ਬਦ ਹਨ। ਇਸੇ ਤਰ੍ਹਾਂ ਓਹਨਾਂ ਪਾਸ River basin, sands, sand bank, Plateau ਲਈ ਕੋਈ ਲਫ਼ਜ਼ ਨਹੀਂ। ਪੰਜਾਬੀ ਵਾਲਿਆਂ ਪਾਸ 'ਬੇਟ', 'ਰੇਤੜ' (ਰੇਤਾ), 'ਬਰੇਤਾ' (ਬਰੇਤੀ), ਪੱਬੀ ਆਦਿ ਲਫ਼ਜ਼ ਮੌਜੂਦ ਹਨ, ਜੋ ਕਿਤਾਬਾਂ ਵਿਚੋਂ ਨਹੀਂ, ਸਗੋਂ ਆਮ ਲੋਕਾਂ ਪਾਸੋਂ ਲਏ ਗਏ ਹਨ। ਇਸੇ ਤਰ੍ਹਾਂ Fate ਲਈ ਆਪਣੇ ਪਾਸ ਕਈ ਘਰੋਗੀ ਲਫ਼ਜ਼ ਹਨ—ਹੋਣੀ, ਭਾਵੀ, ਆਈ, ਲੇਖ, ਆਦਿ। ਜੇ ਚਾਹੀਏ, ਤਾਂ ਗੁਆਂਢੋਂ 'ਗਤੀ', 'ਪ੍ਰਾਲਬਧ', 'ਨਸੀਬਾ', 'ਸੰਜੋਗ', 'ਭਾਗ', 'ਕਰਮ', ਵੀ ਲੈ ਸਕਦੇ ਹਾਂ। Fathom ਲਈ ਸਾਡੇ ਪਾਸ 'ਹਾਥ', 'ਮਸਾਤਰ' ਆਦਿ ਹਨ। Fault ਲਈ 'ਭੁੱਲ', 'ਭੋਲ', 'ਉਕਾਈ', 'ਬੱਜ', 'ਕੱਜ', 'ਕੁਣਸ' ਆਦਿ ਹਨ। ਜੇ ਚਾਹੀਏ ਤਾਂ 'ਗ਼ਲਤੀ', 'ਕਸਰ', 'ਦੋਸ਼' ਵੀ ਗੁਆਂਢੋਂ ਲੈ ਸਕਦੇ ਹਾਂ। Elegy ਲਈ ਹਿੰਦੀ ਵਾਲੇ ਬਣਾਉਟੀ ਸ਼ਬਦ 'ਸ਼ੋਕਗੀਤ' ਵਰਤਦੇ ਹਨ, ਜਿਵੇਂ ਕਿ ਅੱਗੇ ਕਿਸੇ ਨੇ ਇਹੋ ਜਹੀ ਕਵਿਤਾ ਲਿਖੀ ਹੀ ਨਹੀਂ ਹੁੰਦੀ। ਪੰਜਾਬੀ ਵਿਚ ਚਿਰਾਂ ਤੋਂ 'ਬਿਰਹੜਾ', 'ਅਲਾਹਣੀ', ਵਿਲਕਣੀ' 'ਕੀਰਨਾ', 'ਸੋਗਕੀ' ਵਰਤੀਂਦਾ ਆਇਆ ਹੈ। ਉਰਦੂ ਅੱਖਰਾਂ ਵਿਚ

ਪੰਜਾਬੀ ਲਿਖਣ ਵਾਲੇ 'ਮਰਸੀਹਾ' ਵਰਤਦੇ ਆਏ ਹਨ। ਆਮ ਵਰਤੀਂਦੇ ਲਫ਼ਜ਼ਾਂ ਨੂੰ ਛੱਡ ਕੇ ਨਵੀਆਂ ਨਵੀਆਂ ਘਾੜਤਾਂ ਘੜਨ ਦੀ ਵਾਦੀ ਬਹੁਤ ਹਾਸੋਹੀਣੀ ਹੈ। ('ਹਾਸੋਹੀਣੀ' ਨਹੀਂ, ਸਗੋਂ 'ਵਿਨੋਦਾਤਮਿਕ, ਕਹਿਣਾ ਚਾਹੀਦਾ ਹੈ।) ਮੱਧ-ਕਾਲ ਦੇ ਭਗਤ ਹਿੰਦੀ ਲਿਖਾਰੀ ਸਾਗ ਖਾਂਦੇ ਤੇ 'ਸਾਗ' ਵਰਤਦੇ ਆਏ ਹਨ। 'ਖੀਰ ਸਮਾਨਿ ਸਾਗੁ ਮੈਂ ਪਾਇਆ'(ਕਬੀਰ)। ਸਾਗ ਨੂੰ ਕੌਣ ਨਹੀਂ ਜਾਣਦਾ? ਪਰ ਪੰਜਾਬ ਦੇ ਕਈ ਰੇਲ ਦੇ ਸਟੇਸ਼ਨਾਂ ਉੱਤੇ ਜਾ ਕੇ ਵੇਖੋ, 'ਵੈਸ਼ਨੂ ਹੋਟਲ' ਦੀ ਥਾਂ 'ਸ਼ਾਕ-ਸ਼ਾਲਾ ਲਿਖਿਆ ਵੇਖੋਗੇ। ਸਾਡੇ ਵਡੇ-ਵਡੇਰੇ ਸਾਗ ਖਾ ਖਾ ਕੇ ਪਲੇ ਸਨ, ਪਰ ਅਸੀਂ ਹੁਣ 'ਸ਼ਾਕ' ਖਾਵਾਂਗੇ!

ਭਾਰਤ ਦੇ ਵਿਧਾਨ ਦਾ ਹਿੰਦੀ ਵਿਚ ਉੱਲਥਾ ਕਰਨ ਵੇਲੇ ਨਿਰੇ ਕਿਤਾਬੀ ਵਿਦਵਾਨ ਜੁੜੇ ਸਨ। ਭਾਵੇਂ ਸਰਕਾਰ ਵਲੋਂ ਆਗਿਆ ਤਾਂ ਇਹ ਸੀ ਕਿ ਦੇਸ ਦੀਆਂ ਪ੍ਰਾਂਤਿਕ ਬੋਲੀਆਂ ਵਿਚੋਂ ਵੀ ਢੁਕਦੇ-ਬਣਦੇ ਸ਼ਬਦ ਲੈ ਲੈਣੇ ਚਾਹੀਦੇ ਹਨ, ਤਾਂ ਜੋ ਏਡੇ ਵਿਸ਼ਾਲ ਦੇਸ ਦਾ ਵਿਧਾਨ ਹਰਥੇ ਸਮਝਿਆ ਜਾ ਸਕੇ, ਪਰ ਇਸ ਜ਼ਰੂਰੀ ਗੱਲ ਨੂੰ ਛਿੱਕੇ ਉਤੇ ਟੰਗ ਕੇ ਕੀਤਾ ਓਹੀ ਗਿਆ ਜੋ ਪੁਰਾਤਨ ਬਿਰਤੀ ਵਾਲੇ ਪੰਡਤਾਂ ਨੂੰ ਅਹੁੜਿਆ। ਪੰਜਾਬ ਤੇ ਪੈਪਸੂ ਤੋਂ ਵੀ ਦੋ ਆਦਮੀ ਓਹਨਾਂ ਉਲਥ-ਈਆਂ ਵਿਚ ਸ਼ਾਮਲ ਸਨ, ਪਰ ਓਹਨਾਂ ਵਲੋਂ ਸੁਝਾਇਆ ਗਿਆ ਕੋਈ ਸਥਾਨਕ ਸ਼ਬਦ ਨਾ ਲਿਆ ਗਿਆ, ਕਿਉਂਕਿ ਉਹ ਸ਼ੁਧ ਸੰਸਕ੍ਰਿਤ ਦੇ ਛਾਬੇ ਵਿਚ ਨਹੀਂ ਸੀ ਤੁਲਦਾ। ਜਦ Reserved forest ਲਈ ਸ਼ਬਦ ਲਭਣ ਲਗੇ ਤਾਂ ਦੱਸਿਆ ਗਿਆ ਕਿ ਸਦੀਆਂ ਤੋਂ ਸਾਡੇ ਵਿਚ ਲਫ਼ਜ਼ 'ਰੱਖ' ਪ੍ਰਚਲਤ ਹੈ, ਜੋ ਛੋਟਾ ਜਿਹਾ ਹੈ ਅਤੇ ਬਣਿਆ ਵੀ ਸੰਸਕ੍ਰਿਤ ਪਦ 'ਰਕਸ਼ਾ' ਤੋਂ ਹੈ। ਪਰ ਇਹ ਨਾ ਪ੍ਰਵਾਨ ਹੋਇਆ ਤੇ ਇਸ ਦੀ ਥਾਂ ਨਵੇਂ ਸਿਰਿਓਂ 'ਸੁਰੱਖ਼ਿਤ ਵਨ' ਘੜਿਆ ਗਿਆ! ਇਸੇ ਤਰ੍ਹਾਂ Fishery ਲਈ ਦੱਸਿਆ 'ਮਛੇਰੀ' ਰੱਦ ਕਰ ਕੇ 'ਮੀਨ-

ਕਸ਼ੇਤਰ' ਜਿਹਾ ਕਿਤਾਬੀ ਜੋੜਵਾਂ ਪਦ ਵਰਤਿਆ ਗਿਆ, ਜਿਵੇਂ ਕਿ ਮਛੇਰਿਆਂ ਦਾ ਕੰਮ ਅਜੇ ਅਜ ਪਾੜ੍ਹਿਆਂ ਨੇ ਸ਼ੁਰੂ ਕਰਨਾ ਹੈ, ਅਗੇ ਕਦੀ ਹੋਇਆ ਹੀ ਨਹੀਂ ! ਬਿਲ ਦੀ ਪਹਿਲੀ ਪੜ੍ਹਤ, ਦੂਸਰੀ ਪੜ੍ਹਤ, ਤੀਸਰੀ ਪੜ੍ਹਤ ਦੀ ਥਾਂ ਵੀ ਪ੍ਰਥਮ ਵਾਚਨ, ਦੁਤੀਅ ਵਾਚਨ ਅਤੇ ਤ੍ਰਿਤੀਅ ਵਾਚਨ ਜਿਹੇ ਔਖੇ ਲਫ਼ਜ਼ ਰਖੇ ਗਏ, ਕਿਉਂਕਿ ਓਹ ਪੁਰਾਣੇ ਸਨ।

ਇਸ ਦਾ ਭਾਵ ਇਹ ਹੈ ਕਿ ਹਿੰਦੀ ਲਿਖਾਰੀ ਤਤਭਵ ਸ਼ਬਦ ਛੱਡ ਕੇ ਤਤਸਮ ਸ਼ਬਦਾਂ ਉਤੇ ਹੀ ਗੁਜ਼ਾਰਾ ਕਰਨਾ ਚਾਹੁੰਦੇ ਹਨ। ਓਹ ਆਪਣੇ ਵੱਡਿਆਂ ਦੀ ਵਰ੍ਹਿਆਂ ਦੀ ਕੀਤੀ ਕਮਾਈ ਉਤੇ ਪਾਣੀ ਫੇਰ ਕੇ ਦੇਸ ਨੂੰ ਸੈਂਕੜੇ ਵਰ੍ਹੇ ਪਿਛਾਂਹ ਸੁਟਣਾ ਚਾਹੁੰਦੇ ਹਨ। ਕੋਈ ਸ਼ਬਦ ਜੋ ਕਿਸੇ ਵੇਲੇ ਗੀਤਾ, ਉਪਨਿਸ਼ਦ ਜਾਂ ਹੋਰ ਕਿਸੇ ਪੁਰਾਤਨ ਪੁਸਤਕ ਵਿਚ ਵਰਤਿਆ ਗਿਆ ਸੀ, ਉਹ ਅਜ ਵੀਹਵੀਂ ਸਦੀ ਦੇ ਅੱਧ-ਵਿਚਕਾਰ ਆ ਕੇ ਵੀ ਵਰਤਮਾਨ ਮੁਹਾਵਰੇ ਅਨੁਕੂਲ ਸਮਝਿਆ ਜਾਂਦਾ ਹੈ। ਇਸੇ ਲਈ ਬਾਹਰਲੇ ਲੋਕ ਸਾਨੂੰ ਮਿਹਣਾ ਮਾਰਦੇ ਹਨ ਕਿ ਸਾਡੇ ਵਿਚ ਇਤਿਹਾਸਕ ਸੂਝ ਨਹੀਂ !

ਅਸੀਂ ਭੁਲ ਜਾਂਦੇ ਹਾਂ ਕਿ ਸਾਡੇ ਦੇਸ ਵਿਚ ਕੇਵਲ ਪੁਰਾਤਨ ਸਭਿਆਚਾਰ ਵਾਲੇ ਹਿੰਦੂ ਹੀ ਨਹੀਂ ਵਸਦੇ, ਸਗੋਂ ਮੁਸਲਮਾਨ ਆਦਿ ਕਈ ਹੋਰ ਲੋਕ ਵੀ ਵਸਦੇ ਆਏ ਤੇ ਵਸ ਰਹੇ ਹਨ। ਓਹਨਾਂ ਦੀਆਂ ਬੋਲੀਆਂ, ਸਾਹਿਤਾਂ ਅਤੇ ਹੁਨਰਾਂ ਨੇ ਭਾਰਤ ਦੇ ਸਮੁੱਚੇ ਸਭਿਆਚਾਰ ਵਿਚ ਚੋਖਾ ਹਿੱਸਾ ਪਾ ਕੇ ਇਸ ਨੂੰ ਅਮੀਰ ਬਣਾਇਆ ਹੈ। ਇਸ ਵਾਧੇ ਨੂੰ ਅੱਖੋਂ ਉਹਲੇ ਕਰਨਾ ਹਾਨੀਕਾਰਕ ਹੀ ਨਹੀਂ, ਸਗੋਂ ਇਕ ਅਣਹੋਣੀ ਗੱਲ ਵੀ ਹੈ। ਭਾਰਤ ਦਾ ਭਾਸ਼ਾਈ ਸਭਿਆਚਾਰ ਸਾਰੇ ਲੰਮੇ-ਚੌੜੇ ਦੇਸ ਵਿਚ ਇੱਕੋ ਜਿਹਾ ਨਹੀਂ । ਪਸ਼ੌਰ ਤੋਂ ਚਲ ਕੇ ਕਲਕੱਤੇ ਤਕ ਜਾਓ ਫ਼ਾਰਸੀ ਦਾ ਆਵੇਸ਼ ੬੦ ਫ਼ੀ ਸਦੀ ਤੋਂ ਸ਼ੁਰੂ ਹੁੰਦਾ ਦਿੱਲੀ ਤਕ ੪੦ ਰਹਿ ਜਾਂਦਾ ਹੈ, ਦਿੱਲੀ ਤੋਂ ਅਗੇ ਘਟਦਾ ਘਟਦਾ ਬਿਹਾਰ ਤਕ ਜਾ

ਕੇ ੧੫ ਫ਼ੀ ਸਦੀ ਫ਼ਾਰਸੀ ਤੇ ੮੫ ਫ਼ੀ ਸਦੀ ਸੰਸਕ੍ਰਿਤ ਹੋ ਜਾਂਦੀ ਹੈ, ਅਗੋਂ ਬੰਗਾਲੀ ਵਿਚ ਇਹ ਅੰਸ਼ ੯੦ ਤੋਂ ਵੀ ਵਧ ਹੋ ਜਾਂਦਾ ਹੈ। (ਢਾਕੇ ਦੀ ਬੰਗਾਲੀ ਵਿਚ ਪਾਕਿਸਤਾਨੀ ਅਸਰ ਨਾਲ ਫ਼ਾਰਸੀ ਦੀ ਅੰਸ਼ ਵਧ ਗਈ ਹੈ।) ਸੰਸਕ੍ਰਿਤ ਦੀ ਅੰਸ਼ ਪੰਜਾਬੀ ਵਿਚ ੪੦-੫੦ ਤੋਂ ਉਤੇ ਨਹੀਂ ਸਮਾ ਸਕਦੀ। ਬਾਕੀ ਦੀ ਥਾਂ ਫ਼ਾਰਸੀ ਨੇ ਜ਼ਰੂਰ ਮੱਲਣੀ ਹੈ।

ਸੰਸਕ੍ਰਿਤ ਜਾਂ ਫ਼ਾਰਸੀ ਦੇ ਸ਼ਬਦ ਬਾਹਰੋਂ ਕੇਵਲ ਉਦੋਂ ਲੈਣੇ ਹਨ ਜਦੋਂ ਆਪਣੇ ਘਰੋਂ ਨਾ ਮਿਲਦੇ ਹੋਣ ਜਾਂ ਨਾ ਬਣ ਸਕਦੇ ਹੋਣ। ਜੇ ਪਾਣੀ, ਅੱਗ, ਪੈਰ, ਹੱਥ ਮੂੰਹ ਆਦਿ ਸ਼ਬਦ ਸਾਡੇ ਪਾਸ ਹਨ, ਤਾਂ ਫਿਰ ਜਲ, ਅਗਨੀ, ਪਗ, ਹਸਤ, ਮੁਖ ਆਦਿ ਦੇ ਉਧਾਰ ਲੈਣ ਦੀ ਕੀ ਲੋੜ ਹੈ ? ਹਾਂ, ਸਾਹਿੱਤਕ ਜਾਂ ਵਿਗਿਆਨਕ ਬੋਲੇ ਘੜਨ ਲਈ ਕਈ ਵਾਰੀ ਸੰਸਕ੍ਰਿਤ ਦਾ ਆਸਰਾ ਲੈਣਾ ਪੈਂਦਾ ਹੈ, ਜਿਵੇਂ ਭਾਵੁਕਤਾ, ਆਸ਼ਾਵਾਦ, ਪੁਸ਼ਪ-ਪਾਲਨ, ਰੰਗ-ਮੰਚ, ਰਸਿਕਤਾ, ਸ਼ਬਦ-ਬੋਧ, ਅਨੁਪ੍ਰਾਸੀ, ਵਿਸ਼ਲੇਸ਼ਣ, ਅਗਰ-ਗਾਮੀ, ਖੇਤਰ-ਫਲ, ਲਘੂ-ਗਣਕ।

(ੳ) ਸਧਾਰਨ ਲੋੜਾਂ ਲਈ ਆਪਣੇ ਘਰੋਗੀ ਲਫ਼ਜ਼ ਹੀ ਵਰਤੋ। ਜੇ ਸੰਸਕ੍ਰਿਤ ਤੋਂ ਲੈਣੇ ਵੀ ਹਨ, ਤਾਂ ਪੰਜਾਬੀ ਦੇ ਨੇਮਾਂ ਅਨੁਸਾਰ ਆਪਣੇ ਬਣਾ ਕੇ ਵਰਤੋ।

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਗ੍ਰਹ | ਘਰ |
| ਸੱਤਯ | ਸੱਚ |
| ਨੇਤ੍ਰ | ਅੱਖ |
| ਜਿਹਵਾ | ਜੀਭ |

| ਸੰਸਕ੍ਰਿਤ ਤੋਂ ਲਏ ਸ਼ਬਦ | ਪਰੰਰੋਗੀ ਵਰਤੋਂ |
|---|---|
| ਤੀਖਸ਼ਣ (ਤੀਖਣ) | ਤਿੱਖਾ |
| ਘ੍ਰਿਤ | ਘੀ, ਘਿਉ |
| ਦ੍ਵਾਰਾ | ਦੁਆਰਾ, ਰਾਹੀਂ |
| ਭ੍ਰਮਣ | ਭਣ |
| ਭ੍ਰਮਰ | ਭੌਰਾ |
| ਵਿਨਤੀ | ਬੇਨਤੀ |
| ਨਯਨ | ਨੈਣ, ਅੱਖ |
| ਗੋਸ੍ਵਾਮੀ | ਗੁਸਾਈਂ |
| ਸੀਤਲ | ਠੰਢਾ |
| ਪਵ੍ਨ | ਪੌਣ, ਹਵਾ |
| ਵਾਯੂ | ਹਵਾ |
| ਮਸਤਕ | ਮੱਥਾ |
| ਸ਼ਤ੍ਰੂ | ਵੈਰੀ, ਦੁਸ਼ਮਣ |
| ਹਰੱਸ਼ | ਖੁਸ਼ੀ |
| ਸ਼ੋਕ | ਸੋਗ, ਗ਼ਮੀ |
| ਸ਼ਾਕ | ਸਾਗ |
| ਦਰਪਣ | ਸ਼ੀਸ਼ਾ |
| ਆਸ਼ਾ | ਆਸ, ਉਮੇਦ |
| ਦਾਸੀ | ਨੌਕਰਾਣੀ |
| ਆਧਾਰ | ਆਸਰਾ |
| ਰਿਣ | ਕਰਜ਼ਾ |
| ਪ੍ਰਥਮ ਸੱਤਾਂ ਸਾਲਾਂ (ਨਰਿੰ-ਦਰ ਪਾਲ ਸਿੰਘ) | ਪਹਿਲੇ ਸੱਤਾਂ ਸਾਲਾਂ |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਸਨੇਹ | ਪਿਆਰ |
| ਔਸ਼ਧੀ, ਔਖਦ | ਦਵਾਈ |
| ਤ੍ਰਿਪਤੀ | ਰੱਜ ਰਜੇਵਾਂ, ਨਿਸ਼ਾ |
| ਯਦੀ, ਯਦਿਅਪ | ਜੇ, ਜੇਕਰ |
| ਹਸਤਾਕਸ਼ਰ, ਹਸਤਾਖਰ | ਸਹੀ, ਦਸਤਖ਼ਤ |
| ਸਾਖਸ਼ੀ, ਸਾਖੀ | ਗਵਾਹ |
| ਨਜ਼ਾਫ਼ | ਨਿਆਂ |
| ਅੰਤਰ | ਫ਼ਰਕ, ਭੇਦ |
| ਉਪ੍ਰੋਕਤ | ਉਤਲਾ |
| ਸੰਖਿਆ | ਗਿਣਤੀ |
| ਅਧਿਕ | ਬਹੁਤ, ਵਧੇਰੇ |
| ਸ਼ਰੀਰ | ਸਰੀਰ, ਪਿੰਡਾ, ਜੁੱਸਾ |
| ਅਥਵਾ | ਅਤੇ |
| ਤਥਾ | ਜਾਂ (ਕੋਹਲੀ ਲਿਖਦਾ ਹੈ "ਬ੍ਰਹਿਮਣ ਤਥਾ ਉੱਚੇ ਵਰਣ ਪਾਤ੍ਰ"। ਚਾਹੀਦਾ ਇਹ ਸੀ "ਬ੍ਰਾਹਮਣ ਜਾਂ ਉੱਚ-ਜਾਤੀਏ ਪਾਤਰ") |
| ਤਿਥਿ | ਥਿਤ |
| ਵਰਣ | ਰੰਗ |
| ਸੁਵਰਣ | ਸੋਨਾ |
| ਉਦਰ | ਪੇਟ |
| ਨਿਮਨ-ਲਿਖਤ | ਹੇਠਲਾ |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਅਧਿਕ ਸੰਖਿਆ | ਬਹੁਤੀ ਗਿਣਤੀ |
| ਪੁੰਡਰੀਕ | ਕੰਵਲ ਜਾਂ ਕਉਲ [ਸ: ਕਪੂਰ ਸਿੰਘ 'ਪੁੰਦਰੀਕ' ਵਰਤਦਾ ਹੈ] |
| ਸਾਹਸ | ਹੀਆ, ਹੌਸਲਾ, ਦਲੇਰੀ |
| ਪੁਸ਼ਪ | ਫੁੱਲ |
| ਪਰਿਣਾਮ | ਸਿੱਟਾ, ਨਤੀਜਾ |
| ਦਾਮਿਨੀ | ਬਿਜਲੀ |
| ਦੀਪਕ | ਦੀਵਾ |
| ਪ੍ਰੀਸ੍ਰਮ | ਉੱਦਮ, ਮਿਹਨਤ |
| ਸ਼ਵੇਤ | ਸਪੇਦ, ਸਫ਼ੇਦ, ਚਿੱਟਾ |
| ਵਸਤ੍ਰ | ਕਪੜੇ |
| ਖੁਧਿਆ | ਭੁੱਖ |
| ਵੈਸੰਤਰ | ਬਸੰਤਰ, ਅੱਗ |
| ਆਕਾਸ਼ | ਅਕਾਸ਼, ਅਸਮਾਨ |
| ਵਰਸ਼ਾ | ਬਰਖਾ, ਮੀਂਹ |
| ਤ੍ਰਾਸ | ਤ੍ਰਾਹ, ਡਰ |
| ਵਰਸ਼ | ਵਰ੍ਹਾ |
| ਨਿਮੰਤ੍ਰਣ | ਨੈਉਂਦਾ, ਸੱਦਾ |
| ਨਿਰਣਯ | ਨਿਰਣਾ |
| ਵਿਸ਼ਯ | ਵਿਸ਼ਾ,ਮਜ਼ਮੂਨ [ਸੇਖੋਂ ਤੇ ਹਰਚਰਨ ਸਿੰਘ ਵਿਸ਼ੇ ਲਿਖਦੇ ਹਨ] |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਸਮਯ | ਸਮਾਂ, ਵੇਲਾ |
| ਮ੍ਰਿਤੂ | ਮੌਤ |
| ਨ੍ਰਿਤ੍ਯ | ਨਾਚ |
| ਸਰਪ | ਸੱਪ |
| ਪਰਿਚਯ | ਵਾਕਫ਼ੀ, ਜਾਣ ਪਛਾਣ |
| ਅਰਧ | ਅੱਧ |
| ਭਿਕ੍ਸ਼ਾ | ਭਿਖਿਆ, ਭਿਛਿਆ, ਭਿੱਖ |
| ਅਭਿਲਾਸ਼ਾ | ਅਭਿਲਾਖਾ |
| ਸੂਖਸ਼ਮ | ਸੂਖਮ, ਬਰੀਕ, ਪਤਲਾ |
| ਵਿਸ਼ਮ, ਵਿਖਮ | ਔਖਾ |
| ਭੂਸ਼ਣ | ਭੂਖਣ, ਗਹਿਣਾ |
| ਪਕਸ਼ੀ | ਪੰਖੀ, ਪੰਛੀ, ਪੱਖੀ |
| ਦ੍ਰਿਸ਼ਟਿ, ਦ੍ਰਿਸ਼ਟੀ | ਨਜ਼ਰ |
| ਦ੍ਰਿਸ਼ਟਮਾਨ | ਦਿਸਦਾ |
| ਵਸਤੂ | ਸ਼ੈ, ਚੀਜ਼ |
| ਪ੍ਰਕ੍ਰਿਤੀ | ਕੁਦਰਤ, ਪਰਕਿਰਤੀ |
| ਪਸਚਮ | ਪੱਛਮ |
| ਆਹਾਰ | ਅਹਾਰ, ਭੋਜਨ, ਖਾਣਾ |
| ਅਤਿਥੀ | ਪ੍ਰਾਹੁਣਾ |
| ਯਾਤ੍ਰਾ | ਜਾਤਰਾ, ਸਫ਼ਰ |
| ਯਾਤਰੂ | ਮੁਸਾਫ਼ਰ, ਰਾਹੀ |
| ਨੀਰ | ਪਾਣੀ |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਮੌਨ | ਮੱਛੀ |
| ਲਸ਼ਟਕਾ | ਲਾਠੀ, ਲਕੜੀ, ਸੋਟੀ |
| ਪ੍ਰਯੋਗ | ਵਰਤੋਂ |
| ਚਿੰਤਨ | ਸੋਚਣ, ਵਿਚਾਰ, ਖ਼ਿਆਲ |
| ਅੰਤਿਮ | ਅੰਤਲਾ, ਅਖ਼ੀਰਲਾ |
| ਰਸਨਾ | ਜੀਭ |
| ਪ੍ਰੀਕਸ਼ਾ | ਪ੍ਰੀਖਿਆ, ਇਮਤਿਹਾਨ, ਪਰਤਾਵਾ, ਪਰਖ (ਕਰਤਾਰ ਸਿੰਘ 'ਪ੍ਰੀਖਸ਼ਾਲੀ' ਲਿਖਦਾ ਹੈ 'ਪ੍ਰੀਖਿਆਰਥੀ' ਚਾਹੀਏ) |
| ਵਿਸਤਾਰ | ਵਿਸਥਾਰ, ਖਿਲਾਰਾ |
| ਸਭਯਤਾ | ਸੱਭਿਅਤਾ |
| ਸਭਯ | ਸੱਭਿਅ |
| ਦੇਸ਼ | ਦੇਸ |
| ਆਵਸ਼ਯਕ | ਜ਼ਰੂਰੀ |
| ਪ੍ਰਤੀ | ਪਰਤੀ (ਸੌ ਪਰਤੀ ਦਸ) |
| ਪ੍ਰਤੀ | ਨੂੰ (ਉਸ ਪ੍ਰਤੀ = ਉਸ ਨੂੰ) |
| ਯਦੀ | ਜੇਕਰ |
| ਰਕਤ | ਰੱਤ |
| ਰਖਸ਼ਾ | ਰੱਖਿਆ |
| ਉੱਤਮ | ਚੰਗਾ |
| ਗ੍ਰਾਸ | ਗ੍ਰਾਹੀ, ਬੁਰਕੀ |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਵਿਸ਼ਵਾਸ਼ | ਵਿਸ਼ਵਾਸ, ਵਿਸਾਹ, ਭਰੋਸਾ |
| ਸੰਦੇਸ਼ | ਸੰਦੇਸਾ, ਸੁਨੇਹਾ |
| ਦਸ਼ਾ | ਹਾਲਤ |
| ਦਸ਼ਾ | ਦਿਸ਼ਾ, ਤਰਫ਼ |
| ਆਕਰਸ਼ਣ | ਆਕਰਖਣ |
| ਨਿਦ੍ਰਾ | ਨੀਂਦ, ਨੀਂਦਰ |
| ਕਰਮ | ਕੰਮ |
| ਸਤੱਨ | ਥਣ |
| ਮੇਘ | ਬੱਦਲ, ਮੀਂਹ |
| ਨਜਾਯ | ਨਿਆਂ, ਮੰਤਕ |
| ਗ੍ਰਾਹਕ | ਗਾਹਕ |
| ਬ੍ਰਿਧ | ਬਿਰਧ, ਬੁੱਢਾ |
| ਸ੍ਵਭਾਵ, ਸ੍ਵਭਾਵਿਕ | ਸੁਭਾਉ, ਸੁਭਾਵਕ |
| ਲਵਣ | ਲੂਣ |
| ਭੋਮ | ਭੂਮ |
| ਯੋਨਿ | ਜੂਨ, ਜੂਨੀ |
| ਕੇਸ਼ | ਕੇਸ, ਵਾਲ |
| ਦੇਸ਼ | ਦੇਸ |
| ਅਵਗੁਨ | ਔਗਣ |
| ਸਥਾਨ | ਥਾਂ |
| ਨਾਮ | ਨਾਂ [ਮੁਰੰਮਤ ਕਰਾ ਦੇਣ ਦਾ ਨਾਮ ਨਹੀਂ ਸੀ ਲੈਂਦਾ—ਸੇਖੋਂ] |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਵਿਸ਼ | ਵਿੱਸ |
| ਸੋਭਾਗਜ | ਸੁਭਾਗ |
| ਕਾਸ਼ਟ | ਕਾਠ |
| ਕੂਪ | ਖੂਹ |
| ਕਸ਼ੇਤਰ | ਖੇਤਰ, ਖੇਤ |
| ਸ਼ਾਖਾ | ਸ਼ਾਖ, ਡਾਲੀ, ਟਹਿਣੀ |
| ਗ੍ਰੰਥਿ | ਗੰਢ |
| ਪੰਕਤਿ | ਪੰਗਤ, ਪੰਗਤੀ, ਪਾਲ |
| ਸਿਖਸ਼ਾ | ਸਿਖਿਆ |
| ਮੋਕਸ਼ | ਮੋਖ, ਮੁਕਤੀ |
| ਪ੍ਰਤਕਸ਼ | ਪਰਤੱਖ |
| ਕਸ਼ਤ੍ਰੀਜ | ਖੱਤਰੀ, ਛੱਤਰੀ |
| ਰਾਕਸ਼ | ਰਾਖਸ਼ |
| ਲਕਸ਼ਮੀ | ਲੱਛਮੀ, ਲੱਖਮੀ |
| ਦਕਸ਼ਣਾ | ਦੱਖਣਾ, ਦੱਛਣਾ |
| ਯਗਜ | ਯੱਗ, ਜੱਗ |
| ਯੁਕਤਿ | ਜੁਗਤੀ, ਜੁਗਤ |
| ਵਜਾਖਜਾਨ | ਵਖਿਆਨ |
| ਸ਼ਕੁਨ | ਸ਼ਗਨ |
| ਸਥੰਬ | ਥੰਮ੍ਹ |
| ਦਿਵਸ | ਦਿਹੁੰ, ਦਿਨ |
| ਨਿਕਟ, ਸਮੀਪ | ਨੇੜੇ |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਨਿਕਟਤਾ, ਸਮੀਪਤਾ | ਨੇੜ |
| ਕੁਸ਼ਟ | ਕੋੜ੍ਹ |
| ਪੀੜਾ | ਪੀੜ, ਦਰਦ |
| ਮਨੁਸ਼੍ਯ | ਮਨੁੱਖ |
| ਜ੍ਵਾਲਾ | ਜੁਆਲਾ, ਅੱਗ |
| ਭ੍ਵਾਨੀ | ਭੁਆਨੀ |
| ਵਾਣੀ | ਬਾਣੀ |
| ਵੀਰਜ | ਵੀਰਜ |
| ਭੂਮਿ, ਭੂਮੀ | ਭੋਂ [ਭੂਮੀ ਜੁੜਵੇਂ ਸ਼ਬਦਾਂ ਵਿਚ ਵਰਤੀਂਦਾ ਹੈ, ਜਿਵੇਂ ਜਨਮ-ਭੂਮੀ, ਭੂਮੀਦਾਨ] |
| ਸ੍ਵਾਸ | ਸੁਆਸ, ਸਾਹ |
| ਮੁਸ਼ਟੀ | ਮੁੱਠੀ |
| ਨਿਯਮ | ਨੇਮ |
| ਨਿਯਤ | ਨੀਅਤ |
| ਤਾਮਬੂਲ, ਤੰਬੋਲ | ਤਮੋਲ |
| ਇਕਾਦਸ਼, ਦੁਆਦਸ਼ | ਯਾਰ੍ਹਾਂ, ਬਾਰਾਂ |
| ਸਾਮਿਗ੍ਰੀ (ਦਰਦੀ) | ਸਮਿਗਰੀ |
| ਆਚਾਰਯ | ਅਚਾਰਜ |
| ਪਸਚਾਤ | ਪਿੱਛੋਂ, ਪਿੱਛੇ |
| ਸਕਲ, ਸਗ੍ਲਾ | ਸਾਰਾ |
| ਕਸ਼ਮਾ | ਖਿਮਾ |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਕਸ਼ੀਰ | ਖੀਰ |
| ਧ੍ਵਨੀ | ਧੁਨ, ਅਵਾਜ਼ |
| ਤ੍ਰਿਣ | ਤਿੜ੍ਹ, ਤੀਲਾ |
| ਧਵਲ | ਧੌਲਾ |
| ਚਮਰ (ਚੰਵਰ) | ਚੌਰ [ਦੁੱਗਲ ਚਵਰ ਲਿਖਦਾ ਹੈ] |
| ਕਰਮ | ਕੰਮ [ਹਾਂ ਅਮਲ ਦੀ ਥਾਂ ਠੀਕ ਹੈ] |
| ਸ਼ਾਸਨ | ਰਾਜ, ਹਕੂਮਤ (ਰਾਜਾ ਧਰਮਪਾਲ ਖਾੜੀ ਬੰਗਾਲ ਤੋਂ ਲੈ ਕੇ ਦਿੱਲੀ ਤੇ ਜਲੰਧਰ ਤੀਕ ਸ਼ਾਸਨ ਕਰ ਰਿਹਾ ਸੀ–ਡਾ. ਮੋਹਨ ਸਿੰਘ) |
| ਪ੍ਰਕਟ | ਪਰਗਟ |
| ਪਸਚਾਤਾਪ | ਪਛਤਾਵਾ |
| ਵਿਨਾਸ | ਨਾਸ |
| ਤ੍ਰਾਸ | ਤ੍ਰਾਹ, ਡਰ |
| ਲਯ | ਲੈ |
| ਅਕਸ਼ਰ | ਅੱਖਰ |
| ਸਰਵ, ਸਰਬ | ਸਭੇ, ਸਾਰੇ |
| ਕਾਰਯ | ਕਾਰਜ, ਕਾਜ, ਕੰਮ |
| ਸ੍ਵਾਮੀ | ਸੁਆਮੀ, ਸਾਈਂ |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਸ੍ਵੱਛ | ਸੁਅੱਛ, ਸਾਫ਼, ਸੁਥਰਾ |
| ਸ੍ਵਰਗ | ਸਵਰਗ, ਸੁਰਗ |
| ਸਪਤ | ਸੱਤ |
| ਭ੍ਰਾਤ, ਭ੍ਰਾਤਾ | ਭਰਾ, ਭਾਈ |
| ਵ੍ਯੰਜਨ | ਵਿਅੰਜਨ |
| ਭਕਤ, ਭਕਤੀ | ਭਗਤ, ਭਗਤੀ |
| ਨਿਰਭਯ | ਨਿਰਭੈ; ਨਿਡਰ [ਚਾਤ੍ਰਿਕ 'ਨਿਰਭਉ' ਵਰਤਦਾ ਹੈ] |
| ਸਾਹਿੱਤ੍ਯ | ਸਾਹਿੱਤ |
| ਸ੍ਵਰਾਜ੍ਯ | ਸਵਰਾਜ |
| ਭ੍ਰਸ਼ਟ | ਭ੍ਰਿਸ਼ਟ (ਸੇਖੋਂ ਭ੍ਰਸ਼ਟ ਵਰਤਦਾ ਹੈ] |
| ਅਧ੍ਯਾਯ | ਅਧਿਆ, ਅਧਿਆਇ |
| ਹਾਸ੍ਯ (ਦਰਦੀ) | ਹਾਸਾ, ਹਾਸ-ਰਸ |
| ਮਦਰਾਲ੍ਯ | ਮਦਰਾਲਾ |
| ਪੁੰਨ੍ਯ | ਪੁੰਨ |
| ਸੰਯੋਗ | ਸੰਜੋਗ |
| ਪ੍ਰਦੇਸ਼ | ਪਰਦੇਸ (ਪਰਾਇਆ ਜਾਂ ਬਿਗਾਨਾ ਦੇਸ। ਇਲਾਕੇ ਜਾਂ ਪ੍ਰਾਂਤ ਲਈ 'ਪ੍ਰਦੇਸ' ਵਰਤਣਾ ਗ਼ਲਤ ਹੈ) |

'ਪ੍ਰ' ਪੰਜਾਬੀ ਵਿਚ ਸਦੀਆਂ ਤੋਂ 'ਪਰ' ਦਾ ਰੂਪ ਧਾਰ ਚੁਕਾ ਹੈ। ਬੋਲਣ ਵਿਚ ਵੀ ਪਰ ਹੀ ਆਉਂਦਾ ਹੈ)

| ਸੰਸਕ੍ਰਿਤ ਤੋਂ ਲਏ ਸ਼ਬਦ | ਘਟੌਗੀ ਵਰਤੋਂ |
|---|---|
| ਪ੍ਰਦਾਨ | ਦਾਨ ('ਪ੍ਰਦਾਨ ਕਰਨਾ' ਦੀ ਥਾਂ 'ਦੇਣਾ' ਠੀਕ ਹੈ) |
| ਪ੍ਰਧਾਨ | ਪਰਧਾਨ |
| ਵਜ੍ਰ | ਬੱਜਰ |
| ਕ੍ਰਿਪਾ | ਕਿਰਪਾ |
| ਕ੍ਰਿਪਾਲ | ਕਿਰਪਾਲ |
| ਪ੍ਰਵਾਨ | |
| ਪ੍ਰਚਾਰ | |
| ਪ੍ਰਜਾ | ਪਰਜਾ |
| ਵਿਦੇਸ਼ੀ | ਬਦੇਸੀ |
| ਬ੍ਰਿਕਸ਼ | ਬਿਰਛ, ਰੁੱਖ, ਦਰੱਖ਼ਤ |
| ਪ੍ਰਕਟ | ਪਰਗਟ |
| ਸੰਤੋਸ਼ | ਸੰਤੋਖ (ਜੁੜਵੇਂ ਸ਼ਬਦਾਂ ਵਿਚ ਸੰਤੋਸ਼-ਜਨਕ) |
| ਕ੍ਰਿਸ਼ਾਨ | ਕਿਰਸਾਨ, ਕਿਸਾਨ |
| ਕ੍ਰਿਸ਼ੀ | ਖੇਤੀ |
| ਪਸ਼ੂ | ਪਸੂ(ਹਾਂ ਜੁੜਵੇਂ ਸ਼ਬਦਾਂ ਵਿਚ ਠੀਕ ਹੈ। ਪਸ਼ੂ-ਬਿਰਤੀ, ਪਸ਼ੂ-ਪਾਲਨ) |
| ਸ਼ੂਰਵੀਰ | ਸੂਰਬੀਰ |
| ਸੌਂਦਰਯ | ਸੁਹਜ (ਕਈ ਸੌਂਦਰਜ ਲਿਖਦੇ ਹਨ । ਇਹ ਵੀ ਠੀਕ ਨਹੀਂ) |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਅਵਿਦਯ | ਅਵਿੱਦ, ਅਣਪੜ੍ਹ, ਨਿਰੱਖਰ |
| ਗੌ-ਰਕਸ਼ਾ, ਗੌ-ਰਖਸ਼ਾ | ਗਊ-ਰੱਖਿਆ |
| ਮਾਂਸ | ਮਾਸ |
| ਗ੍ਰੀਸ਼ਮ | ਗ੍ਰੀਖਮ |
| ਦ੍ਵੈਂਦਤਾ, ਦ੍ਵੰਦਤਾ (ਡਾ: ਮੋਹਨ ਸਿੰਘ) | ਦੂਈ, ਦਵੈਤ |
| ਗੁਰਤ੍ਵ | ਗੁਰਤਾ |
| ਭ੍ਰਾਤ੍ਰੀ ਭਾਵ | ਭਰਾਵਲੀ, ਭਰੱਪਣ |
| ਤ੍ਰਿਕੁਟੀ | ਤਿਕੜੀ |
| ਹੰਸ-ਮੁਖ | ਹਸ-ਮੁਖ |
| ਤਤ੍ਵ | ਤੱਤ |
| ਗ੍ਰਾਮ | ਗਿਰਾਂ, ਪਿੰਡ |
| ਗ੍ਰਾਮੀਣ | ਗਿਰਾਈਂ, ਪੇਂਡੂ |
| ਸੁਪਨਾ | ਸੁਫਨਾ |
| ਨਕਸ਼ੱਤ੍ਰ | ਨਛੱਤਰ |
| ਵਿਵਾਹ | ਵਿਆਹ |
| ਭ੍ਰਮ | ਭਰਮ |
| ਦ੍ਵਾਰਾ | ਦੁਆਰਾ, ਰਾਹੀਂ |
| ਮੌਲਿਕ (ਮੂਲ ਤੋਂ) | ਨਵਾਂ |
| ਮੌਲਿਕ | ਮੂਲਿਕ, ਧਾਤੂ ਦੀ |
| ਬੁਧਿ | ਬੁਧੀ, ਅਕਲ |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਮ੍ਰਿਗ | ਮਿਰਗ (ਜੁੜਵੇਂ ਸ਼ਬਦਾਂ ਵਿਚ ਮ੍ਰਿਗ-ਛਾਲਾ, ਮ੍ਰਿਗ-ਨੈਣੀ) |
| ਪ੍ਰਚਲਿਤ | ਪਰਚਲਤ |
| ਯੋਗ (ਸਾਧਨਾ) | ਜੋਗ |
| ਯੋਗ (ਲਈ) | ਯੋਗ, ਜੋਗਾ |
| ਯੋਗੀ | ਯੋਗੀ, ਜੋਗ ਕਮਾਉਣ ਵਾਲਾ |
| ਯੋਗੀ | ਜੋਗੀ (ਜਟਾਧਾਰੀ ਸਾਧੂ) |
| ਉਤਪਤਿ, ਦ੍ਰਿਸ਼ਟਿ, ਰੀਤਿ, ਪ੍ਰੀਤਿ | ਉਤਪਤੀ, ਪੈਦਾਇਸ਼, ਦ੍ਰਿਸ਼ਟੀ, ਨਜ਼ਰ, ਰੀਤੀ, ਰੀਤ, ਪ੍ਰੀਤੀ, ਪ੍ਰੀਤ |
| ਆਧੁਨਿਕ | ਇਸੇ ਸ਼ਬਦ ਤੋਂ 'ਹੁਣ' ਬਣਿਆ ਹੈ। ਇਸ ਲਈ ਇਸ ਦੀ ਥਾਂ 'ਹੁਣ ਦਾ', 'ਅਜੋਕਾ' ਜਾਂ 'ਵਰਤਮਾਨ' ਵਰਤੋ। |
| ਸਾਹਿੱਤਜ | ਸਾਹਿੱਤ |
| ਸ੍ਵਰਾਜ | ਸਵਰਾਜ |
| ਪਰਿਵਾਰ | ਪਰਵਾਰ |
| ਐਤਿਹਾਸਕ | ਇਤਿਹਾਸਕ |
| ਪੌਰਾਣਿਕ | ਪੁਰਾਣਕ |
| ਵੈਦਿਕ (ਵੇਦ ਦਾ) | ਵੇਦਕ, ਕਿਧਰੇ 'ਵੇਦਿਕ' ਵੀ ਲਿਖ ਜਾਂਦੇ ਹਨ। |

| ਸੰਸਕ੍ਰਿਤ ਤੋਂ ਲਏ ਸ਼ਬਦ | ਘਰੋਗੀ ਵਰਤੋਂ |
|---|---|
| ਵੈਦਿਕ (ਵੇਦ ਦਾ) | ਵੈਦਕ |
| ਦੈਨਿਕ | ਰੋਜ਼ਾਨਾ (Daily), ਦਿਨਵੀ (Diurnal), ਦਿਨ ਦੀ |
| ਮੌਨ | ਮੋਨ |
| ਲੌਕਿਕ | ਲੋਕਿਕ |
| ਬੌਧ | ਬੋਧੀ |
| ਬੌਧਿਕ | ਬੋਧਿਕ |
| ਅਧਿਕ ਸੰਖਿਆ [ਰਾਮ ਸਿੰਘ] | ਬਹੁ-ਗਿਣਤੀ |
| ਸਾਹਿਤਿਯਕ | ਸਾਹਿੱਤਕ |

ਇਹ ਝਮੇਲੇ ਤਦੇ ਪੈਂਦੇ ਹਨ ਕਿ ਕਈ ਲਿਖਾਰੀ ਅਜੇ ਤਕ ਨਿਰਣਾ ਨਹੀਂ ਕਰ ਸਕੇ ਕਿ ਹਿੰਦੀ, ਬ੍ਰਿਜ-ਭਾਸ਼ਾ ਜਾਂ ਹਿੰਦਵੀ ਲਿਖਤਾਂ ਪੰਜਾਬੀ ਰਚਨਾਵਾਂ ਪਾਸੋਂ ਅਡਰੀਆਂ ਹਨ। ਓਹਨਾਂ ਭਾਣੇ ਜੋ ਕੁਝ ਵੀ ਗੁਰਮੁਖੀ ਅਖਰਾਂ ਵਿਚ ਲਿਖਿਆ ਮਿਲਦਾ ਹੈ, ਉਹ ਪੰਜਾਬੀ ਹੈ। ਇਸੇ ਭਰਮ ਦਾ ਸ਼ਿਕਾਰ ਹੋ ਕੇ ਕਈ ਸਾਹਿੱਤਕ ਇਤਿਹਾਸਕਾਰ (ਡਾ: ਮੋਹਣ ਸਿੰਘ, ਪ੍ਰੋ: ਸੁਰਿੰਦਰ ਸਿੰਘ ਕੋਹਲੀ, ਆਦਿ) ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਵੀ ਪੰਜਾਬੀ ਲਿਖਾਰੀਆਂ ਵਿਚ ਗਿਣਦੇ ਹਨ, ਭਾਵੇਂ ਓਹਨਾਂ ਨੇ ਕੋਈ ਸ਼ਬਦ ਪੰਜਾਬੀ ਵਿਚ ਨਹੀਂ ਉਚਾਰਿਆ। ਓਹਨਾਂ ਦੀ ਸਾਰੀ ਬਾਣੀ ਪੂਰਬੀ ਹਿੰਦੀ ਵਿਚ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਵੱਈਆਂ, ਚਰਿਤ੍ਰਾਂ ਆਦਿ ਨੂੰ ਵੀ ਪੰਜਾਬੀ ਵਿਚ ਲਿਖੇ ਮੰਨਦੇ ਹਨ। ਕਈਆਂ ਨੇ ਤਾਂ ਕਬੀਰ ਸਾਹਿਬ ਅਤੇ ਸੂਰਜ ਪ੍ਰਕਾਸ਼ ਦੇ ਕਰਤਾ ਸੰਤੋਖ ਸਿੰਘ ਜੀ ਨੂੰ ਵੀ ਪੰਜਾਬੀ ਲਿਖਾਰੀਆਂ ਵਿਚ ਮਿੱਥ ਲਿਆ ਹੈ।

## (ਅ) ਵਾਧੂ ਪੰਡਤਾਈ

ਪੰਜਾਬੀ ਹੱਦੋਂ ਵੱਧ ਪੰਡਤਾਈ ਨਹੀਂ ਸਹਾਰ ਸਕਦੀ। ਸੰਸਕ੍ਰਿਤ ਦੇ ਵਿਆਕਰਣੀ ਨੇਮਾਂ ਅਨੁਸਾਰ ਕਈ ਸ਼ਬਦਾਂ ਨਾਲ ਸਿਹਾਰੀ, ਔਂਕੜ, ਕਨੌੜਾ ਆਦਿ ਲੱਗਾਂ ਚਾਹੀਦੀਆਂ ਹੁੰਦੀਆਂ ਹਨ, ਪਰ ਪੰਜਾਬੀ ਵਿਚ ਕਈ ਵਾਰੀ ਏਹ ਨਹੀਂ ਲਾਈਦੀਆਂ, ਜਿਵੇਂ—

ਧਾਰਮਿਕ ਨੂੰ ਧਾਰਮਕ ਲਿਖਣਾ ਠੀਕ ਹੈ।
ਸਮਾਜਿਕ ਨੂੰ ਸਮਾਜਕ ਲਿਖਣਾ ਠੀਕ ਹੈ।

ਇਸੇ ਤਰ੍ਹਾਂ ਅਕਰਮਕ, ਸਕਰਮਕ, ਸੁਭਾਵਕ, ਪੂਰਬਕ, ਵਪਾਰਕ, ਸੰਸਾਰਕ, ਰਾਜਨੀਤਕ, ਆਰੰਭਕ, ਇਤਿਹਾਸਕ, ਸਾਹਿੱਤਕ, ਆਰਥਕ, ਆਦਿ ਠੀਕ ਹਨ।

ਪਰ ਇਹ ਰੂਲ ਹਰ ਥਾਈਂ ਨਹੀਂ ਵਰਤ ਸਕਦੇ। ਆਮ ਤੌਰ ਤੇ ਵਿਸ਼ੇਸ਼ਣਾਂ ਨਾਲ ਸਿਹਾਰੀ ਆਉਂਦੀ ਹੈ, ਜਿਵੇਂ—ਲੌਕਿਕ, ਸ਼ਬਦਾਂਤਿਕ, ਹਾਰਦਿਕ, ਸੰਕੇਤਿਕ, ਪ੍ਰਾਂਤਿਕ, ਭੂਗੋਲਿਕ, ਬੋਧਿਕ, ਮੂਲਿਕ, ਸੈਨਿਕ (ਫ਼ੌਜੀ), ਰਾਜਸਿਕ, ਮਾਨਸਿਕ, ਯੋਗਿਕ, ਦੁਖਾਂਤਿਕ, ਸੁਖਾਂਤਿਕ। ਸੰਸਕ੍ਰਿਤੀ ਕਾਰਦੰਤਕਾਂ ਨਾਲ਼ ਵੀ ਸਿਹਾਰੀ ਚਾਹੀਏ, ਜਿਵੇਂ—

ਇਕੱਤ੍ਰਿਤ, ਪ੍ਰੇਰਿਤ, ਵਿਵਰਜਿਤ, ਵਿਸਤ੍ਰਿਤ।

ਕਰਤਰੀ ਨਾਵਾਂ ਨਾਲ ਸਿਹਾਰੀ ਨਹੀਂ ਆਉਂਦੀ, ਭਾਵੇਂ ਕਈ ਲਿਖਾਰੀ ਗ਼ਲਤੀ ਨਾਲ ਓਹਨਾਂ ਨੂੰ ਵਿਸ਼ੇਸ਼ਣੀ ਰੂਪ ਵਾਲੇ ਸਮਝ ਕੇ ਸਿਹਾਰੀ ਲਾ ਦਿੰਦੇ ਹਨ, ਜਿਵੇਂ—

ਸੰਚਾਲਕ ਨੂੰ ਸੰਚਾਲਿਕ, ਸੰਪਾਦਕ ਨੂੰ ਸੰਪਾਦਿਕ (ਕੋਹਲੀ), ਪਾਲਕ ਨੂੰ ਪਾਲਿਕ, ਪ੍ਰਕਾਸ਼ਕ ਨੂੰ ਪ੍ਰਕਾਸ਼ਿਕ, ਸੈਨਕ (ਫ਼ੌਜੀ ਆਦਮੀ) ਨੂੰ ਸੈਨਿਕ ਲਿਖ ਦਿੰਦੇ ਹਨ।

ਕਈ ਵਾਰੀ ਵਾਧੂ ਪੰਡਤਾਈ ਦੇ ਸ਼ੁਕੀਨ ਆਪ ਹੋਰਨਾਂ ਦੀ

ਪੰਡਤਾਈ ਦਾ ਸ਼ਿਕਾਰ ਹੋ ਜਾਂਦੇ ਹਨ।

ਡਾ: ਮੋਹਨ ਸਿੰਘ ਜੀ, ਸ: ਪਰਮਿੰਦਰ ਸਿੰਘ ਜੀ ਤੇ ਓਹਨਾਂ ਦੇ ਸਾਥੀ ਦੀਆਂ ਗ਼ਲਤੀਆਂ ਕਢਦਿਆਂ ਓਹਨਾਂ ਦੇ ਵਰਤੇ ਲਫ਼ਜ਼ 'ਨਿਮਰਤਾ' ਤੇ 'ਸੁਹਿਰਦਤਾ' ਨੂੰ ਗ਼ਲਤ ਦੱਸ ਕੇ ਓਹਨਾਂ ਦੀ ਥਾਂ 'ਨਮਰਤਾ' ਤੇ 'ਸਹਿਰਦਤਾ' ਸਹੀ ਦੱਸਦੇ ਹਨ! ਵਿਚਾਰਿਆਂ ਨੇ ਸ਼ਾਇਦ ਏਹੋ ਸ਼ਬਦ ਸਹੀ ਰੂਪ ਵਿੱਚ ਵਰਤੇ ਸਨ। ਓਹੀ ਡਾਕਟਰ ਹੋਰਾਂ ਨੇ ਆਪਣੀ ਪੰਡਤਾਈ ਦਸਦਿਆਂ ਗ਼ਲਤ ਕਰ ਦਿੱਤੇ!

ਵਿਆਕਰਣਕ ਸ਼ਬਦ 'ਸ੍ਵਰ' ਨੂੰ ਪੰਜਾਬੀ ਵਿਚ 'ਸੁਅਰ' ਲਿਖਾਂਗੇ। ਸੰਗੀਤ ਵਿਚ ਅਵਾਜ਼ ਲਈ ਉਸੇ ਧਾਤੂ (ਸ੍ਵਰ) ਤੋਂ ਬਣਿਆ ਲਫ਼ਜ਼ 'ਸੁਰ' ਵਰਤਾਂਗੇ। ਦੋਹਾਂ ਦੀ ਥਾਂ 'ਸ੍ਵਰ' ਵਰਤਣਾ ਵਾਧੂ ਪੰਡਤਾਈ ਹੈ।

ਹਿੰਦੀ-ਪੂਜਾਂ ਨੇ ਕਿਲ੍ਹਾ 'ਗੋਬਿੰਦਗੜ੍ਹ' ਨੂੰ 'ਗੋਵਿੰਦਗੜ੍ਹ' ਲਿਖਣਾ ਸ਼ੁਰੂ ਕਰ ਦਿੱਤਾ ਹੈ। ਕਿਧਰੇ 'ਰਾਮਬਾਗ' ਨੂੰ 'ਰਾਮਵਨ' ਨਾ ਲਿਖਣ ਲੱਗ ਪੈਣ।

## ਪਰਮਿੰਦਰਾਤਮਿਕ ਸ਼ਬਦਾਵਲੀ

ਕਈ ਲਿਖਾਰੀ ਸੰਸਕ੍ਰਿਤ ਵਿਚ ਵਾਧੂ ਲੱਤ ਅੜਾਉਣ ਲਈ ਹਿੰਦੀ ਵਾਲਿਆਂ ਦੀ ਨਕਲ਼ ਕਰਦਿਆਂ ਓਪਰੀਆਂ ਜਹੀਆਂ ਘਾੜ ਤਾਂ ਘੜਦੇ ਰਹਿੰਦੇ ਹਨ।

ਪੰਜਾਬੀ ਵਿਚ 'ਆਤਮ' ਦਾ ਅਰਥ ਇਕੋ ਹੈ : ਰੂਹ। ਪਰ ਹਿੰਦੀ ਵਾਲੇ ਇਸ ਤੋਂ ਕਈ ਅਰਥ ਲੈ ਲੈਂਦੇ ਹਨ, ਜਿਨ੍ਹਾਂ ਵਿਚੋਂ ਇਕ ਅਰਥ ਹੈ : ਆਪ। ਓਹ ਇਸ ਨੂੰ ਅਗੇਤਰ ਜਾਂ ਪਿਛੇਤਰ ਕਰਕੇ ਏਹੋ ਜਿਹੇ ਜੁੜਵੇਂ ਸ਼ਬਦ ਬਣਾ ਲੈਂਦੇ ਹਨ : ਆਤਮ-ਨਿਰਣੇ (ਆਪਣਾ

ਫ਼ੈਸਲਾ), ਭਿੰਨਾਤਮਕ (ਵਖਰੇਵਾਂ), ਵਿਖਸ਼ੇਪਾਤਮਿਕ (ਪਾੜਨ ਵਾਲਾ, ਪਾੜੂ) ਆਦਿ।

ਇਸ ਬਿਗਾਨੀ ਬਣਾਉਟ ਨੂੰ ਸਾਡੇ ਕਈ ਨਵੇਂ ਲਿਖਾਰੀ ਅਪਲਾ ਰਹੇ ਹਨ, ਅਤੇ ਏਹੋ ਜਿਹੀਆਂ ਓਪਰੀਆਂ ਤੇ ਬੇਲੋੜੀਆਂ ਘਾੜਤਾਂ ਨੂੰ ਲਿਆ ਕੇ ਪੰਜਾਬੀ ਦਾ ਮੁਹਾਵਰਾ ਵਿਗਾੜ ਰਹੇ ਹਨ :-

ਰਾਗਾਤਮਿਕ, ਸੋਗਾਤਮਿਕ, ਵਰਣਾਤਮਿਕ, ਉਪਦੇਸ਼ਾਤਮਿਕ, ਰਚਨਾਤਮਿਕ, ਕਾਵਿਆਤਮਿਕ ! ਏਹਨਾਂ ਦੀ ਥਾਂ ਰਾਗਮਈ ਜਾਂ ਸੰਗੀਤਕ, ਸੋਗਕੀ, ਵਰਣਿਕ, ਉਪਦੇਸ਼ਕੀ ਜਾਂ ਸਿਖਿਆਲੀ, ਰਚਨੇਈ, ਕਾਵਿਕ, ਕਾਵਿਮਈ, ਆਦਿ ਵਰਤਣਾ ਠੀਕ ਹੁੰਦਾ। ਏਹ ਬਣਾਉਟਾਂ ਬਹੁਤ ਕਰਕੇ ਸ. ਪਰਮਿੰਦਰ ਸਿੰਘ ਹੋਰੀ ਵਰਤ ਰਹੇ ਹਨ, ਇਸ ਲਈ ਮੈਂ ਓਹਨਾਂ ਦੇ ਨਾਂ ਤੋਂ 'ਪਰਮਿੰਦਰਾਤਮਿਕ' ਜਿਹਾ ਹਸੌਣਾ ਬੋਲ ਘੜ ਲਿਆ ਹੈ। ਇੰਗਲੈਂਡ ਵਿਚ ਵੀ ਇਹੋ ਜਹੀਆਂ ਘਾੜਤਾਂ ਘੜਨ ਵਾਲਾ ਇਕ ਲਿਖਾਰੀ ਹੋਇਆ ਹੈ। ਉਸ ਦਾ ਨਾਂ ਸੀ 'ਲਿਲੀ'। ਉਸ ਨੇ ਇਹੋ ਜਿਹੇ ਸ਼ੋਸ਼ਿਆਂ ਨਾਲ ਭਰੀ ਹੋਈ ਇਕ ਕਿਤਾਬ ਲਿਖੀ ਸੀ, ਜਿਸ ਦਾ ਨਾਂ ਸੀ 'ਯੂਫ਼ੀਅਸ'। ਉਸ ਦੀਆਂ ਬਣਾਉਟੀ ਸੰਵਾਰਤਾ ਦਾ ਨਾਂ 'ਯੂਫ਼ੁਇਜ਼ਮ' (Euphuism) ਪੈ ਗਿਆ ਸੀ । ਇਸ ਤਰ੍ਹਾਂ ਮਖ਼ੌਲ ਕਰਨ ਨਾਲ ਇਹ ਪਿਰਤ ਅੰਗ੍ਰੇਜ਼ੀ ਵਿਚੋਂ ਹਟ ਗਈ ਸੀ। ਮੈਂ ਵੀ ਉਮੇਦ ਕਰਦਾ ਹਾਂ ਸਾਡੇ ਲਿਖਾਰੀ ਵੀ ਕੁਝ ਸੰਗਣ ਲਗ ਪੈਣਗੇ। ਜੇ ਬਹੁਤਿਆਂ ਨੇ ਇਹ ਤਰੀਕਾ ਫੜ ਲਿਆ, ਤਾਂ ਖਵਰੇ ਇਹ ਪਿਰਤ ਪੱਕੀ ਹੋ ਜਾਏ, ਤੇ ਮੇਰੀ ਕਹੀ ਗੱਲ ਸੁਣੀ ਅਣਸੁਣੀ ਹੀ ਹੋ ਜਾਏ। ਪਰ ਇਹ ਕੁਰੀਤੀ ਅਜੇ ਤਾਂ ਜ਼ੋਰਾਂ ਤੇ ਹੈ। ਕਈ ਹੋਰ ਲਿਖਾਰੀ ਵੀ ਇਸੇ ਪਾਸੇ ਵਗ ਤੁਰੇ ਹਨ।

ਇਸ ਕਾਢ ਵਿਚ ਤਾਂ ਕੇਵਲ ਓਪਰੇਪਣ ਦਾ ਦੋਸ਼ ਸੀ। ਅਜ ਕਲ ਇਕ ਹੋਰ ਕਾਢ ਕਢੀ ਜਾ ਰਹੀ ਹੈ, ਜਿਹੜੀ ਜਿਮੀਂ ਅਸਮਾਨ

ਵਿਚ ਨਹੀਂ ਮਿਲਦੀ। ਉਹ ਹੈ 'ਸ਼ਬਦਾਂਤਿਕ' ਦੀ ਕੁਢੰਗੀ ਵਰਤੋਂ। ਸ. ਪਰਮਿੰਦਰ ਸਿੰਘ ਤੇ ਉਸ ਦਾ ਸਾਥੀ ਇਸ ਸ਼ਬਦ ਨੂੰ ਮੁੜ ਮੁੜ ਦੁਹਰਾਂਦੇ ਹਨ। ਪਤਾ ਨਹੀਂ ਓਹ ਇਸ ਦਾ ਅਰਥ ਨਹੀਂ ਸਮਝਦੇ। ਇਸ ਦਾ ਅਰਥ ਤਾਂ ਸਾਫ਼ ਹੈ : ਸ਼ਬਦ ਦੇ ਅੰਤ ਵਿਚ ਆਉਣ ਵਾਲੀ। ਇਹ ਕੋਈ ਲਗ, ਮਾਤਰਾ, ਜਾਂ ਵਿਭਕਤੀ ਹੋ ਸਕਦੀ ਹੈ। ਪਰ ਸ. ਪਰਮਿੰਦਰ ਸਿੰਘ, ਸ. ਕਿਰਪਾਲ ਸਿੰਘ, ਸ. ਸੁਰਿੰਦਰ ਸਿੰਘ 'ਕੋਹਲੀ' ਅਤੇ ਡਾ: ਗੋਪਾਲ ਸਿੰਘ 'ਦਰਦੀ' ਇਸ ਨੂੰ ਕਿਸੇ ਹੋਰ ਅਰਥ ਨਾਲ ਵਰਤਦੇ ਹਨ :-

'ਸ਼ਬਦਾਂਤਿਕ ਹੁਨਰਾਂ ਵਿਚ ਨਾਵਲ ਹੀ ਇਕ ਅਜੇਹਾ ਹੁਨਰ ਹੈ।'

'ਸਾਹਿਤ ਇਕ ਸ਼ਬਦਾਂਤਿਕ ਕਲਾ ਹੈ।'

'ਪ੍ਰੋ: ਮੋਹਨ ਸਿੰਘ ਦੀ ਕਵਿਤਾ ਤੇ ਪ੍ਰੋ: ਪੂਰਨ ਸਿੰਘ ਦੀ ਕਵਿਤਾ ਸ਼ਬਦਾਂਤਿਕ ਰਾਗ ਦੀਆਂ ਦੋ ਉਦਾਹਰਨਾਂ ਹਨ।'

'ਆਪ ਦੀ ਕਵਿਤਾ ਵਿਚ ਸ਼ਬਦਾਂਤਿਕ ਸੁੰਦਰਤਾ ਬਹੁਤ ਹੈ।'

'ਅਲੰਕਾਰ ਅਥਵਾ ਸ਼ਬਦਾਂਤਿਕ ਰਾਸ (ਰਾਗ ?) ਨੂੰ ਖ਼ੂਬ ਨਿਭਾਇਆ ਹੈ'।

ਨਾਟਕ ਦੋ ਤਰ੍ਹਾਂ ਦਾ ਦੱਸਿਆ ਹੈ : ਇਕ ਸ਼ਬਦਾਂਤਿਕ ਤੇ ਦੂਜਾ ਦਰਸ਼ਨੀ। ਏਹਨਾਂ ਲਿਖਾਰੀਆਂ ਦਾ ਭਾਵ ਹੋ ਸਕਦਾ ਹੈ : ਸ਼ਬਦੀ ਪੜ੍ਹੰਦਰ, ਪੜ੍ਹਨ ਜੋਗਾ, ਅਖਰੀ (ਦਰਸ਼ਨੀ ਦੇ ਉਲਟ), ਪਰ ਲੱਲ੍ਹੇ ਦੀਆਂ ਗੱਲਾਂ ਲਲ੍ਹੇ ਦਾ ਕੋਈ ਆਪਣਾ ਹੀ ਜਾਣੇ ! ਮੈਨੂੰ ਤਾਂ ਇਸ ਦਾ ਅਰਥ ਨਹੀਂ ਲਭਾ। ਇਸ ਦੀ ਥਾਂ ਜੇ 'ਸ਼ਬਦਾਤਮਿਕ' ਵਰਤਿਆ ਜਾਂਦਾ, ਤਾਂ ਸ਼ਾਇਦ ਲਿਖਾਰੀਆਂ ਦੀ ਆਪਣੀ ਪਸ਼ਤੋ ਵਿਚ ਓਹਨਾਂ ਦੇ ਭਾਵ ਨੂੰ ਨੇੜਿਉਂ ਹੋ ਕੇ ਪ੍ਰਗਟਾਉਂਦਾ।

ਕੋਹਲੀ ਗੁਰੂ ਗ੍ਰੰਥ ਸਾਹਿਬ ਨੂੰ 'ਪੰਜਾਬੀ ਸਾਹਿੱਤ ਵਿਚ ਪਹਿਲੀ ਕਵਿਤਾਂਜਲੀ' ਕਹਿੰਦਾ ਹੈ। ਸ਼ਾਇਦ ਉਸ ਦਾ ਭਾਵ 'ਕਵਿਤਾਵਲੀ'

ਹੈ। ਉਹ ਦਸਮ ਗ੍ਰੰਥ ਨੂੰ ਵੀ ਕਵਿਤਾਂਜਲੀ ਕਹਿੰਦਾ ਹੈ।

ਇਹ ਸਾਰੀ ਪੰਧਾੜੀ ਇਸ ਕਰਕੇ ਹੈ ਕਿ ਪੰਜਾਬੀ ਵਿਚ ਅਜੇ ਤਕ ਸਾਹਿੱਤਕ ਬੋਲੇ ਚੰਗੀ ਤਰ੍ਹਾਂ ਨਹੀਂ ਮਿੱਥੇ ਗਏ। ਹਰ ਇਕ ਲਿਖਾਰੀ ਨੂੰ ਆਪਣਾ ਰਾਹ ਆਪ ਬਣਾਉਣਾ ਪੈਂਦਾ ਹੈ। ਇਸ ਕਿਤਾਬ ਦੇ ਅੰਤ ਵਿਚ ਕੁਝ ਸਾਹਿੱਤਕ ਬੋਲੇ ਦਿੱਤੇ ਜਾਂਦੇ ਹਨ, ਜੋ ਲਿਖਾਰੀਆਂ ਨੂੰ ਸ਼ਾਇਦ ਜੱਚ ਜਾਣ।

## (੨) ਫ਼ਾਰਸੀ ਅਰਬੀ ਤੇ ਉਰਦੂ ਦੀ ਸਮਾਈ

ਜਿਨ੍ਹਾਂ ਨੇ ਫ਼ਾਰਸੀ ਜਾਂ ਉਰਦੂ ਵਿਚ ਬਹੁਤ ਕੰਮ ਕੀਤਾ ਹੁੰਦਾ ਹੈ, ਓਹਨਾਂ ਦੇ ਹੱਥ ਓਹਨਾਂ ਬੋਲੀਆਂ ਨਾਲ ਰੰਗੇ ਜਾਂਦੇ ਹਨ, ਜਿਵੇਂ ਨੀਲ ਦੇ ਮੱਟ ਵਿਚ ਕੰਮ ਕਰਨ ਨਾਲ ਲਲਾਰੀ ਦੇ ਹੱਥ ਨੀਲੇ ਹੋ ਜਾਂਦੇ ਹਨ। ਓਹ ਨਖੇੜਾ ਨਹੀਂ ਕਰ ਸਕਦੇ ਕਿ ਕੋਈ ਲਫ਼ਜ਼ ਪੰਜਾਬੀ ਵਿਚ ਆਉਣ ਜੋਗਾ ਹੈ ਜਾਂ ਨਹੀਂ। 'ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼' ਦੇ ਲਿਖਾਰੀ ਵਿਚ ਇਹ ਰਲ-ਗੱਡ ਬਹੁਤ ਹੈ। ਨਾ ਉਹ ਪੰਜਾਬੀ ਨੂੰ ਹਿੰਦੀ ਤੋਂ ਨਖੇੜਦਾ ਹੈ, ਤੇ ਨਾ ਫ਼ਾਰਸੀ ਉਰਦੂ ਤੋਂ। ਹਰ ਬੋਲੀ ਦੇ ਹੱਟ ਵਿਚੋਂ ਕੰਮ ਦਾ ਸੌਦਾ ਲੈਣਾ ਚੰਗਾ ਹੈ, ਪਰ ਆਪਣੀ ਲੋੜ ਦਾ ਨਖੇੜਾ ਕਰ ਕੇ, ਖਰਾ ਖੋਟਾ ਪਰਖ ਕੇ ਅਤੇ ਆਪਣੇ ਪੱਲੇ ਦਾ ਮੇਚਾ ਵੇਖ ਕੇ ਵਖਰ ਪਾਉਣਾ ਚਾਹੀਦਾ ਹੈ। ਵੇਖੋ ਖਾਂ, ਕੀ 'ਅਦਬ' ਤੇ 'ਮੁਖ਼ਤਸਰ' ਲਈ ਲਿਖਾਰੀ ਪਾਸ ਆਪਣੇ ਸ਼ਬਦ ਕੋਈ ਨਹੀਂ ਸਨ ? ਇਕ ਕਵੀ ਪੰਜਾਬੀ ਵਿਚ 'ਮੁਤਰੱਨਮ' ਵੀ ਲਿਖ ਮਾਰਦਾ ਹੈ। ਜੇ ਫ਼ਜ਼ਲ ਸ਼ਾਹ ਜਾਂ ਕੋਈ ਹੋਰ ਬਹੁਤ ਫ਼ਾਰਸੀਆਂ ਵਰਤ ਗਿਆ, ਤਾਂ ਓਸ ਦੀ ਭੁੱਲ ਸੀ। ਨਾਲੇ ਉਹ ਗਲ ਪੁਰਾਣੀ ਹੋ ਗਈ। ਅਸੀਂ ਅਜ ਕਲ ਦੇ ਲਿਖਾਰੀਆਂ ਨੂੰ ਸਲਾਹ ਦੇ ਰਹੇ ਹਾਂ।

| ਅਸ਼ੁੱਧ | ਸ਼ੁੱਧ |
|---|---|
| ਰੁਖ਼ਸਤ | ਛੁੱਟੀ |
| ਨੁਕਤਾ ਨਿਗਾਹ | ਦ੍ਰਿਸ਼ਟੀ-ਕੋਣ |
| ਤਾਦਾਦ (ਦੁੱਗਲ) | ਗਿਣਤੀ |
| ਬੰਦਰ (ਕੋਹਲੀ) | ਬਾਂਦਰ |
| ਰੁਖ਼ਸਾਰ | ਗਲ੍ਹਾਂ, ਗਲ੍ਹ |
| ਲਬ | ਬੁਲ੍ਹ |
| ਦਰਮਿਆਨ | ਵਿਚ, ਵਿਚਾਲੇ, ਵਿਚਕਾਰ |
| ਦਰਿਆਫ਼ਤ ਕਰੋ | ਪੁੱਛੋ |
| ਮਾਹਾਨਾ | ਮਹਾਵਾਰ, ਮੁਹਾਰ |
| ਮੁਤਬੰਨਾ | ਪੁਤਰੇਲਾ |
| ਰੇਜ਼ਗਾਰੀ | ਭਾਨ, ਕਿਰਿਆਨਾ |
| ਬਾਤ | ਗੱਲ (ਬਾਤ ਵੀ ਠੀਕ ਹੈ, ਪਰ ਜੇ ਅਰਥ ਹੋਣ 'ਕਹਾਣੀ') |
| ਐਸਾ | ਅਜੇਹਾ |
| ਵੈਸੇ (ਡਾ: ਮੋਹਣ ਸਿੰਘ) | ਉਂਞ ਤਾਂ |
| ਵੈਸਾ | ਉਜੇਹਾ |
| ਤੈਸਾ | ਤਿਹਾ |
| ਜੈਸਾ | ਜਿਹਾ |
| ਬਲਕਿ | ਸਗੋਂ |
| ਅਗਰ | ਜੇ, ਜੇਕਰ |
| ਗੋਇਆ | ਮਾਨੋ, ਜਿਵੇਂ ਕਿ |
| ਲੇਕਨ, ਮਗਰ | ਪਰ |

| ਅਸ਼ੁੱਧ | ਸ਼ੁੱਧ |
|---|---|
| ਗੋ, ਅਗਰਚੇ | ਭਾਵੇਂ |
| ਕਮ-ਅਜ਼-ਕਮ (ਸੇਖੋਂ) | ਘਟੋ ਘੱਟ |
| ਹਾਲਾ (ਸੇਖੋਂ) | ਘੇਰਾ, ਪਿੜ, ਪਰਵਾਰ |
| ਤੱਜੁਬ (ਡਾ: ਮੋਹਣ ਸਿੰਘ) | ਹਰਾਨੀ, ਅਚਰਜ |
| ਕਹਿਤ | ਕਾਲ |
| ਪੁਖ਼ਤਾ | ਪੱਕਾ |
| ਮੁਕੱਦਸ | ਪਵਿੱਤਰ |
| ਤਫ਼ਰੀਹ | ਦਿਲ-ਭੁਲਾਵਾ, ਪਰਚਾਵਾ |
| ਇਹਤਿਆਤ | ਸੋਘ |
| ਸੇਹਰ | ਜਾਦੂ |
| ਮਿਹਰੰਮਤ | ਮਿਹਰ |
| ਲੋਗ | ਲੋਕ [ਪ੍ਰੋ: ਰੋਸ਼ਨ ਲਾਲ ਅਹੂਜਾ ਲਿਖਦਾ ਹੈ: ਲੋਗਾਂ ਦੀ 'ਚਰਚਾ'] |
| ਲਗਾਉਣਾ | ਲਾਉਣਾ 'ਚਾਤ੍ਰਿਕ' ਜਿਸ ਤੋਂ ਚੰਗੇਰੀ ਪੰਜਾਬੀ ਕੋਈ ਨਹੀਂ' ਲਿਖਦਾ 'ਸੂਫ਼ੀਖ਼ਾਨੇ' ਦੀ ਹਵਾ ਲਗਣ ਨਾਲ ਲਿਖਦਾ ਹੈ : 'ਗਲ ਲਗਾ ਲਓ ।' |
| ਲਗਾਉਂਦਾ | ਲਾਉਂਦਾ |
| ਪਹਿਲੇ | ਪਹਿਲਾਂ |
| ਮੁਖ਼ਤਲਿਫ਼ | ਵਖਰੇ, ਵਖੋ-ਵਖਰੇ |

| ਅਸ਼ੁੱਧ | ਸ਼ੁੱਧ |
|---|---|
| ਐ ਜਾਨੈ ਵਾਲੇ | ਹੋ ਜਾਣ ਵਾਲੇ ('ਦੁਖੀ' ਦੀ ਕਵਿਤਾ ਵਿਚ 'ਐ' ਬਹੁਤ ਆਉਂਦਾ ਹੈ। 'ਐ' ਉਰਦੂ ਹੈ, ਪੰਜਾਬੀ ਨਹੀਂ] |
| ਠੋਸ | ਨਿੱਗਰ |
| ਸ਼ਮਾਲ | ਉੱਤਰ |
| ਮਗ਼ਰਬ [ਡਾ: ਮੋਹਣ ਸਿੰਘ] | ਪੱਛੋਂ, ਪੱਛਮ, ਲਹਿੰਦਾ |
| ਮਸ਼ਰਕ ” | ਪੂਰਬ, ਚੜ੍ਹਦਾ |
| ਨਿਸਬਤ | ਸਾਕ, ਸੰਬੰਧ [ਹਿਸਾਬ ਵਿਚ 'ਨਿਸਬਤ', 'ਨਿਸਬਤੀ' ਠੀਕ ਹੈ। |
| ਬੀਬੀ | ਬੀਵੀ, ਵਹੁਟੀ [ਲੜਕੀ ਲਈ 'ਬੀਬੀ' ਠੀਕ ਹੈ] |
| ਮੁਆਫ਼, ਮੁਆਫ਼ੀ | ਮਾਫ਼, ਮਾਫ਼ੀ |
| ਹਲਕਾ [ਕੋਹਲੀ] | ਹੌਲਾ |
| ਫ਼ਾਸ਼ (ਡਾ: ਮੋਹਣ ਸਿੰਘ) | ਉਘੀਆਂ, ਭਾਰੀਆਂ [ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ ਨੇ ਜਿਥੇ ਢੇਰ ਫ਼ਾਸ਼ ਗ਼ਲਤੀਆਂ ਕੀਤੀਆ ਨੇ] |
| ਇਨਤਖ਼ਾਬ ਕੀਤੇ ਹਨ ” | ਚੁਣੇ ਹਨ |
| ਨਾਕਾਮ ” | ਅਸਫ਼ਲ |
| ਮਾਖ਼ਜ਼ ” | ਸੋਮਾਂ [ 'ਡਾਕਟਰਨੀ ਸਾਹਿਬਾ ਦਾ ਮਾਖ਼ਜ਼ ਬਹੁਤਾ ਬਾਵਾ ਬੁਧ ਸਿੰਘ ਸਨ ।' |

| ਅਸ਼ੁੱਧ | ਸ਼ੁੱਧ |
| --- | --- |
| | 'ਡਾਕਟਰਨੀ' ਵੀ ਠੀਕ ਨਹੀਂ, ਕਿਉਂਕਿ ਇਸ ਵਿਦਿਅਕ ਪਦ ਦਾ ਇਸਤਰੀ-ਲਿੰਗ ਨਹੀਂ] |
| ਯਾਵਰੀ ਕੀਤੀ " | ਸਾਥ ਦਿੱਤਾ |
| ਤਹਿਰੀਰਾਂ " | ਲਿਖਤਾਂ |
| ਤਸ਼ਬੀਹ " | ਉਪਮਾ |
| ਮੁਤਫ਼ਿਕ " | ਮਿਲਦੀਆਂ |
| ਇਸਤਿਆਰਾ " | ਰੂਪਕ |
| ਗ਼ਮਨਾਕ " | ਸੋਗਵਾਨ, ਸੋਗੀ |
| ਅਲਬੱਤ " | ਜ਼ਰੂਰ, ਭਾਵੇਂ |
| ਅੰਜਾਮ (ਡਾ. ਮੋ. ਸਿੰਘ) | ਅੰਤ, ਸਿੱਟਾ |
| ਗੁਮਾਨ (ਸੇਖੋਂ) | ਸ਼ੱਕ, ਸ਼ੁਭਾ (ਸੇਖੋਂ ਇਹ ਪਦ ਉਰਦੂ ਜਾਂ ਫ਼ਾਰਸੀ ਅਰਥਾਂ ਵਿੱਚ ਵਰਤਦਾ ਹੈ, ਪੰਜਾਬੀ ਵਿੱਚ ਇਸ ਦੇ ਅਰਥ ਹਨ : ਘੁਮੰਡ) |
| ਮੁਸਾਫ਼ਤ | ਪੈਂਡਾ |
| ਔਲਾਦ | ਉਲਾਦ, ਸਨਤਾਨ |
| ਜ਼ੁਮੇਵਾਰ, ਜ਼ੁਮੇਵਾਰੀ | ਜ਼ਿਮੇਵਾਰ, ਜ਼ਿਮੇਵਾਰੀ |
| ਆਸ਼ਨਾਈ, ਆਸ਼ਨਾ | ਅਸ਼ਨਾਈ, ਅਸ਼ਨਾ |
| ਅਫ਼ਰਾ-ਤਫ਼ਰੀ | ਹਫ਼ੜਾ-ਦਫ਼ੜੀ |
| ਰੋਜ਼ੀਨਾ | ਰੁਜ਼ੀਨਾ |
| ਸੌਗਾਤ | ਸੁਗਾਤ |

| ਅਸ਼ੁੱਧ | ਸ਼ੁੱਧ |
|---|---|
| ਨੀਅਤ, ਬਦ-ਨੀਅਤ | ਨੀਤ, ਬਦਨੀਤ |
| ਮਾਲੂਮ | ਮਲੂਮ |
| ਸਰਾਏ | ਸਰਾਂ |
| ਮਾਲਵਈ (ਕੋਹਲੀ) | ਮਲਵਈ |
| ਪੰਬਾ | ਫੰਬਾ |
| ਖ਼ਾਮੋਸ਼ | ਚੁੱਪ |
| ਹੈਰਾਨ | ਹਰਾਨ |
| ਮੈਦਾਨ | ਮਦਾਨ |
| ਤਰਾਜ਼ੂ | ਤਕੜੀ |
| ਹੋਸ਼ਿਆਰ | ਹੁਸ਼ਿਆਰ |
| ਮੁਦਾ-ਅਲੈਹ | ਮੁਦਾਲਾ |
| ਸਿਆਹ | ਕਾਲਾ, ਕਾਲਾ-ਸ਼ਾਹ |
| ਅੰਡੇ | ਆਂਡੇ (ਅੰਡਾ ਉਰਦੂ ਹੈ) |
| ਮੁਨਸਫ਼-ਮਿਜ਼ਾਜ | ਅਦਲੀ, ਨਿਆਂਕਾਰੀ |
| ਏਤਬਾਰ | ਇਤਬਾਰ |
| ਔਲੀਆ | ਉਲਿਆ |
| ਤਾਵੀਜ਼ | ਤਵੀਤ |
| ਹਮੇਸ਼ਾ | ਹਮੇਸ਼ਾਂ, ਹਮੇਸ਼, ਸਦਾ |
| ਹਮਾਇਲ | ਹਮੇਲ |
| ਸ਼ਾਹ ਤੂਤ | ਸ਼ਤੂਤ |
| ਬੇਦਾਨਾ | ਬਦਾਨਾ (ਅੰਗੂਰ) |
| ਦਾਨਾ | ਦਾਣਾ |

| ਅਸ਼ੁੱਧ | ਸ਼ੁੱਧ |
| --- | --- |
| ਰਵਸ਼ | ਰੌਂਸ |
| ਤਅੱਦੀ | ਤੱਦੀ |
| ਸ਼ਮ | ਟੋਢ |
| ਸ਼ਕੀਲ | ਸ਼ਕਲਵੰਦ |
| ਤਾਊਨ | ਤਊਨ, ਪਲੇਗ |
| ਜ਼ੱਰਾ | ਜ਼ਰਾ, ਕਿਣਕਾ |
| ਜਮਾਇਤ, ਜਮਾਇਤੀ | ਜਮਾਤ, ਜਮਾਤੀ |
| ਕਲਾਬਾਜ਼ੀ | ਖੜਬਾਜੀ |
| ਕੀਸਾ | ਖੀਸਾ |
| ਪੇਸ਼ਾਬ | ਪਿਸ਼ਾਬ |
| ਚੂਜ਼ਾ | ਚੂਚਾ |
| ਗ਼ਮ-ਗੁਸਾਰ | ਦਰਦਵੰਦ |
| ਦਰ ਹਾਲ | ਹਾਲੇਂ |
| ਦਾਮ | ਦੱਮ, ਦਮੜੇ |
| ਬਾਜ਼ਾਰ, ਬਾਜ਼ਾਰੀ | ਬਜ਼ਾਰ, ਬਜ਼ਾਰੀ |
| ਕੁਲਹ | ਕੁੱਲਾ, ਟੋਪੀ |
| ਜਲਵਾ | ਜਲੌ |
| ਪੈਗੰਬਰ | ਪਗੰਬਰ |
| ਸਾਮਾਨ | ਸਮਿਆਨ |
| ਬਾਰਾਨੀ | ਬਰਾਨੀ |
| ਜੁਫ਼ਤ | ਜਿਸਤ |
| ਅਸਤ੍ਰੈਫ਼ਾ | ਅਸਤੀਫ਼ਾ |

| ਅਸ਼ੁੱਧ | ਸ਼ੁੱਧ |
|---|---|
| ਸ਼ਾਗਿਰਦ | ਸ਼ਗਿਰਦ, ਵਿਦਿਆਰਥੀ, ਚੇਲਾ |
| ਵੀਰਾਨ, ਵੀਰਾਨਾ | ਵਰਾਨ, ਉਜਾੜ |
| ਜਾਸੂਸ, ਜਾਸੂਸੀ | ਜਸੂਸ, ਜਸੂਸੀ |
| ਤੁਖ਼ਮਰੇਜ਼ੀ | ਬਿਜਾਈ [ਨਸਲ ਜਾਂ ਉਲਾਦ ਵਾਸਤੇ 'ਤੁਖ਼ਮ' ਠੀਕ ਹੈ] |
| ਕਿਰਮਜ਼ੀ | ਕਿਰਮਚੀ |
| ਕਮੀਨਾ | ਨੀਚ |
| ਹਕੀਰ | ਕੀਰ, ਤੁੱਛ |
| ਫ਼ਾਨੂਸ | ਫ਼ਲੂਸ |
| ਗੋਲਾ-ਅੰਦਾਜ਼ | ਗੋਲਮਦਾਜ਼, ਗੋਲੰਦਾਜ਼ |
| ਸੌਦਾਗਰ, ਸੌਦਾਗਰੀ | ਸੁਦਾਗਰ, ਸੁਦਾਗਰੀ |
| ਆਸਮਾਨ | ਅਸਮਾਨ, ਅਕਾਸ਼ |
| ਆਵਾਜ਼ | ਅਵਾਜ਼ |
| ਆਜ਼ਾਦ, ਆਜ਼ਾਦੀ | ਅਜ਼ਾਦ, ਅਜ਼ਾਦੀ |
| ਗ਼ੁਬਾਰ, ਗ਼ੁਬਾਰਾ . | ਗੁਬਾਰ, ਗੁਬਾਰਾ |
| ਫ਼ਤੀਲਾ | ਪਲੀਤਾ |
| ਪਲੀਦ | ਪਲੀਤ |
| ਮਸਜਿਦ | ਮਸੀਤ |
| ਚੌਗਾਨ | ਚੁਗਾਨ |
| ਨਾਕਾਰਾ | ਨਕਾਰਾ |
| ਲਾਚਾਰ | ਲਚਾਰ |
| ਅਹਿਸਾਨ, ਅਹਿਸਾਨਮੰਦ | ਹਸਾਨ, ਹਸਾਨਵੰਦ |

| ਅਸ਼ੁੱਧ | ਸ਼ੁੱਧ |
|---|---|
| ਆਸਾਨ, ਆਸਾਨੀ | ਅਸਾਨ, ਅਸਾਨੀ, ਸੌਖ |
| ਆਰਾਮ | ਅਰਾਮ |
| ਲੰਗੜਾ | ਲੰਙਾ |
| ਨੱਕਾਰਾ, ਨਕਾਰਚੀ | ਨਗਾਰਾ (ਧੌਂਸਾ, ਨੌਬਤ), ਨਗਾਰਚੀ |
| ਮਾਸੂਮ | ਮਸੂਮ, ਨਿਰਦੋਸ਼ |
| ਪਹਿਲਵਾਨ | ਭਲਵਾਨ |
| ਕ਼ਫ਼ਨ | ਖਫਣ |
| ਫ਼ੀਤਾ | ਫੀਤਾ |
| ਮਸ਼ਅਲ | ਮਸ਼ਾਲ |
| ਬਾਰੀਕ | ਬਰੀਕ |
| ਬਾਗ਼ੀਚਾ | ਬਗੀਚਾ |
| ਬਦਮੁਆਸ਼ | ਬਦਮਾਸ਼ |
| ਔਜ਼ਾਰ | ਹਥਿਆਰ, ਸੰਦ |
| ਤਾਕੀਦ, ਤਾਕੀਦੀ | ਤਕੀਦ, ਤਕੀਦੀ |
| ਮਰੂਮ | ਮਲੂਮ |
| ਪਾਕਦਾਮਨ | ਪਵਿੱਤਰ, ਪਤੀ-ਬਰਤਾ |
| ਨਜ਼ਦੀਕ, ਨਜ਼ਦੀਕੀ | ਨਜੀਕ, ਨਜੀਕੀ, ਨੇੜੇ, ਨੇੜ |
| ਆਗਾਹੀ | ਚੇਤਾਵਨੀ |
| ਖ਼ਾਲ ਖ਼ਾਲ(ਡਾ: ਮੋ: ਸਿੰਘ) | ਕਿਤੇ ਕਿਤੇ, ਵਿਰਲੀ |
| ਮਨਜ਼ੂਮ ,, | ਛੰਦ-ਬੱਧ |
| ਮੌਜ਼ੂੰ ,, | ਢੁਕਵਾਂ, ਜਚਦਾ |

| ਅਸ਼ੁੱਧ | ਸ਼ੁੱਧ |
| --- | --- |
| ਰੋਸ਼ਨ, ਰੋਸ਼ਨੀ | ਰੋਸ਼ਨ, ਰੋਸ਼ਨੀ |
| ਆਕਲ | ਅਕਲਵੰਦ, ਅਕਲੀਆ |
| ਬੂ, ਖ਼ੁਸ਼ਬੂ | ਬੋ, ਖੁਸ਼ਬੋ |
| ਦੁਲ੍ਹਨ | ਵਹੁਟੀ, ਲਾੜੀ |
| ਬੜਾ | ਵੱਡਾ, ਬਹੁਤ ['ਬੜਾ' ਉਰਦੂ ਹੈ। ਇਸ ਨੂੰ ਪੰਜਾਬੀ ਵਿਚੋਂ ਕਢੋ] |
| ਅਕਸਰ | ਬਹੁ ਕਰਕੇ, ਬਹੁਤਾ |
| ਬੇਬਹਾ | ਬਹੁਮੁਲਾ |
| ਅਕਸਰੀਅਤ | ਬਹੁ ਸਮਤੀ |
| ਨਾਮਾ-ਨਿਗਾਰ | ਪੱਤਰ-ਪ੍ਰੇਰਕ |
| ਦੋਨੋਂ | ਦੋਵੇ,ਦੋਵੇਂ('ਦੋਨੋਂ' ਉਰਦੂ ਹੈ) |
| ਦੂਸਰਾ | ਦੂਜਾ |
| ਤੀਸਰਾ | ਤੀਜਾ |
| ਭੀ | ਵੀ (ਭੀ ਪੁਰਾਣੀ ਹਿੰਦੀ ਜਾਂ ਉਰਦੂ ਹੈ) |
| ਦੁਗਣਾ(ਨਰਿੰਦਰਪਾਲਸਿੰਘ) | ਦੂਣਾ |
| ਗਿਆਰਾ, ਬਾਰਾ | ਯਾਰ੍ਹਾਂ, ਬਾਰਾਂ |
| ਪਰੇਸ਼ਾਨ, ਹਵਾਸ-ਬਾਖ਼ਤਾ | ਭੌਰ-ਭੌਰ |
| ਅਗਾੜੀ, ਪਿਛਾੜੀ | ਅੱਗੇ, ਪਿੱਛੇ |
| ਲੰਬਾ | ਲੰਮਾ |
| ਚੰਦ | ਕੁਝ ਕੁ |

| ਅਸ਼ੁੱਧ | ਸ਼ੁੱਧ |
|---|---|
| ਮੁਬਾਰਕ | ਵਧਾਈ (ਮਮਾਰਖ, ਮਵਾਰਖ ਪੋਠੋਹਾਰੀ ਹੈ) |
| ਹਮਰਾਹ, ਹਮਰਾਹੀ | ਸਾਥ, ਸਾਥੀ |
| ਰਾਹਨੁਮਾ, ਰਾਹਨੁਮਾਈ | ਆਗੂ,ਅਗਵਾਨ, ਅਗਵਾਈ ਅਗਵਾਨੀ |

ਪ੍ਰੋ: ਕਰਤਾਰ ਸਿੰਘ ਜੀ 'ਪੰਜਾਬੀ ਕਿਵੇਂ ਲਿਖੀਏ' ਵਿਚੋਂ ਬਹੁਤ ਸਾਰਾ ਮਸਾਲਾ ਲੈ ਕੇ ਇਸ ਨੂੰ 'ਸ਼ੁਧ' ਕਰ ਲੈਂਦੇ ਹਨ, ਪਰ ਬਗਾਨਾ ਮਾਲ ਪਚਦਾ ਨਹੀਂ, 'ਅੰਡਾ, ਗਿਆਰਾਂ, ਐਸਾ, ਜੈਸਾ, ਤੈਸਾ, ਠੋਸ, ਸੰਬੰਧੀ ਮੇਰੀ ਕਢੀ ਹੋਈ ਗਲਤੀ ਤਾਂ ਅਪਣਾ ਲਈ, ਪਰ ਆਪਣੀ ਵਿਦਵਤਾ ਘੋਲਦਿਆਂ ਹੋਇਆਂ ਏਹਨਾਂ ਉਰਦੂ ਸ਼ਬਦਾਂ ਨੂੰ ਫ਼ਾਰਸੀ ਬਣਾ ਦਸਿਆ। ਨਕਲ ਲਈ ਵੀ ਅਕਲ ਚਾਹੀਦੀ ਹੈ।

ਹੇਠਾਂ ਦਿੱਤੇ ਸ਼ਬਦ, ਜੋ ਫ਼ਾਰਸੀ ਜਾਂ ਉਰਦੂ ਤੋਂ ਲਏ ਗਏ ਹਨ, ਪੰਜਾਬੀ ਵਿਚ ਵਰਤਣ ਜੋਗ ਹਨ, ਕਿਉਂਕਿ ਚੰਗੇ ਲਿਖਾਰੀ ਏਹਨਾਂ ਨੂੰ ਵਰਤਦੇ ਹਨ । ਏਹਨਾਂ ਤੋਂ ਬਿਨਾਂ ਹੋਰ ਵੀ ਹੋ ਸਕਦੇ ਹਨ, ਪਰ ਲੈਣ ਲੱਗਿਆਂ ਚੰਗੇ ਲਿਖਾਰੀਆਂ ਦੇ ਪੂਰਨਿਆਂ ਤੇ ਚਲਣਾ ਚਾਹੀਦਾ ਹੈ :– ✓

ਉਸਤਾਦ, ਉਸਤਾਦੀ, ਉਲਾਦ, ਉਮਰ, ਉਜ਼ਰ, ਉਜ਼ਰਦਾਰੀ, ਐਬ, ਉਕਾਬ, ਅਮਨ, ਅਮਾਨੀ, ਅਮਲ, ਅਮਾਨਤ, ਆਤਸ਼ਕ, ਅਸੂਲ, ਅਮਲਦਾਰੀ, ਅਖ਼ਬਾਰ, ਅਖ਼ਬਾਰੀ, ਅਖ਼ਤਿਆਰ,

ਅਖ਼ਤਿਆਰੀ, ਅਸਲ, ਅਸਲਾ, ਅਸਲੀ, ਅਸੀਲ, ਅਸਲੀਅਤ, ਅਜਬ, ਅਜੂਬਾ, ਅਜੀਬ, ਅਜਾਇਬ-ਘਰ, ਅੰਦਾਜ਼ਾ, ਆਬ (ਭਾਹ), ਆਬਦਾਰ, ਆਲਮ, ਅਲਮਸਤ, ਆਬਿਆਨਾ, ਆਰਾ-ਕਸ਼, ਅਦਾਲਤ, ਅਦਲ, ਅਦਬ, ਅਖ਼ਲਾਕ, ਅਖ਼ਲਾਕੀ, ਅਕਲ, ਅਕਸ, ਅਕਸੀ, ਆਲ-ਉਲਾਦ, ਆਫ਼ਤ, ਅਲਗਰਜ਼ੀ, ਆਤਸ਼ੀ (ਸ਼ੀਸ਼ਾ), ਆਸ਼ਕ, ਆਸ਼ਕੀ, ਅਫ਼ਸੋਸ, ਅਸਰ, ਅਰਜ਼, ਅਰਜ਼ੀ, ਅਰਸ਼, ਆਮਦਨ, ਅੰਗੂਰ, ਅੰਗੂਠੀ, ਆਖਰ, ਆਖਰਤ, ਇਰਾਦਾ, ਇਲਹਾਮ, ਇਲਹਾਮੀ, ਇਨਾਮ, ਇਨਾਮੀ, ਇੰਤਜ਼ਾਮ, ਇਵਜ਼ੀ, ਇਨਕਾਰ, ਇਨਕਾਰੀ, ਇਸ਼ਕ, ਇਸ਼ਕਬਾਜ਼ੀ, ਇਸ਼ਤਿਹਾਰ, ਇਸ਼ਤਿਹਾਰੀ, ਇਲਾਕਾ, ਇਨਸਾਫ਼, ਅਮੀਰ, ਇੱਜ਼ਤ, ਇਕਬਾਲ (ਜੁਰਮ ਦਾ), ਇਕਬਾਲੀ, ਇਕਰਾਰ, ਇਕਰਾਰੀ, ਇਲਮ, ਇਲਮੀ, ਇਸ਼ਾਰਾ, ਅਸਤਰ, ਈਮਾਨ, ਈਮਾਨੀ, ਇਮਾਨਦਾਰ, ਇਮਾਨਦਾਰੀ, ਇਤਲਾਹ, ਏਲਾਨ, ਇਸਲਾਮ, ਇਮਾਰਤ, ਇਮਾਰਤੀ (ਹੁਨਰ)।

ਸਰਸਰੀ, ਸਾਇਬਾਨ, ਸ਼ੋਸ਼ਾ, ਸ਼ਕਰ, ਸ਼ਕਲ, ਸ਼ੁਕਰ, ਸ਼ੁਕਰਾਨਾ, ਸਿਲਸਲਾ, ਸ਼ਰਮ, ਸ਼ਰਮਾਕਲ, ਸ਼ਰਮੀਲਾ, ਸੇਹਤ (ਅਰੋਗਤਾ), ਸੁਰਖ਼, ਸੁਰਖ਼ਾ, ਸੁਰਖ਼ੀ, ਸਜ਼ਾ, ਸਜ਼ਾਵਾਰ, ਸ਼ਰੀਕ, ਸ਼ਰੀਕਾ, ਸੁਲਹ, ਸੁਲਹ-ਸਫ਼ਾਈ, ਸਾਫ਼, ਸਫ਼ਾਈ, ਸਫ਼ਾਇਆ, ਹਕਸ਼ੁਫ਼ਾ, ਸਲਾਮੀ, ਸਲੀਬ, ਸਲੀਬੀ, ਸ਼ਿਸਤ, ਸ਼ਸਦਿਰ, ਸਾਲਮ, ਸ਼ਸ਼ੋ-ਪੰਜ, ਸਖ਼ਤ, ਸਖ਼ਤੀ, ਸਖ਼ਤਾਈ, ਸ਼ਿਕਾਰ, ਸ਼ਿਕਾਰੀ, ਸ਼ਿਕਾਰਗਾਹ, ਸਰਦ, ਸਰਦੀ, ਸਰਦਖ਼ਾਨਾ, ਸਦਕਾ, ਸਦਕੇ, ਸਿਫ਼ਤ, ਸੁਰਖ਼ਰੂ, ਸ਼ੇਖ, ਸਿਦਕ, ਸਿਦਕੀ, ਸ਼ਾਇਰ, 'ਸ਼ਾਇਰੀ', ਸ਼ੁਹਰਤ, ਸ਼ਹੀਦ, ਸ਼ਹੀਦੀ, ਸ਼ਾਹਦ, ਸ਼ਾਹਦੀ, ਸ਼ਹੀਦਗੰਜ, ਸ਼ਹਾਦਤ, ਸ਼ਾਹ, ਸ਼ਾਹੀ, ਸ਼ਹਿਨਸ਼ਾਹ, ਸਿਤਾਰਾ, ਸਰਦਾਰ, ਸਰਦਾਰੀ, ਸ਼ਾਹਜ਼ਾਦਾ, ਸ਼ਾਹਜ਼ਾਦੀ, ਸਾਹਿਬ, ਸਾਹਿਬਜ਼ਾਦਾ, ਸਾਹਿਬੀ, ਸਾਦਾ, ਸਾਦਗੀ, ਸਹੀ, ਇਨਕਾਰ, ਇਨਕਾਰੀ, ਸ਼ੌਂਕ, ਸ਼ੁਕੀਨ, ਸ਼ੈ, ਸਦੀ,

ਸਿਪਾਹੀ, ਸਬਜ਼ੀ, ਸ਼ਾਦੀ, ਸਰਾਫ਼, ਸਰਾਫ਼ੀ, ਸਰਾਫ਼ਾ, ਸ਼ਨਾਖ਼ਤ, ਸ਼ਰਤ, ਸ਼ਰਤੀ, ਸਵਾਲ, ਸਵਾਲੀ, ਸਰਹੱਦ, ਸਰਹੱਦੀ, ਸ਼ਾਮਲ, ਸ਼ਾਮਤ, ਸ਼ੂਮ, ਸ਼ੂਮੀ, ਸ਼ਹਿਰ, ਸ਼ਹਿਰੀ, ਸ਼ਹਿਰੀਅਤ, ਸ਼ਖ਼ਸੀ, ਸ਼ਖ਼ਸੀਅਤ, ਸ਼ੱਕ, ਸ਼ਿਕਾਇਤ, ਸ਼ੁਰੂ, ਸਲਾਹ, ਸਫ਼ਰ, ਸਫ਼ਰੀ, ਸਦਬਰਗਾ, ਸਦਾ-ਬਹਾਰ, ਸੁਲਤਾਨ, ਸੁਲਤਾਨੀ (ਗਵਾਹ), ਸੁਜ਼ਾਕ, ਸ਼ਰਾਬ, ਸ਼ਰਾਬੀ, ਸ਼ਗੂਫ਼ਾ, ਸਬਰ, ਸਬਕ, ਸੁਬਕ, ਸੁਬਕੀ।

ਹਿੱਸਾ, ਹਿੱਸਾ-ਬਖਰਾ, ਹਿਸਾਬ, ਹਿਸਾਬੀ, ਹਾਸਲ, ਹਿੰਮਤ, ਹਕੀਮ, ਹਕੀਮੀ, ਹਿਕਮਤ, ਹਿਕਮਤੀ, ਹਾਜ਼ਰ, ਹਾਜ਼ਰੀ, ਹਜ਼ੂਰ, ਹਜ਼ੂਰੀ, ਹਜ਼ੂਰੀਆ, ਹੱਲ, ਹੱਲ ਕਰਨਾ, ਹੁਸਨ, ਹੁਨਰ, ਹਤਕ, ਹੋਸ਼, ਹਦਾਇਤ, ਹੁੱਬ, ਹੁਕਮ, ਹਾਕਮ, ਹਕੂਮਤ, ਹਰਾਮ, ਹਰਾਮੀ, ਹਲਾਲ, ਹਲਾਲੀ, ਹੱਦ, ਹੱਦਬੰਦੀ, ਹਰਜ, ਹਰਜਾ, ਹਰਜਾਨਾ, ਹੱਕ, ਹੱਕਦਾਰ, ਹਜ਼ਮ, ਹਾਜ਼ਮਾ, ਹਫ਼ਤਾ, ਹਫ਼ਤੇਵਾਰ, ਹਫ਼ਤੇਵਾਰੀ, ਹਕੀਕਤ, ਹਮਲਾ (ਹੱਲਾ), ਹਲਕਾ, ਹਮਾਇਤ, ਹਾਮੀ।

ਕਮਜ਼ੋਰ, ਕਮਜ਼ੋਰੀ, ਕੁਰਬ, ਕਦਰ, ਕਦਰਦਾਨ, ਕਦਰਦਾਨੀ, ਕਹਿਰ, ਕਹਿਰਵਾਨ, ਕੁਮਕ (ਫ਼ੌਜੀ), ਕੁਰਕ, ਕੁਰਕੀ, ਕੀਮਿਆਈ, ਕੀਮੀਆ, ਕਿਲ੍ਹਾ, ਕਿਲ੍ਹੇ-ਬੰਦੀ, ਕਾਫ਼ੀਆ, ਕਮਾਲ, ਕਿਸਮ, ਕਿਸਮਤ, ਕਸਰ, ਕਸੂਰ, ਕਤਲ, ਕਤਲਾ, ਕਤਲੰਮਾ, ਕਾਤਲ, ਕਬਜ਼, ਕਾਬਜ਼, ਕਬਜ਼ੀ, ਕਬਜ਼ਾ, ਕਬਾਬ, ਕੋਫ਼ਤਾ, ਕਵਾਲ, ਕਵਾਲੀ, ਕੁਫ਼ਰ, ਕਾਫ਼ਰ, ਕਾਨੂੰਨ, ਕਾਨੂੰਗੋ, ਕਾਗ਼ਜ਼, ਕਰਜ਼, ਕਰਜ਼ਾ, ਕਰਜ਼ਈ, ਕਰਜ਼ਦਾਰ, ਕਰਜ਼ਖ਼ਾਹ, ਕਿਤਾਬ, ਕਿਤਾਬੀ, ਕਾਰਗਰ, ਕਾਰੀਗਰ, ਕਾਰੀਗਰੀ, ਕਾਇਮ, ਕਾਇਮੀ, ਕਿਸਤ, ਕਾਇਦਾ, ਕੈਦ, ਕੈਦੀ, ਕੂਤ, ਕੁਦਰਤ, ਕੁਦਰਤੀ, ਕੁਰਸੀ, ਕਿੰਗਰਾ।

ਖ਼ਲਾਸ, ਖ਼ਲਾਸੀ, ਖੱਸੀ, ਖੁਰਜੀ, ਖੁਰਗੀਨ, ਖ਼ੁਰਾਕ, ਖਰਮਸਤੀ, ਖ਼ੁਆਰ, ਖ਼ਰਾਬ, ਖ਼ਰਾਬਾ, ਖ਼ਰਾਬੀ, ਖੱਜਲ, ਖਾਤਰ,

ਖ਼ਿਦਮਤ, ਖਿਦਮਤੀ, ਖਾਤਰ-ਜਮ੍ਹਾ, ਖ਼ੁਸ਼ਕ, ਖ਼ੁਸ਼ਕਾ, ਖ਼ੁਸ਼ਕੀ, ਖ਼ੁਲਾਸਾ, ਖ਼ਫ਼ਣੀ, ਖ਼ਬਰ, ਖ਼ਾਕਾ (ਧੂੜਾ, ਖਰੜਾ), ਖੁਸ਼, ਖ਼ੁਸ਼ੀ, ਖ਼ੁਸ਼ਾਮਦ, ਖ਼ੁਸ਼ਾਮਦੀ, ਖ਼ਿਆਲ, ਖ਼ਿਆਲੀ, ਖ਼ਲਾਫ਼, ਖ਼ਜ਼ਾਨਾ, ਖ਼ਜ਼ਾਨਚੀ, ਖ਼ੰਜਰ, ਖ਼ੰਜਰੀ, ਖ਼ੂਨ, ਖ਼ੂਨੀ, ਜਮ੍ਹਾ, ਜਮ੍ਹਾਬੰਦੀ, ਜਹਾਜ਼, ਜਹਾਜ਼ੀ, ਖ਼ਤਰਾ, ਖ਼ਤਰਨਾਕ, ਖ਼ਾਹਿਸ਼, ਖ਼ਖਤ, ਖ਼ਬਤੀ, ਖ਼ੁਦ,ਖ਼ੁਦੀ, ਖ਼ੁਦਮੁਖ਼ਤਾਰ, ਖ਼ਲਕਤ, ਖ਼ੁਲਕ, ਖ਼ਰਚ, ਖ਼ਰਚਾ, ਖ਼ਰੀਦ, ਖ਼ਰੀਦਾਰ, ਖ਼ਲਲ, ਖ਼ਾਲੀ, ਖ਼ਲਾ, ਖ਼ਾਹ-ਮਖ਼ਾਹ, ਖ਼ੈਰ, ਖ਼ਸੀਅਤ, ਖ਼ਰਾਇਤ, ਖ਼ਮੀਰ, ਖ਼ਮੀਰਾ।

ਗੁਲਾਬ, ਗੁਲਕਾਰੀ, ਗ਼ੁਲਜ਼ਰੀ, ਗ਼ਮ, ਗ਼ਮੀ, ਗ਼ਮਖ਼ਾਰ, ਗਰਮ, ਗਰਮੀ, ਗੁਲਨਾਰੀ, ਗੁਲਬਾਸ਼ੀ, ਗੁਮਾਸ਼ਤਾ, ਗਿਰਦ, ਗਿਰਦਾ, ਗੁਨਾਹ, ਗੁਨਹਗਾਰ, ਗੁਨਾਹੀ, ਗ਼ਲਤ, ਗ਼ਲਤੀ, ਗੋਸ਼ਵਾਰਾ, ਗਸ਼ਤ, ਗਸ਼ਤੀ, ਗਿਰਦਾਵਰ, ਗੁਸਤਾਖ਼, ਗ਼ੁਸਤਾਖੀ, ਗ਼ਰਜ਼, ਗ਼ਰਜ਼ੀ, ਗ਼ੈਰ, ਗ਼ੈਰਤ, ਗ਼ੌਰ।

ਚਰਬੀ, ਚੁਸਤ, ਚੁਸਤੀ, ਚੀਸਤੀ, ਚੀਸਤਾਂ, ਚੋਬ, ਚੋਬਦਾਰ।

ਜੌਹਰ, ਜੌਹਰੀ, ਜਵਾਹਰਾਤ, ਜ਼ਿਮੀ, ਜ਼ਿਮੀਦਾਰ, ਜ਼ਮੀਮਾ, ਜ਼ਿਹ (ਜਹੁ), ਜਿਮੀਕੰਦ, ਜ਼ੁਲਫ਼, ਜੋਸ਼, ਜੁਸ਼ੀਲਾ, ਜਜ਼ਬਾ, ਜਜ਼ਬਾਤੀ, ਜ਼ੁਲਮ, ਜ਼ਾਲਮ, ਜਾਹਲੀ, ਜਾਹਲਸਾਜ਼, ਜੁਰਮ, ਜਿਸਮ, ਜਿਸਮਾਨੀ, ਜਲੂਸ, ਜਲਸਾ, ਜਮਹੂਰ, ਜਮਹੂਰੀ, ਜ਼ਾਹਿਰ, ਜ਼ਾਹਿਰੀ, ਜੁਆਬ-ਦਾਵਾ, ਜਿਰਹ, ਜੰਗ, ਜੰਗਨਾਮਾ, ਜ਼ਬਤ, ਜ਼ਬਤੀ, ਜਵਾਬ, ਜਵਾਬੀ, ਜਵਾਨ, ਜਵਾਨੀ, ਜ਼ਰੂਰ, ਜ਼ਰੂਰੀ, ਜ਼ਰੂਰਤ, ਜ਼ਾਮਨ, ਜ਼ਾਮਨੀ, ਜ਼ਿੱਦ, ਜ਼ਿੱਦੀ, ਜੱਦ, ਜੱਦੀ, ਜ਼ਖ਼ਮ, ਜ਼ਖ਼ਮੀ, ਜਬਰ, ਜਬਰੀ, ਜ਼ੈਲ, ਜ਼ੈਲਦਾਰ, ਜ਼ਿਮਨੀ, ਜ਼ਬਾਨ, ਜ਼ਬਾਨੀ, ਜੁਲਾਬ, ਜਾਇਦਾਦ, ਜਾਇਜ਼, ਜੱਫ਼ਰ (ਜਾਲਣਾ), ਜ਼ਿੰਦਗੀ (ਜਿੰਦ)।

ਤਲਬ, ਤਲਖ਼ੀ, ਤਸੱਲੀ, ਤਸੱਲਾ, ਤਰਜ਼, ਤੌਰ, ਤੇਜ਼, ਤੇਜ਼ੀ,

ਤਲਾਬ, ਤਲਾਸ਼ੀ, ਤਫ਼ਤੀਸ਼ (ਕਾਨੂੰਨੀ), ਤਾਰੀਖ਼ (ਤਾਰੀਕ), ਤਾਬ, ਤਨਕੀਹ, ਤਕਸੀਰ, ਤਖ਼ਤ, ਤਖ਼ਤਾ, ਤਖ਼ਤੀ, ਤਖ਼ਤਾਬੰਦੀ, ਤੂਫ਼ਾਨ, ਤੂਫ਼ਾਨੀ, ਤਸਵੀਰ, ਤਸੱਵਰ, ਤਲਾਕ, ਤਲਾਕਨਾਮਾ, ਤਰੱਕੀ, ਤਾਕਤ, ਤਾਕਤਵਰ, ਤਾਜ, ਤਾਜਦਾਰ, ਤਹਿਕੀਕਾਤ, ਤਰਫ਼ਦਾਰ, ਤਰਫ਼ਦਾਰੀ, ਤਾਕ।

ਦਿਲ, ਦਿਲਜੋਈ, ਦਿਲਗੀਰ, ਦਿਲਗੀਰੀ, ਦੀਵਾਨ, ਦੀਵਾਨੀ, ਦਰਬਾਰ, ਦਰਬਾਰੀ, ਦਰਬਾਨ, ਦਰਜਾ, ਦਿਮਾਗ, ਦਿਮਾਗੀ, ਦਸਤਾ, ਦਾਹਵਾ (ਦਾਵਾ), ਦਫ਼ਤਰ, ਦਫ਼ਤਰੀ, ਦਸਤਖ਼ਤ, ਦਸਤਖ਼ਤੀ, ਦਿਲਬਰੀ, ਦਿਲਦਾਰ, ਦਿਲਦਾਰੀ, ਦੀਨ, ਦੀਨਦਾਰ, ਦੀਨਦਾਰੀ, ਦਾਖ਼ਲ, ਦਖ਼ਲ, ਦਾਖ਼ਲਾ, ਦਖ਼ਲੀ, ਦਸਤਾਵੇਜ਼, ਦਸਤਬਰਦਾਰੀ, ਦਸਤੂਰ, ਦਸਤੂਰੀ, ਦੂਰ, ਦੂਰੀ, ਦਫ਼ਨ, ਦਫ਼ਨਾਉਣਾ, ਦਲੀਲ, ਦਲੀਲਬਾਜ਼, ਦਲੀਲਬਾਜ਼ੀ, ਦਰਜ਼, ਦਰਾਜ਼, ਦਰਜ਼ੀ, ਦਾਇਰਾ, ਦੌਰ, ਦੌਰਾ, ਦਾਦ-ਫ਼ਰਿਆਦ।

ਨੂਰ, ਨੂਰਾਨੀ, ਨਮੂਨਾ, ਨਕਲ, ਨਕਲ-ਨਵੀਸ, ਨਫ਼ਰਤ, ਨਸੀਬ, ਨਸੀਬਾ, ਨਸੀਹਤ, ਨਸੀਹਤਨਾਮਾ, ਨਿਕਾਹ, ਨਮਾਜ਼, ਨੁਕਲ, ਨਮਰਦ, ਨਮਰਦੀ, ਨਾਪਾਕ, ਨਹੂਸਤ, ਨਹਿਸ, ਨਫ਼ਾ, ਨਾਬਾਬਣੀ, ਨਤਾਕਤੀ, ਨਸ਼ਾ, ਨਸ਼ੇਬੰਦੀ, ਨਿਆਜ਼ਬੋ, ਨਰਗਸ, ਨਿਆਮਤ, ਨਵਾਕਫ਼, ਨਵਾਜਬ, ਨਜਾਇਜ਼, ਨਿਸ਼ਤਰ, ਨਜ਼ਰ, ਨਜ਼ਰਬੰਦ, ਨਜ਼ਰਬੰਦੀ।

ਪਰਦਾ, ਪਾਕ, ਪੇਸ਼, ਪੇਸ਼ੀ, ਪੇਸ਼ਾ, ਪੇਸ਼ਾ-ਵਰ, ਪਜਾਮਾ (ਪਾਜਾਮਾ ਤੋਂ)।

ਫ਼ਕੀਰ, ਫ਼ਕੀਰੀ, ਫ਼ਤੂ, ਫ਼ੌਜ, ਫ਼ੌਜਦਾਰ, ਫ਼ੌਜਦਾਰੀ, ਫ਼ਸਲ, ਫ਼ਸਲੀ, ਫ਼ਰਦ-ਜੁਰਮ, ਫ਼ਰਜ਼, ਫ਼ਰਜ਼ੀ, ਫ਼ਰੇਬ, ਫ਼ਰੇਬੀ, ਫ਼ਰਿਸਤ, ਫ਼ਰਿਸ਼ਤਾ, ਫ਼ੁਰਸਤ, ਫ਼ਜ਼ੂਲ, ਫ਼ਜ਼ੂਲੀ, ਫ਼ਜ਼ਲ, ਫ਼ਾਇਦਾ, ਫ਼ਾਇਦੇਮੰਦ,

ਫੀਤਾ, ਫ਼ਰਿਆਦ, ਫ਼ਰਿਆਦੀ, ਫ਼ਿਰਕਾ, ਫ਼ਿਰਕੇਦਾਰੀ, ਫ਼ਿਰਨੂ, ਫੁਰਤੀ, ਫੁਰਤੀਲਾ, ਬਾਜ਼, ਬਾਜ਼ੀਗਰ, ਬਾਜ਼ੂ, ਬਦਨ, ਬਦਨੀ, ਬਦਲ, ਬਦਲੀ, ਬਦਲਣਾ, ਬਖ਼ਤ, ਬਖ਼ਤਾਵਰ, ਬਾਗ਼, ਬਾਗ਼ੀ, ਬਗ਼ਾਵਤ, ਬਰਫ਼, ਬਰਫ਼ੀ, ਬਰਫ਼ਾਨੀ, ਬਈਮਾਨ, ਬਈਮਾਨੀ, ਬਦੀ, ਬੱਦ, ਬੱਦੂ, ਬੁੱਤ, ਬਦਿਲੀ, ਬਦ-ਨਸੀਬ, ਬਦ-ਕਿਸਮਤ, ਬਦ-ਕਿਸਮਤੀ, ਬਦ-ਸ਼ਕਲ, ਬੰਦ, ਬੰਦਸ਼, ਬੰਦਗੀ, ਬੰਦਾ, ਬਨੱਫ਼ਸ਼ਾ, ਬੀਮਾਰ, ਬੀਮਾਰੀ, ਬੇਅਦਬੀ, ਬੇਅਕਲੀ, ਬੇਇਨਸਾਫ਼ੀ, ਬੇਦੀਨ, ਬੇਹੱਦ, ਬਦ-ਹਜ਼ਮੀ, ਬਦਨਾਮ, ਬਦਨਾਮੀ, ਬ੍ਰਾਬਰ, ਬ੍ਰਾਬਰੀ, (ਬ੍ਰੋਬਰੀ), ਬਹਾਦਰੀ, ਬੇ, ਬਰਾਮਦਾ, ਬਹਾਦਰ, ਬਹਾਦਰੀ, ਬਾਕੀ, ਬਕਾਇਆ, ਬੇਖ਼ੁਦੀ, ਬਿਗਾਨਾ, ਬਿਗਾਨਗੀ, ਬਾਦ, ਬੁਨਿਆਦ, ਬੁਨਿਆਦੀ, ਬਰਸ, ਬਰਸੀ, ਬਾਰਸ਼, ਬੇਸਬਰਾ, ਬਸਬਰੀ।

ਮੁਰਦਾ, ਮੁਰਦਾਰ, ਮਰਦੂਦ, ਮਿਸਰੀ, ਮੁਰਾਦ, ਮੁਲਕ, ਮਿਲਖ, ਮਿਲਕੀਅਤ, ਮਸ਼ਹੂਰ, ਮਸ਼ਹੂਰੀ, ਮੁਹਰ, ਮਜਲਸ, ਮੁਰੱਬਾ, ਮੁਦਈ, ਮਿਸਾਲ, ਮਿਸਲ, ਮਿਸਲਦਾਰੀ, ਮੁਸਾਫ਼ਰ, ਮੁਸਾਫ਼ਰੀ, ਮੁਸਾਹਿਬ, ਮੁਰਸ਼ਦ, ਮੁਰੀਦ, ਮੁਕੱਦਮਾ, ਮੁਨਸਫ, ਮਕਾਨ, ਮੁਜਾਰਾ, ਮੁਜਰਾ, ਮੁਜਰਾਈ, ਮੁਕਾਮ, ਮੁਕਾਮੀ, ਮਰਜ਼ ਮਰਜ਼ੀ, ਮਰੀਜ਼, ਮੁਕਰਰ, ਮੁਹਾਵਰਾ, ਮੁਹਾਵਰੇਦਾਰ, ਮੁਸੱਵਰ, ਮੁਸੱਵਰੀ, ਮੁਹੱਬਤ, ਮੁਹੱਬਤੀ, ਮਹਬੂਬ, ਮਹਿਕਮਾ, ਮੁਸ਼ਕਲ, ਮੁਹਲਤ, ਮਰਦ, ਮਰਦੀ, ਮਨਹੂਸ, ਮੁਨਾਫ਼ਾ, ਮੁਖ਼ਤਾਰ, ਮਿੰਨਤ, ਮੁਸ਼ਕ, ਮੀਨਾਕਾਰੀ, ਮਤਲਬ, ਮਤਲਬੀ, ਮੁਲਾਕਾਤ, ਮੁਲਾਕਾਤੀ, ਮਹਿਰਮ, ਯਾਰ, ਮਜਬੂਰੀ, ਮਜਬੂਰ, ਮਸਤ, ਮਸਤੀ, ਮਜ਼੍ਹਬ, ਮਜ਼੍ਹਬੀ, ਮਸਾਲਾ, ਮਸਲਾ, ਮਸ਼ਕਰਾ, (ਮਸਖ਼ਰਾ ਤੋਂ) ਮਸ਼ਕਰੀ, ਮਸ਼ਕੂਰ, ਮਾਹਿਰ, ਮਿਹਰ, ਮਿਹਰਬਾਨੀ, ਮਿਹਰਬਾਨ, ਮੁਸਲਮਾਨ, ਮਜ਼ਾ, ਮੁਹਰਕਾ, ਮਗਜ਼, ਮਗਜ਼ੀ, ਮੁਸ਼ੱਕਤ, ਮੁਨਸ਼ੀ, ਮਲੂਕ,

ਮਲੂਕਜ਼ਾਦੀ, ਮੁਲਾਹਜ਼ਾ।

ਯਾਦ, ਯਾਦਗੀਰੀ, ਯਾਦ, ਯਾਰਗਾਰ, ਯੱਖਨੀ, ਯੱਖ਼, ਯਰਕਾਨ।

ਰੱਬ, ਰੁਖ਼, ਰੂਹ ਰੂਹਾਨੀ, ਰੁਹਬ, ਰਮਜ਼, ਰਿਆਇਤ (ਰਈ), ਰਈਅਤ, ਰਜ਼ਾ, ਰਸੀਦ, ਰਸਮ, ਰਸਮੀ, ਰੋਜ਼, ਰੋਜ਼ਾ, ਰੋਜ਼ੀ।

ਲਾਇਕ, ਲਿਆਕਤ, ਲਿਹਾਜ਼।

ਵਲਵਲਾ, ਵਕਤ, ਵਖਤ (ਮੁਸੀਬਤ), ਵਕੀਲ, ਵਕਾਲਤ, ਵਕਾਲਤਨਾਮਾ, ਵਾਫ਼ਰ, ਵਾਫ਼ਰੀ, ਵਜ਼ਨ, ਵਜ਼ਨੀ, ਵਜ਼ਨਦਾਰ, ਵਿਟਸਾ, ਵਾਰਸ, ਵਾਕ਼ਫ਼, ਵਾਕਫ਼ੀ, ਵਾਜਬ, ਵਾਕਫ਼ਕਾਰ, ਵਕਫ਼ਾ।

## (੩) ਛੁੱਟੜ ਸ਼ਬਦ ਨਾ ਵਰਤੋ

ਜੀਉਂਦੀਆਂ ਚੀਜ਼ਾਂ ਬਦਲਦੀਆਂ ਰਹਿੰਦੀਆਂ ਹਨ। ਜਿਹੜੀਆਂ ਬੋਲੀਆਂ ਮੁਰਦਾ ਬੋਲੀਆਂ ਦੇ ਆਧਾਰ ਤੇ ਨਹੀਂ, ਸਗੋਂ ਆਪਣੇ ਆਧਾਰ ਤੇ ਰਹਿੰਦੀਆਂ ਹਨ, ਓਹਨਾਂ ਵਿਚ ਸਮੇਂ ਦੇ ਲੰਘਣ ਨਾਲ ਕੁਝ ਨਾ ਕੁਝ ਤਬਦੀਲੀਆਂ ਆ ਜਾਂਦੀਆਂ ਹਨ। ਹਿੰਦੀ ਆਦਿ ਬੋਲੀਆਂ ਸੰਸਕ੍ਰਿਤ ਤੋਂ ਪੁਛੇ ਬਿਨਾਂ ਇਕ ਕਦਮ ਵੀ ਨਹੀਂ ਚੁਕ ਸਕਦੀਆਂ। ਸਾਰੇ ਭਾਰਤ ਵਿਚ ਇਕ ਪੰਜਾਬੀ ਹੀ ਹੈ, ਜੋ ਏਸ ਗਲੇ ਬਹੁਤ ਸੁਤੰਤਰ ਹੈ। ਇਹ ਲੋੜ ਪਏ ਤੇ ਆਪਣੇ ਲਫ਼ਜ਼ ਆਪ ਘੜ ਸਕਦੀ ਹੈ, ਅਤੇ ਸਮੇਂ ਸਮੇਂ ਘਸੇਲ ਜਾਂ ਪੁਰਾਣੇ ਹੋ ਗਏ ਸ਼ਬਦਾਂ ਨੂੰ ਜਾਂ ਤਾਂ ਪਰ੍ਹਾਂ ਸੁਟ ਦਿੰਦੀ ਹੈ ਜਾਂ ਓਹਨਾਂ ਵਿਚ ਹੀ ਰੱਦ-ਬਦਲ ਕਰ ਕੇ ਨਵਾਂ ਰੂਪ ਦੇ ਦਿੰਦੀ ਹੈ।

ਨਰੋਲ ਵਰਤਮਾਨ ਪੰਜਾਬੀ ਵਿੱਚ ਏਹੋ ਜਹੇ ਪੁਰਾਤਨ ਜਾਂ ਛੁੱਟੜ ਸ਼ਬਦਾਂ ਦੀ ਕੋਈ ਥਾਂ ਨਹੀਂ।

ਘਨਹਰ (ਬੱਦਲ), ਨਿਰੰਤਰ (ਲਗਾਤਾਰ), ਦਾਮਨੀ (ਬਿਜਲੀ), ਲੋਚਨ (ਅੱਖਾਂ), ਵਿਖਮ (ਔਖਾ), ਮੂਕ (ਗੂੰਗਾ), ਅਨਦਿਨ (ਨਿੱਤ), ਅਨੇਕ (ਕਈ), ਦ੍ਰੁਤ (ਅਣਤਾਰੂ), ਨਿਸਤਾਰਾ (ਛੁਟਕਾਰਾ), ਪਿਰ (ਪ੍ਰੀਤਮ, ਪਤੀ), ਸਮੀਪ (ਨੇੜੇ), ਦੀਪਕ (ਦੀਵਾ), ਪੰਕ ਜਾਂ ਕੀਚ (ਚਿੱਕੜ), ਮੀਨ (ਮੱਛੀ), ਕੀਟ (ਕੀੜਾ), ਨਿਕਟ (ਨੇੜੇ), ਦੀਰਘ (ਲੰਮਾ), ਸੀਸ (ਸਿਰ), ਸਰ (ਤੀਰ), ਢਿਗ (ਕੋਲ, ਪਾਸ), ਤੁਰਨ (ਘੋੜੇ), ਰਸਨਾ, ਜਿਹਵਾ, ਜੇਭਾ, (ਜੀਭ), ਮਇਆ (ਦਿਆ, ਕਿਰਪਾ), ਤੀਖਣ (ਤਿੱਖੀ), ਅਸ਼ਟ (ਅੱਠ), ਹਸਤ ਕਮਲਾਂ ਵਿਖੇ (ਪਵਿੱਤਰ ਹੱਥਾਂ ਵਿੱਚ), ਗਿਰਵਰ (ਪਹਾੜ), ਪ੍ਰਦਾਨ (ਦਾਨ), ਭਾਨ, ਰਵੀ (ਸੂਰਜ) ।

ਰਵਾਇਤੀ ਕਵੀਆਂ ਲਈ ਖੁਲ੍ਹ ਹੈ ਕਿ ਭਰਤੀ ਭਰਨ ਲਈ ਇਹਨਾਂ ਲਫ਼ਜ਼ਾਂ ਨੂੰ ਵਰਤ ਲੈਣ। ਕਈ ਵਾਰੀ ਅਸ਼ਲੀਲ ਜਾਂ ਕੁਹਜੇ ਭਾਵ ਨੂੰ ਕੱਜਣ ਲਈ ਵੀ ਪੁਰਾਤਨ ਜਾਂ ਛੁਟੜ ਸ਼ਬਦ ਵਰਤ ਲਈਦੇ ਹਨ, ਜਿਵੇਂ ਵਿਸ਼ਟਾ, ਲੁਕਵੇਂ ਰੋਮ, ਇੰਦਰੀ, ਲਿੰਗ, ਭਗ, ਅੰਡ-ਕੋਸ਼, ਮੈਥੁਨ, ਭੋਗ, ਪਰ-ਗੰਮਨ, ਪਰ-ਇਸਤਰੀ ਗਾਮਤਾ, ਤੁਰਕਣੀ ਨਾਲ ਯੁੱਧ। 'ਮਰ ਗਿਆ' ਦੀ ਥਾਂ ਕਾਲਵਸ ਜਾਂ ਸੁਰਗਵਾਸ ਹੋ ਗਿਆ ਵਰਤ ਲਈਦਾ ਹੈ । 'ਮੌਤ' ਦੀ ਥਾਂ ਮ੍ਰਿਤੂ, ਪਰਲੋਕ-ਗਮਨ ਆਦਿ ਵਰਤ ਲਈਦੇ ਹਨ । ਇਸੇ ਤਰ੍ਹਾਂ 'ਅੰਨ੍ਹਾ' ਦੀ ਥਾਂ 'ਨੇਤ੍ਰਹੀਨ', 'ਮੂਰਖ' ਦੀ ਥਾਂ 'ਮਤਹੀਨ', 'ਗੰਦਾ' ਦੀ ਥਾਂ 'ਅਸ਼ਲੀਲ' ਜਾਂ 'ਅਸੱਭ', 'ਨਮਰਦ' ਦੀ ਥਾਂ 'ਨਿਪੁੰਸਕ' ।

ਪਰ ਨਿਰੀ ਪੁਰਾਤਨਤਾ ਦਾ ਦਿਖਾਵਾ ਠੀਕ ਨਹੀਂ। 'ਖ਼ਸੇਖ' ਬਸੇਖਿਆਣ (ਡਾ. ਮੋਹਨ ਸਿੰਘ) ਦੀ ਥਾਂ 'ਖ਼ਾਸ' ਵਰਤੋ ਜਾਂ ਸਿੱਧਾ ਸੰਸਕ੍ਰਿਤ ਪਦ 'ਵਿਸ਼ੇਸ਼' ਲਓ । ਕਾਹਨੂੰ ਅੱਧ-ਪਚੱਧੀ ਪੁਰਾਤਨਤ ਸਹੇੜਦੇ ਹੋ ? (ਪਰ ਲਿਖਾਰੀ ਕਹਿੰਦਾ ਹੈ: ਅਸੀਂ ਵਿਸ਼ੇਸ਼ ਲਿਖ ਕੇ

ਕਿਉਂ ਸਦੀਆਂ ਦੇ ਭਾਖੇਈ ਵਿਗਾਸ ਨੂੰ ਭੁਲਾ ਦਈਏ ? ) । ਇਸੇ ਤਰ੍ਹਾਂ 'ਨਿਕਟਤਾ' ਡਾ. ਮੋਹਣ ਸਿੰਘ ਦੀ ਥਾਂ 'ਨੇੜ' ਲਓ । ਕਈ ਗੁਰਬਾਣੀ ਦੀ ਨਕਲ ਕਰਕੇ 'ਗਇਆ', 'ਦਇਆ', 'ਲਇਆ', ਵਾਲਾ ਪੁਰਾਣਾ ਰੂਪ ਦਿੰਦੇ ਹਨ । ਇਹ ਠੀਕ ਨਹੀਂ । ਏਹ ਹਿੰਦੀ ਵਾਲੇ ਰੂਪ ਹਨ, ਜੋ ਗੁਰੂ ਸਾਹਿਬ ਦੇ ਵੇਲੇ ਪ੍ਰਚਲਤ ਸਨ। ਉਸ ਵੇਲੇ (ਤੇ ਹੁਣ ਵੀ) ਹਿੰਦੀ ਵਾਲੇ 'ਗਇਆ', 'ਦਇਆ', ਦਾ ਉਚਾਰਣ ਪੰਜਾਬੀਆਂ ਕੋਲੋਂ ਵਖਰਾ ਕਰਦੇ ਸਨ। ਓਹ 'ਗਇਆ' ਨੂੰ 'ਗਯਾ' ਕਰਕੇ ਬੋਲਦੇ ਸਨ, ਅਸੀਂ 'ਗਿਆ' ਬੋਲਦੇ ਹਾਂ । ਸੋ ਜਿਹਾ ਬੋਲੋ ਤਿਹਾ ਲਿਖੋ ਅਨੁਸਾਰ ਗਿਆ, ਲਿਆ, ਦਿਆ ਹੀ ਲਿਖਣਾ ਠੀਕ ਹੈ।

ਕੁਝ ਦੇਰ ਦੀ ਗੱਲ ਹੈ ਕਿ ਕੁਝ ਕੁ ਅੰਮ੍ਰਿਤਸਰੀਆਂ ਨੇ 'ਹੁਨਰ' ਨੂੰ 'ਉਨਰ' ਲਿਖਣਾ ਸ਼ੁਰੂ ਕੀਤਾ ਸੀ, ਪਰ ਗੱਲ ਚਲੀ ਨਾ । ਹੁਣ ਸਾਰੇ 'ਹੁਨਰ' ਹੀ ਲਿਖਦੇ ਹਨ, ਸਿਵਾਏ ਪ੍ਰੋ. ਸੁਰਿੰਦਰ ਸਿੰਘ ਕੋਹਲੀ ਦੇ ਜੋ ਅਜੇ ਵੀ 'ਉਨਰ' ਹੀ ਦਬੀ ਜਾਂਦਾ ਹੈ, ਅਤੇ 'ਨਜ਼ਰ' ਦੀ ਥਾਂ 'ਨਦਰ' ਹੀ ਲਿਖਦਾ ਹੈ। ਰੱਬ ਸੁਮੱਤ ਬਖਸ਼ੇ !

ਇਸੇ ਤਰ੍ਹਾਂ ਓਹਨਾਂ ਲੋਕਾਂ ਦੀ ਚਲਾਈ ਹੋਈ ਪਿਰਤ ਅਨੁਸਾਰ ਅਜੇ ਵੀ ਕਈ ਗਿਆਨੀ ਪੁਰਸ਼ 'ਵਿੱਚ' ਨੂੰ 'ਵਿਖੇ' ਹੀ ਲਿਖਦੇ ਹਨ । ਇਹ ਠੀਕ ਨਹੀਂ। ਸਾਡੇ ਵੱਡਿਆਂ ਨੇ ਕਈ ਮੁਦਤਾਂ ਲਾ ਕੇ 'ਵਿਖੇ' ਨੂੰ 'ਵਿਚ' ਬਣਾਇਆ ਸੀ। ਸਗੋਂ 'ਵਿੱਚ' ਤੋਂ ਵੀ ਅਗਾਹਾਂ ਲੰਘ ਕੇ ਨਿਰਾ 'ਚ' ਹੀ ਰਹਿ ਗਿਆ ਸੀ (ਘਰ 'ਚ, ਮੂੰਹ 'ਚ) । ਹੁਣ ਇਸ ਸਦੀਆਂ ਦੀ ਕੀਤੀ ਕਮਾਈ ਉਤੇ ਪਾਣੀ ਫੇਰ ਕੇ ਮੁੜ 'ਸੇਵਾ ਵਿਖੇ' ਲਿਖਣਾ ਠੀਕ ਨਹੀਂ । 'ਸੇਵਾ ਵਿੱਚ' ਠੀਕ ਹੈ।

ਇਸੇ ਪਿਛਾਂਹ-ਖਿੱਚੂ ਬਿਰਤੀ ਨੇ 'ਦਿਖਾਉਣਾ' ਨੂੰ 'ਦਰਸਾਉਣਾ' ਬਣਾ ਦੱਸਿਆ ਹੈ। ਭਾਈ, 'ਦਰਸਾਉਣਾ' ਨੂੰ ਘਸਾ ਘਸਾ ਕੇ ਹੀ

ਸਾਡੇ ਵੱਡਿਆਂ ਨੇ 'ਵਿਖਾਉਣਾ' ਬਣਾਇਆ ਸੀ। ਮੁੜ ਪਿਛਾਹਾਂ ਕਿਉਂ ਜਾਂਦੇ ਹੋ?

'ਚਾਤ੍ਰਿਕ' ਜੀ ਵੀ ਭੁਲ-ਭੁਲੇਖੇ ਆਪਣੇ ਸੂਫ਼ੀਖ਼ਾਨੇ ਵਿਚ ਬਹਿ ਕੇ 'ਸਾਰੇ ਜਹਾਨ' ਨੂੰ 'ਸਗਲ ਜਹਾਨ' ਕਹਿੰਦੇ ਹਨ। ਪਰ ਉਹ ਤਾਂ ਕਵੀ ਹੋਏ।

'ਆਸਾ ਦੀ ਵਾਰ' ਵਿਚ 'ਮਿਠਤਿ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ' ਆਉਂਦਾ ਹੈ। ਇਥੇ ਮਿਠਾਸ ਤੇ ਨਿਮਰਤਾ ਨੂੰ 'ਮਿਠਤਿ ਨੀਵੀ' ਕਿਹਾ ਹੈ। ਡਾ. ਮੋਹਣ ਸਿੰਘ ਜੀ ਲਿਖਦੇ ਹਨ: "ਹੁਸੈਨ ਬਹੁਤ ਹੀ ਮਿੱਠਾ ਤੇ ਨੀਵਾਂ ਸੀ।" ਵਾਹ ਭਈ, ਹੁਸੈਨ ਸ਼ਾਹ 'ਨੀਵਾਂ' ਸੀ! ਇਹ ਜੇ ਸਿੱਟਾ ਪੁਰਾਣੀ ਬੋਲੀ ਨੂੰ ਅਜੋਕੀ ਬੋਲੀ ਕਰਕੇ ਵਰਤਣ ਦਾ! ਏਥੇ 'ਨੀਵਾਂ' ਦੀ ਥਾਂ 'ਨਿਰਮਾਣ' ਲਿਖਦੇ ਤਾਂ ਠੀਕ ਸੀ।

'ਸੁਹਾਵਾ' ਗੁਰਬਾਣੀ ਵਿਚ 'ਸੋਹਣਾ' ਅਰਥ ਰਖਦਾ ਹੈ: "ਦੁਨੀ ਸੁਹਾਵਾ ਬਾਗੁ।" ਹੋਰ ਵੀ ਪੁਰਾਣੇ ਅਖਾਣਾਂ ਵਿਚ ਆਉਂਦਾ ਹੈ: "ਗਏ ਸੁਹਾਵੇ ਰੋਜੜੇ ਰਹੇ ਨੌਂ ਤੇ ਵੀਹ।" ਸਾਡੇ ਵੱਡਿਆਂ ਨੇ ਤਰੱਕੀ ਦੀ ਰਮਣੀਕ ਪਹਾੜੀ ਕੋਲ, ਮੁਰਗ਼ਾਬੀਆਂ ਵਾਲੇ ਛੰਭਾਂ ਦੇ ਕੰਢੇ ਇਕ ਸੋਹਣੀ ਜਹੀ ਥਾਂ ਵਸਦੇ ਪਿੰਡ ਦਾ ਨਾਂ 'ਸੁਹਾਵਾ' ਰਖ ਦਿੱਤਾ ਸੀ। (ਉਸ ਲੜੀ ਵਿਚ ਕੁਝ ਵਿੱਥ ਤੇ ਇਕ ਹੋਰ ਪਿੰਡ ਦਾ ਨਾਂ ਵੀ 'ਸੋਹਣ' ਰਖਿਆ ਸੀ।) ਹੁਣ 'ਸੁਹਾਵਾ' ਦਾ ਲਫ਼ਜ਼ ਪੁਰਾਣਾ ਹੋ ਗਿਆ ਹੈ। ਇਹ ਪ੍ਰਚਲਤ ਨਹੀਂ। ਇਸ ਦੀ ਥਾਂ 'ਸੁਹਾਉਣਾ' ਵਰਤੀਂਦਾ ਹੈ।

'ਨਾਮ' ਪੁਰਾਣਾ ਧਾਰਮਕ ਸ਼ਬਦ ਹੈ; ਜਿਵੇਂ 'ਨਾਮ ਜਪੋ'। ਇਸ ਦੀ ਆਮ ਵਰਤੋਂ ਠੀਕ ਨਹੀਂ। 'ਉਸਦਾ ਨਾਮ ਸੁਰਜੂ ਹੈ' ਠੀਕ ਨਹੀਂ। ਇਥੇ 'ਨਾਮ' ਦੀ ਥਾਂ 'ਨਾਂ' ਵਰਤੋ।

'ਅਰ' ਵੀ ਪੁਰਾਣਾ ਹੋ ਗਿਆ ਹੈ। ਸੇਖੋਂ ਇਸ ਨੂੰ ਬਹੁਤ ਵਰਤਦਾ ਹੈ: 'ਰਜਵੰਤ ਅਰ ਉਸ ਦੀਆਂ ਸਹੇਲੀਆਂ' (ਸੇਖੋਂ) ਵਿਚ 'ਅਰ' ਦੀ ਥਾਂ 'ਅਤੇ' ਜਾਂ 'ਤੇ' ਚਾਹੀਦਾ ਸੀ।

'ਗ੍ਰਹ ਵਿਖੇ' ਦੀ ਥਾਂ 'ਘਰ ਵਿੱਚ' ਚਾਹੀਦਾ ਹੈ।

## ਲਫ਼ੰਗਾਸ਼ਾ ਜਾਂ ਬਜ਼ਾਰੀ ਬੋਲੀ

ਭਾਵੇਂ ਨਾਟਕੀ-ਨਾਵਲੀ ਪਾਤਰਾਂ ਦੇ ਮੂੰਹੋਂ ਕਈ ਖੁਲ੍ਹੇ-ਡੁਲ੍ਹੇ ਬੋਲ ਕੁਬੋਲ ਸੁਣੀਦੇ ਹਨ, ਅਤੇ ਆਮ ਲੋਕਾਂ ਦੀ ਬੋਲੀ ਵਿਚ ਵੀ ਕਈ ਲੌਕਿਕ ਸ਼ਬਦ ਆਉਂਦੇ ਹਨ, ਪਰ ਗੰਭੀਰ ਲਿਖਾਰੀਆਂ ਦੀ ਲਿਖਤ ਵਿਚ ਐਹੋ ਜਹੇ ਲਫ਼ਜ਼ ਆਉਣੇ ਠੀਕ ਨਹੀਂ। ਜਿਵੇਂ ਅੰਗਰੇਜ਼ੀ ਦੇ ਲਿਖਾਰੀ ਨਾਵਲਾਂ ਥਾਂ ਨਾਟਕਾਂ ਦੇ ਪਾਤਰਾਂ ਦੇ ਮੂਹੋਂ 'is' ਦੀ ਥਾਂ ''s', 'him' ਦੀ ਜਾਂ ''im', 'it is' ਦੀ ਥਾਂ 'it's' ਜਾਂ 'tis,' 'examination' ਦੀ ਥਾਂ exam. ਆਦਿ, ਅਖਵਾ ਲੈਂਦੇ ਹਨ, ਪਰ ਗੰਭੀਰ ਲਿਖ਼ਤਾਂ ਵਿੱਚ ਆਪਣੇ ਵਲੋਂ ਏਹੋ ਜਹੀਆਂ ਕਾਤਰਾਂ-ਵੇਤਰਾਂ ਨਹੀਂ ਵਰਤਦੇ. ਤਿਵੇਂ ਪੰਜਾਬੀ ਦੀਆਂ ਸਾਊ ਲਿਖਤਾਂ ਵਿਚ ਲਿਖਾਰੀਆਂ ਨੂੰ ਆਪਣੇ ਵਲੋਂ ਏਹੋ ਜਿਹੇ ਲੰਡ ਮੁੰਡ ਨਹੀਂ ਵਰਤਣੇ ਚਾਹੀਦੇ : ਇਹਦਾ, ਉਹਦਾ, ਜਿਦ੍ਹਾ, ਕਿਦ੍ਹਾ, ਸਾਹਵੇਂ, ਦੀਹਦਾ, ਕਾਹਦੇ ਆਦਿ। ਏਹਨਾਂ ਦੀ ਥਾਂ ਲਿਖਤ ਵਿਚ ਇਸ ਦਾ, ਉਸ ਦਾ, ਜਿਸ ਦਾ, ਕਿਸ ਦਾ, ਸਾਹਮਣੇ, ਦਿਸਦਾ, ਕਾਸ ਦਾ ਹੈ, ਆਦਿ, ਆਉਣੇ ਚਾਹੀਦੇ ਹਨ।

ਇਸੇ ਤਰ੍ਹਾਂ ਹੇਠ ਲਿਖੇ ਸ਼ਬਦ ਪਤਵੰਤੇ ਲੇਖਾਂ ਵਿਚ ਨਹੀਂ ਆਉਣੇ ਚਾਹੀਦੇ, ਜਾਂ ਥਾਂ ਕੁਥਾਂ ਵੇਖ ਕੇ ਵਰਤਣੇ ਚਾਹੀਦੇ ਹਨ :

ਕੀ ਕਰਨ 'ਡਿਹਾ' ਹੋਇਆ ਹੈਂ : ਕੀ ਕਰਦਾ ਪਿਆ ਹੈਂ ?

ਚੱਕ ਲਿਆ : ਚੁਕ ਲਿਆ।

ਅਕਬਰ ਜਹਾਂਗੀਰ ਦਾ 'ਪਿਉ' (ਜਾਂ 'ਪੇ') ਸੀ : ਪਿਤਾ ਸੀ।
ਤੇਰੇ ਜਣਦਿਆਂ ਨੂੰ ਬੁਲਾਇਆ ਹੈ : ਮਾਪਿਆਂ ਨੂੰ।
ਮਹਾਤਮਾ ਗਾਂਧੀ ਅਜੇ 'ਮੁੰਡਾ' ਹੀ ਸੀ : ਬਾਲਕ ਛੋਟੀ ਉਮਰ ਦੇ ਸਨ।
ਮਹਾਰਾਜਾ ਰਣਜੀਤ ਸਿੰਘ ਲਾਹੌਰ ਆ ਵੜਿਆ : ਦਾਖ਼ਲ ਹੋਇਆ।
ਰਾਣੀ ਨੇ 'ਰੋਟੀ-ਟੁਕ' ਖਾਧਾ : ਖਾਣਾ ਖਾਧਾ, ਪਰਸ਼ਾਦ ਛਕਿਆ।
ਸਾਡੇ ਉਸਤਾਦ ਦੇ ਕਈ ਨੀਂਗਰ ਹਨ : ਬੱਚੇ ਹਨ।
'ਬਾਮ੍ਹਣ,' ਪੰਮਾ, 'ਮਿਸਰ' : ਬ੍ਰਾਹਮਣ।
ਮੁਸਲਾ, ਮੁਸਲੱਕਾ : ਮੁਸਲਮਾਨ, ਮੁਸਲਮਾਨੀ।
ਗੂੰਹ : ਟੱਟੀ, ਮੈਲਾ, ਗੰਦ।

ਤੁਹਾਨੂੰ ਇਹ ਪੌਲਾ ਕਿੰਨੀਂ ਪਿਆ : ਤੁਸੀਂ ਇਹ ਜੁੱਤੀ ਕਿਵੇਂ ਲਈ ਹੈ ? ਜਾਂ ਕਿੰਨੇ ਨੂੰ ਲਈ ਹੈ ? ਤੁਹਾਨੂੰ ਇਹ 'ਤੰਬਾ' ਚੰਗਾ ਨਹੀਂ ਲਗਦਾ : ਪਜਾਮਾ।

ਫੋਟ—ਫਿੱਟੇ-ਮੂੰਹ; ਟਿੰਡ : ਸਿਰ; ਗਧੀ-ਗੇੜ, ਗਦੋਂ—ਖੁਰਕੀ।

'ਦੋਸਤੀ' ਦੀ ਥਾਂ ਕੁੜੀਆਂ ਗਲ-ਕਥ ਵਿਚ ਤਾਂ 'ਬਿਪੀਆਂ' ਵਰਤ ਲੈਣ (ਜਿਵੇਂ ਦੁੱਗਲ ਦੇ ਨਾਟਕਾਂ ਵਿਚ), ਪਰ ਸੱਭਿਅ ਬੋਲੀ ਵਿਚ ਨਹੀਂ।

'ਸੀਂਢ' ਪਿਆ ਵਗਦਾ ਹੈ : ਨੱਕ ਪਿਆ ਵਗਦਾ (ਜਾਂ ਚੋਂਦਾ) ਹੈ।
ਨਖ਼ਰਾ 'ਘੁਸੇੜ ਦਿਉਂ' : ਨਖ਼ਰਾ ਕੱਢ ਦਿਉਂ।
ਪੰਜਾਬੀ ਵਿਚ ਉਰਦੂ ਦੀ ਘੁਸੜ-ਘੁਸੇੜ : ਰਲਾ, ਮਿਲਾਵਟ।
ਕੌਣ ਆਖੇ ਰਾਣੀਏ ਅੱਗਾ ਢੱਕ : ਵੱਡਿਆਂ ਦੇ ਕਸੂਰ ਕੌਣ ਦੱਸੇ ?

ਰਾਜਾ ਕੂ ਪਿਆ : ਬੋਲ ਉੱਠਿਆ ।
ਘੱਭਲੀਆਂ : ਗੱਪਾਂ ।
ਛਿਤ੍ਰਾੜ : ਜੁੱਤੀਆਂ ਦੀ ਮਾਰ ।
ਚਾਹਟਾ ਛਕਾਉਣਾ, ਸਹੁੜ ਫੇਰਨਾ : ਮਾਰਨਾ, ਕੁਟਣਾ ।
ਭੌਂਦੂ : ਬੁੱਧੂ, ਮੂਰਖ ।
ਬੰਬ ਬੋਲ ਜਾਣੀ : ਤਬਾਹ ਹੋਣਾ ।
ਘੰਨਚੱਕਰ : ਅਜੀਬ ਆਦਮੀ ।
ਗਪੌੜ-ਸੰਖ : ਗੱਪੀ ।
ਘਿੱਸ ਹੋ ਗਈ : ਨਿਰਾਸਤਾ ਹੋਈ ।
'ਜੈ-ਵਢਿਆ', 'ਦਾਦੇ-ਮੂੰਹ-ਹਗਾਣਾ', 'ਝੁੱਡੂ', 'ਭਿੱਤੂ' ਗਾਲ੍ਹਾਂ ਹਨ ।
ਬੁੱਕ ਲਾਉਣਾ : ਧੋਖਾ ਦੇਣਾ ।
ਸੱਟ ਕਢਣੀ : ਕੰਮ ਕਢਣਾ ।
ਟਰਕਾ ਛੱਡਿਆ : ਟਾਲ ਦਿੱਤਾ ।

# ਪੰਜਾਬੀ ਠੇਠ ਹੋਵੇ

ਪਿਛਲੇ ਕਾਂਡ ਵਿਚ ਕਿਹਾ ਸੀ ਕਿ ਪੰਜਾਬੀ 'ਨਰੋਲ' ਹੋਵੇ। ਹੁਣ ਕਿਹਾ ਹੈ ਕਿ ਪੰਜਾਬੀ 'ਠੇਠ' ਹੋਵੇ। ਏਹਨਾਂ ਦੋਹਾਂ ਆਖ਼ਿਆਂ ਵਿਚ ਢੇਰ ਫ਼ਰਕ ਹੈ। ਪੰਜਾਬੀ ਨੇ ਨਰੋਲ ਹੋਣਾ ਹੈ ਗ਼ੈਰ-ਪੰਜਾਬੀ ਬੋਲੀਆਂ ਦੇ ਟਾਕਰੇ ਤੇ, ਅਤੇ ਠੇਠ ਹੋਣਾ ਹੈ ਉਪ-ਭਾਖਾਵਾਂ ਦੇ ਟਾਕਰੇ ਤੇ। ਪੰਜਾਬੀ ਉਹੀ ਠੀਕ ਹੈ ਜੋ ਟਕਸਾਲੀ ਹੈ, ਜਿਸ ਵਿਚ ਕਿਸੇ ਉਪ-ਭਾਖਾ ਦਾ ਰਲਾ ਨਹੀਂ।

ਪੰਜਾਬੀ ਦੀਆਂ ਉਪ-ਭਾਖਾਵਾਂ ਏਹ ਹਨ :

ਪੋਠੋਹਾਰੀ (ਰਾਵਲਪਿੰਡੀ, ਜਿਹਲਮ)।

ਲਹਿੰਦੀ (ਝੰਗ, ਮੁਲਤਾਨ, ਡੇਰਾਜਾਤ, ਸ਼ਾਹਪੁਰ, ਮੀਆਂਵਾਲੀ)।

ਮਾਝੀ (ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਗੁਰਦਾਸਪੁਰ, ਸਿਆਲਕੋਟ)।

ਦੁਆਬੀ (ਜਲੰਧਰ, ਹੁਸ਼ਿਆਰਪੁਰ)।

ਮਲਵਈ (ਲੁਧਿਆਣਾ, ਫ਼ਰੋਜ਼ਪੁਰ)।

ਪੁਆਧੀ, ਪਚਾਧੀ ਜਾਂ ਬਾਗੜੀ (ਹਿਸਾਰ, ਕਰਨਾਲ, ਅੰਬਾਲਾ)।

ਪਹਾੜੀ ਜਾਂ ਡੋਗਰੀ (ਜੰਮੂ ਤੇ ਕਾਂਗੜਾ)।

ਏਹਨਾਂ ਵਿਚੋਂ ਠੇਠ ਪੰਜਾਬੀ ਮਾਝ ਦੀ ਬੋਲੀ, ਮਾਝੀ, ਗਿਣੀ ਜਾਂਦੀ ਹੈ, ਜੋ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲੇ, ਗੁਰਦਾਸਪੁਰ ਅਤੇ ਸਿਆਲਕੋਟ ਦੇ ਇਲਾਕਿਆਂ ਵਿਚ ਬੋਲੀ ਜਾਂਦੀ ਹੈ।

ਲਿਖਾਰੀਆਂ ਨੇ ਏਹਨਾਂ ਇਲਾਕਿਆਂ ਦੇ ਪੇਂਡੂਆਂ ਦੀ ਬੋਲੀ ਨਹੀਂ ਵਰਤਣੀ, ਸਗੋਂ ਓਹਨਾਂ ਲਿਖਾਰੀਆਂ ਦੀ ਲਿਖਤੀ ਬੋਲੀ ਵਰਤਣੀ ਹੈ ਜੋ ਏਹਨਾਂ ਇਲਾਕਿਆਂ ਦੇ ਜੰਮ-ਪਲ ਹਨ, ਜਾਂ (ਭਾਵੇਂ ਕਿਸੇ ਹੋਰ ਇਲਾਕੇ ਦੇ ਵਸਨੀਕ ਹੁੰਦਿਆਂ) ਇਸ ਕੇਂਦਰੀ ਇਲਾਕੇ ਦੇ ਲਿਖਾਰੀਆਂ ਦੀ ਲਿਖਤੀ ਬੋਲੀ ਵਰਤਦੇ ਹਨ।

ਇਸ ਕੇਂਦਰੀ ਬੋਲੀ ਦਾ ਠੁੱਕ ਸਦੀਆਂ ਤੋਂ ਬੱਝਾ ਆਇਆ ਹੈ। ਇਹ ਠੁੱਕ ਉਰਦੂ ਤੇ ਹਿੰਦੀ ਦੇ ਜੰਮਣ ਤੋਂ ਪਹਿਲਾਂ ਬੱਝ ਚੁਕਾ ਸੀ। ਫ਼ਰੀਦ* ਠੇਠ ਪੰਜਾਬੀ ਲਿਖਦਾ ਸੀ, ਭਾਵੇਂ ਉਹ ਦੱਖਣ-ਪਛਮੀ ਪੰਜਾਬ ਦਾ ਵਸਨੀਕ ਸੀ ਅਤੇ ਬਾਰ੍ਹਵੀਂ ਸਦੀ ਵਿਚ ਹੋਇਆ ਹੈ। ਉਸ ਦੀ ਬੋਲੀ ਦਾ ਮੁਹਾਵਰਾ ਸਦੀਆਂ ਲੰਘ ਜਾਣ ਮਗਰੋਂ ਵੀ ਨਹੀਂ ਬਦਲਿਆ। ਇਸੇ ਤਰ੍ਹਾਂ ਮੁਲਤਾਨ ਦੇ ਇਲਾਕੇ ਦਾ ਅਲੀ-ਹੈਦਰ, ਪੋਠੋਹਾਰ ਦਾ ਬਰਦਾ, ਅਤੇ ਹੁਸ਼ਿਆਰਪੁਰ ਦੇ ਇਲਾਕੇ ਦਾ ਗੁਰੂ ਗੋਬਿੰਦ ਸਿੰਘ ਉਸੇ ਤਰ੍ਹਾਂ ਦੀ ਠੇਠ ਪੰਜਾਬੀ ਲਿਖਦੇ ਸਨ ਜਿਸ ਤਰ੍ਹਾਂ ਦੀ ਵਿਚਕਾਰਲੇ ਇਲਾਕੇ ਦੇ ਲਿਖਾਰੀ ਵਾਰਸ ਸ਼ਾਹ ਤੇ ਬੁਲ੍ਹੇ ਸ਼ਾਹ। ਮਾਲਵੇ ਦੇ ਜੰਮੇ ਬਲਵੰਤ ਗਾਰਗੀ, ਦੇਵਿੰਦਰ ਸਤਿਆਰਥੀ ਤੇ ਕਮਲਾ ਅਕਾਲੀ, ਦੱਖਣੀ ਇਲਾਕੇ ਦਾ ਹਰਜੀਤ ਸਿੰਘ (ਕਰਤਾ 'ਨੈਂ ਝਨਾਂ'), ਅਤੇ ਪੋਠੋਹਾਰ ਦੇ ਜੰਮੇ ਵਿਧਾਤਾ ਸਿੰਘ 'ਤੀਰ' ਤੇ ਮੋਹਣ ਸਿੰਘ ਮਾਹਿਰ ਉਹੋ ਜਹੀ ਪੰਜਾਬੀ ਵਰਤਦੇ ਹਨ ਜਿਹੜੀ ਗੁਰਦਾਸਪੁਰ

---

*ਵੇਖੋ ਮੇਰੀ ਕਿਤਾਬ 'ਸਾਹਿੱਤ-ਦਰਸ਼ਨ', ਪੰਨੇ ੩੦–੩੩.

ਦੇ ਆਈ. ਸੀ. ਨੰਦਾ, ਤਰਨਤਾਰਨ ਦੇ ਭਾਈ ਮੋਹਣ ਸਿੰਘ ਵੈਦ, ਅਤੇ ਅੰਮ੍ਰਿਤਸਰ ਦੇ ਭਾਈ ਵੀਰ ਸਿੰਘ ਅਤੇ ਧਨੀਰਾਮ 'ਚਾਤ੍ਰਿਕ' ਦੀਆਂ ਲਿਖਤਾਂ ਵਿਚ ਮਿਲਦੀ ਹੈ।

ਏਹੋ ਸਾਡੇ ਟਕਸਾਲੀ ਲਿਖਾਰੀ ਹਨ, ਅਤੇ ਏਹਨਾਂ ਦੀ ਬੋਲੀ ਦੀ ਹੀ ਰੀਸ ਕਰਨ ਨਾਲ ਚੰਗੇ ਲਿਖਾਰੀ ਬਣ ਸਕੀਦਾ ਹੈ।

ਆਪਣੀ ਬੋਲੀ ਨੂੰ ਠੇਠ ਬਣਾਉਣ ਲਈ ਹੇਠ ਲਿਖੀਆਂ ਸੋਧਾਂ ਵਰਤਣੀਆਂ ਚਾਹੀਦੀਆਂ ਹਨ :

੧. ਇਸ ਕਿਤਾਬ ਦੇ ਪਹਿਲੇ ਕਾਂਡ ਵਿਚ ਦੱਸੀ ਪੰਜਾਬੀਅਤ ਨੂੰ ਕਾਇਮ ਰਖੋ। ਆਪਣੇ ਦੇਸ ਦੇ ਨਦੀ-ਨਾਲਿਆਂ, ਪਹਾੜਾਂ, ਮਦਾਨਾਂ, ਖੇਤਾਂ, ਵਾਹਣਾਂ, ਗਲੀਆਂ, ਬਜ਼ਾਰਾਂ, ਝੁੱਗੀਆਂ, ਟਪਰੀਆਂ ਤੇ ਓਹਨਾਂ ਵਿੱਚ ਵਸਦੇ ਲੋਕਾਂ ਤੇ ਓਹਨਾਂ ਦੀ ਰਹਿਣੀ-ਬਹਿਣੀ, ਬੋਲੀ, ਸਾਹਿੱਤ, ਕਾਰ, ਵਿਹਾਰ, ਹੁਨਰਾਂ ਤੇ ਕਿੱਤਿਆਂ ਨੂੰ ਪਿਆਰ ਕਰੋ।

੨. ਉੱਤੇ ਦੱਸੇ ਠੇਠ ਲਿਖਾਰੀਆਂ ਦੀਆਂ ਲਿਖਤਾਂ ਪੜ੍ਹੋ ਤੇ ਓਹਨਾਂ ਦਾ ਮੁਹਾਵਰਾ ਸਿਖੋ।

੩. ਆਪਣੀਆਂ ਲਿਖਤਾਂ ਨੂੰ ਅੰਗਰੇਜ਼ੀ, ਫ਼ਾਰਸੀ, ਸੰਸਕ੍ਰਿਤ, ਹਿੰਦੀ, ਉਰਦੂ ਆਦਿ ਸਾਹਿਤਾਂ ਦੇ ਭੰਡਾਰ ਤੋਂ ਲਾਭ ਲੈਂਦਿਆਂ ਹੋਇਆਂ ਏਹਨਾਂ ਦੇ ਅਣਪਚਵੇਂ ਅਸਰਾਂ ਤੋਂ ਬਚਾ ਕੇ ਰਖੋ।

(ੳ) ਕਈ ਲਿਖਾਰੀ ਅੰਗ੍ਰੇਜ਼ੀ ਦਾ ਇਤਨਾ ਅਸਰ ਕਬੂਲਦੇ ਹਨ ਕਿ ਉਹ ਅੰਗ੍ਰੇਜ਼ੀ ਵਿਚ ਹੀ ਸੋਚਦੇ ਤੇ ਅੰਗ੍ਰੇਜ਼ੀ ਢੰਗ ਨਾਲ ਹੀ ਆਪਣੇ ਖ਼ਿਆਲ ਪਰਗਟ ਕਰਦੇ ਹਨ। ਓਹਨਾਂ ਦੇ ਖ਼ਿਆਲ ਓਪਰੇ ਓਪਟੇ, ਪੰਜਾਬੀਅਤ ਤੋਂ ਖ਼ਾਲੀ, ਅਣਪੰਜਾਬੀ ਰੂਪ ਵਿਚ ਹੀ ਉਲਥਾਏ ਹੁੰਦੇ ਹਨ। ਪ੍ਰੋ: ਹਰਦਿਆਲ ਸਿੰਘ, ਜੋ ਸਾਹਿੱਤ ਪੜ੍ਹਾਂਦਾ ਤੇ ਸਾਹਿੱਤਕ ਪਰਖ ਦੀਆਂ ਕਿਤਾਬਾਂ ਲਿਖਦਾ ਹੈ, ਆਪਣੀ ਇਕ ਕਿਤਾਬ ਵਿਚ

ਇਉਂ ਲਿਖਦਾ ਹੈ :

"ਅਜੇਹੀਆਂ ਗੱਲਾਂ ਇਕ ਦਮ ਅਨੰਦ ਤੇ ਟੁੰਬ ਹਨ ।" ਇਹ ਨਿਰਾ ਉਲਥਾ ਹੈ ਅੰਗ੍ਰੇਜ਼ੀ ਦਾ [At once a joy and an inspiration] ਲਿਖਾਰੀ ਦਾ ਭਾਵ ਇਉਂ ਜ਼ਾਹਰ ਹੋ ਸਕਦਾ ਸੀ : "ਜਿਥੇ ਖੁਸ਼ੀ ਦਿੰਦੀਆਂ ਹਨ, ਉੱਥੇ ਨਵੀਆਂ ਨਵੀਆਂ ਸੋਚਾਂ ਵੀ ਉਸਾਰਦੀਆਂ ਹਨ ।" ਇਹ ਫਿਰ ਲਿਖਦਾ ਹੈ, "ਕਵੀ ਵਾਂਗ ਪਾਠਕ ਵੀ ਜਨਮ ਲੈਂਦਾ ਹੈ, ਬਣਾਇਆ ਨਹੀਂ ਜਾ ਸਕਦਾ ।" ਜੇਕਰ ਇਹ ਲਿਖਾਰੀ ਪੰਜਾਬੀ ਵਿਚ ਹੀ ਸੋਚਦਾ, ਤਾਂ ਉਸ ਨੂੰ ਸ਼ਬਦ 'ਜਮਾਂਦਰੂ' ਅਹੁੜ ਪੈਂਦਾ । ਇਹੋ ਲਿਖ਼ਾਰੀ ਫੇਰ ਲਿਖਦਾ ਹੈ : "ਦਿਖ-ਭਾਵ ਤੇ ਭਾਵ ਵਿਚ ਉਹੀ ਸੰਬੰਧ ਹੈ ਜੋ ਕਿ ਇਕ ਕਾਗ਼ਜ਼ ਦੀ ਗੁੱਡੀ ਤੇ ਉਸ ਸੁੰਦਰ ਲੜਕੀ ਵਿੱਚ ਹੈ, ਜਿਸ ਦਾ ਨਮੂਨਾ ਪਹਿਲੀ ਬਣਾਈ ਗਈ ਹੈ ।" (ਵਲਵਲੇ ਤੇ ਲਿਲ੍ਹਕ ਵਿਚ ਉਹੋ ਫ਼ਰਕ ਹੈ ਜੋ ਇਕ ਲੀਰਾਂ ਦੀ ਗੁੱਡੀ ਤੇ ਉਸ ਸੋਹਣੀ ਕੁੜੀ ਵਿਚ ਹੈ ਜਿਸ ਦੇ ਨਮੂਨੇ ਉਤੇ ਉਹ ਗੁੱਡੀ ਬਣਾਈ ਗਈ ਹੈ)। ਡਾ: ਮੋਹਣ ਸਿੰਘ ਦਾ ਜੁੜਵਾਂ ਸ਼ਬਦ 'ਭੈਣ ਬੋਲੀਆਂ' ਅੰਗ੍ਰੇਜ਼ੀ Sister Languages ਦਾ ਇਕ ਕੁਚੱਜਾ ਉਲਥਾ ਹੈ, ਜਿਸ ਨੂੰ ਪ੍ਰੋ. ਪਰਮਿੰਦਰ ਸਿੰਘ ਵੀ ਸੋਹਣਾ ਜਾਣ ਕੇ ਵਰਤਦਾ ਹੈ । ਸੇਖੋਂ ਜਿਹਾ ਟਕਸਾਲੀ ਲਿਖਾਰੀ ਵੀ ਆਪਣੀ ਪ੍ਰੋਫ਼ੈਸਰੀ ਦੇ ਸਮੇਂ ਦਾ ਪਰਛਾਵਾਂ ਹੇਠ ਲਿਖੇ ਵਾਕ ਵਿਚ ਛੱਡ ਗਿਆ ਹੈ : "ਸਮੇਂ ਨੂੰ ਮੱਥੇ ਦੇ ਵਾਲਾਂ ਤੋਂ ਪਕੜੋ" (Catch time by the Forelock) ।

(ਅ) ਕਈਆਂ ਉਤੇ ਸੰਸਕ੍ਰਿਤ ਤੇ ਹਿੰਦੀ ਦੀ ਪਾਣ ਬਹੁਤ ਚੜ੍ਹੀ ਹੁੰਦੀ ਹੈ ਤੇ ਓਹ ਸਰਲ ਪੰਜਾਬੀ ਨੂੰ ਛੱਡ ਕੇ ਪੰਡਤਾਈ ਦੇ ਵਹਿਣ ਵਿਚ ਪੈ ਜਾਂਦੇ ਹਨ, ਜਿਵੇਂ ਇਕ ਸੱਜਣ ਲਿਖਦਾ ਹੈ : "ਜਲ ਉਹ ਪਦਾਰਥ ਹੈ ਜਿਸ ਦੇ ਅਚਵਨ ਨਾਲ ਸੀਤਲਤਾ ਪ੍ਰਾਪਤ ਹੋਵੇ ਅਰ

ਜਿਸ ਦੁਆਰਾ ਮਲਨ ਦੂਰ ਕੀਤੀ ਜਾ ਸਕੇ।" ਲਿਖਾਰੀ ਇਸੇ ਸਧਾਰਨ ਗੱਲ ਨੂੰ ਇਉਂ ਜ਼ਾਹਰ ਕਰ ਸਕਦਾ ਸੀ : "ਪਾਣੀ ਉਹ ਚੀਜ਼ ਹੈ, ਜਿਸ ਦੇ ਪੀਣ ਨਾਲ ਠੰਢ ਪੈਂਦੀ ਹੈ ਤੇ ਮੈਲ ਦੂਰ ਹੁੰਦੀ ਹੈ।" ਫਿਰ ਇਹੋ ਲਿਖਾਰੀ ਲਿਖਦਾ ਹੈ. "ਅਕਾਲਪੁਰਖ ਸ੍ਵੈਅੰ ਅਵਿਕਾਰੀ ਹੈ" (ਰੱਬ ਆਪ ਬਦਲਣ ਵਾਲਾ ਨਹੀਂ)। ਨਰਿੰਦਰਪਾਲ ਸਿੰਘ ਲਿਖਦਾ ਹੈ : "ਅਜ ਦਾ ਦਿਨ ਉਹਦੇ ਵਾਸਤੇ ਬੜਾ ਗੌਰਵ ਸੀ" (ਭਾਰਾ ਸੀ)। "ਸ਼ਾਇਦ ਰਾਮਿੰਦਰ ਐਨਾ ਗੌਰਵ ਨਾ ਰਹਿੰਦਾ" (ਗੰਭੀਰ ਨਾ ਰਹਿੰਦਾ)। ਇਹੋ ਲਿਖਾਰੀ ਇਕ ਹੋਰ ਥਾਂ ਆਪਣੀ ਪੰਡਤਾਈ ਦਸਦੇ ਲਿਖਦਾ ਹੈ, "ਉਹਦਾ ਭਵਿਖਤ ਕੋਈ ਐਸਾ ਉਜਲ ਨਹੀਂ ਸੀ" (ਉਸਦਾ ਭਵਿਖ ਕੋਈ ਐਨਾ ਉੱਜਲ ਨਹੀ ਸੀ)।

ਓਮ ਪ੍ਰਕਾਸ਼ ਕਹੋਲ ਪੰਜਾਬੀ ਦੇ ਅੰਨਨ ਪਿਆਰਿਆਂ ਅਤੇ ਅਦੁੱਤੀ ਖੋਜੀਆਂ ਵਿਚੋਂ ਹਨ, ਪਰ ਆਪਣੇ ਲੇਖ ਪੰਜਾਬੀ ਭਾਸ਼ਾ ਦੀ ਪ੍ਰਾਚੀਨਤਾ ਵਿਚ ਸੰਸਕ੍ਰਿਤ ਤੇ ਨਾਗਰੀ ਦੇ ਅਸਰ ਹੇਠਾਂ 'ਲਿਪੀਆਂ' ਨੂੰ 'ਲਿਪਿਆਂ', 'ਗੁਰਮੁਖੀ' ਨੂੰ 'ਗੁਰੁਮੁਖੀ','ਗੁਰੂਆਂ' ਨੂੰ 'ਗੁਰੁਆਂ' ਲਿਖਣ ਉਤੇ ਅੜਦੇ ਹਨ।

(ਏ) ਕਈ ਲਿਖਾਰੀ, ਜੋ ਫ਼ਾਰਸੀ ਤੇ ਉਰਦੂ ਵਲੋਂ ਹੋ ਕੇ ਆਏ ਹਨ, ਪੰਜਾਬੀ ਦੇ ਮੁਹਾਵਰੇ ਨੂੰ ਸਾਫ਼ ਰਖਣ ਤੋਂ ਅਸਮਰਥ ਰਹਿੰਦੇ ਹਨ। ਡਾਕਟਰ ਮੋਹਣ ਸਿੰਘ ਜੀ ਲਿਖਦੇ ਹਨ : "ਮੈਂ ਅਸਲੀਅਤ ਨਾ ਫ਼ਰਾਮੋਸ਼ ਕਰ ਦਿਆਂ।" ਇਥੇ ਅੰਗ੍ਰੇਜ਼ੀ ਖਿਆਲ ਨੂੰ ਫ਼ਾਰਸੀ ਨਾਲ ਭਰੇ ਵਾਕ ਵਿਚ ਦੱਸਿਆ ਗਿਆ ਹੈ। "ਇਹੋ ਜਿਹਾ ਜਵਾਨ-ਤਬਹ ਤੇ ਪੁਰ-ਗੋ ਕਵੀ ਮੇਰੀ ਦਰਿਸ਼ਟੀ ਵਿਚ ਅੱਗੇ ਕਦੀ ਨਹੀਂ ਆਇਆ।" ਕੇਹੀ ਖਿੱਚੜੀ ਬਣੀ ਪਈ ਹੈ!

ਏਹੋ ਜਿਹੇ ਕਚ-ਘਰੜੇ ਲਿਖਾਰੀ ਇਸ ਤਰ੍ਹਾਂ ਦੇ ਕੁਢੰਗੇ ਜੋੜ ਪਏ ਜੋੜਦੇ ਹਨ : ਗੁਝਤਮ (ਅਤੀ ਗੁੱਝੇ), ਬਖ਼ਸਤਾ, ਸੌਂਦਰਜ, ਸਾਕਾਦਾਰੀ

(ਸਾਕੇਦਾਰੀ ਦਾ ਉਰਦੂ ਰੂਪ), ਖ਼ਾਸਤਾ (ਵਿਸ਼ੇਸ਼ਤਾ), ਕਮਾਲਤਾ (ਕਮਾਲ), ਬਿਆਨਤਾ, ਢਿਲਤਾ, ਕੌਮਤਾ, ਦੁਸ਼ਮਣਾਈ (ਦੁਸ਼ਮਣੀ), ਦਿਲ-ਲਤੀਫ਼ੀ ਤੇਜ, ਏਹਨਾਂ ਹਾਲਾਤਾਂ ਵਿਚ, ਲਾਲਤਵ (ਲਾਲੀ), ਸੁਰਖਤਾ (ਸੁਰਖੀ)।

ਅਸੀਂ ਪੰਜਬੀ ਨੂੰ ਉਰਦੂ ਸ਼ਬਦਾਂ ਤੇ ਮੁਹਾਵਰਿਆਂ ਦੀ ਰਲਾਵਟ ਤੋਂ ਵੀ ਬਚਾਉਣਾ ਹੈ। ਐਸਾ, ਜੈਸਾ, ਤੈਸਾ, ਵੈਸੇ ਤਾਂ, ਲਗਾਉਣਾ, ਲੋਗ, ਅਗਰ, ਮਗਰ, ਆਦਿ, ਸ਼ਬਦ ਉਰਦੂ ਦੇ ਹਨ, ਪੰਜਾਬੀ ਵਿਚ ਨਹੀਂ ਸਮਾ ਸਕਦੇ। ਏਹਨਾਂ ਦੀ ਥਾਂ ਅਜੇਹਾ, ਜੇਹਾ, ਤਿਹਾ ਜਾਂ ਉਜੇਹਾ, ਉਂਜ ਤਾਂ, ਲਾਉਣਾ, ਲੋਕ, ਜੇ ਜਾਂ ਜੇਕਰ, ਪਰ ਆਦਿ ਵਰਤਣੇ ਚਾਹੀਦੇ ਹਨ।

(ਸ) ਅਜ ਕਲ ਵਿਚਾਰੇ ਪੋਠੋਹਾਰੀ ਲੋਕ ਉਜੜ ਕੇ ਮਾਝੇ ਤੇ ਮਾਲਵੇ ਵਿਚ ਆ ਵੱਸੇ ਹਨ। ਏਹਨਾਂ ਦੀ ਆਉਂਦ ਨਾਲ ਪੰਜਾਬੀ ਬੋਲੀ ਤੇ ਪੰਜਾਬੀ ਸਾਹਿੱਤ ਨੇ ਕਈ ਪਾਸਿਆਂ ਤੋਂ ਵਾਧਾ ਕਰਨਾ ਹੈ, ਨਵਿਆਂ ਅਸਮਾਨਾਂ ਹੇਠ ਵਿਛੜੇ ਵਤਨ ਦੀਆਂ ਅਮਿੱਟ ਯਾਦਾਂ ਤੇ ਸਧਰਾਂ ਤੋਂ ਪੰਜਾਬ ਵਿਚ ਇਕ ਨਵੀਂ ਸਾਹਿੱਤ ਪੁੰਗਾਰਨੀ ਹੈ, ਅਤੇ ਵੰਨ ਸੁਵੰਨੀਆਂ ਬੋਲੀਆਂ ਦੇ ਮੇਲ ਤੋਂ ਇਕ ਵਧੇਰੇ ਅਮੀਰ ਬੋਲੀ ਉਸਰਨੀ ਹੈ। ਪਰ ਇਸ ਵਿਚ ਟਕਸਾਲੀ ਬੋਲੀ ਨੂੰ ਇਕ ਖ਼ਤਰਾ ਵੀ ਹੈ, ਜਿਸ ਤੋਂ ਬਚਣਾ ਜ਼ਰੂਰੀ ਹੈ। ਕਈ ਵੇਰ ਲਹਿੰਦੇ ਤੋਂ ਆਏ ਸ਼ਬਦ ਤੇ ਮੁਹਾਵਰੇ ਪੰਜਾਬੀ ਵਿਚ ਆ ਪੈਂਦੇ ਹਨ ਤੇ ਇਸ ਦੇ ਠੁਕ ਨੂੰ ਵਿਗਾੜ ਦਿੰਦੇ ਹਨ। ਏਹਨਾਂ ਦੀ ਯੋਗ ਰੋਕ-ਟੋਕ ਹੋਣੀ ਜ਼ਰੂਰੀ ਹੈ। ਜਿਵੇਂ ਹੇਠਾਂ ਦਿੱਤੇ ਸ਼ਬਦ ਨਿਰੋ ਪੋਠੋਹਾਰੀ ਹਨ। ਏਹ ਨਹੀਂ ਵਰਤਣੇ ਚਾਹੀਦੇ :

ਆਸਾਂ (ਆਵਾਂਗਾ), ਜਾਸਾਂ (ਜਾਵਾਂਗਾ), ਜਾਸੀ (ਜਾਏਗਾ), ਪੈਸੀ (ਡਾ. ਮੋਹਣ ਸਿੰਘ), ਸੇ (ਸਨ-ਭਾਈ ਵੀਰ ਸਿੰਘ), ਅਸਾਂ (ਅਸੀਂ),

ਤੁਸਾਂ (ਤੁਸੀਂ), ਕਰਦਾ ਸਾ (ਕਰਦਾ ਸੀ), ਰਹਿਸੈਂ, ਰਹਿੱਸੇਂ (ਰਹੇਂਗਾ), ਮਿਘੀ (ਮੈਨੂੰ), ਤੁਘੀ (ਤੈਨੂੰ), ਮੈਂਡੀ (ਮੇਰੀ), ਤੈਂਡੀ (ਤੇਰੀ), ਕੁੱਥੈ (ਕਿੱਥੇ), ਹੁਥੈ (ਉੱਥੇ), ਛਿਕਣਾ (ਖਿਚਣਾ), ਹਿੱਕ (ਇੱਕ), ਅੰਗਲ (ਉਂਗਲ), ਕੀ (ਨੂੰ), ਨੀ (ਦੀ), ਕੱਪਣਾ (ਕੱਟਣਾ, ਵੱਢਣਾ), ਹਲਕਾ (ਹਲਕਾਇਆ), ਨੂੰਹ (ਨਹੁੰ), ਆੜਕ (ਅਰਕ), ਮਕਾਣ (ਮੁਕਾਣ), ਬਹੂੰ (ਬਹੁਤ), ਮਲਿਆਰ (ਮਾਲੀ), ਮਲਿਆਰੀ (ਮਾਲਣ), ਗਾਟਾ (ਗਲਾ), ਫਿੰਨ੍ਹਾ (ਫੀਨ੍ਹਾ)।

ਹਾਂ ਪੋਠੋਹਾਰੀ ਉਪ-ਭਾਖਾ ਦੇ ਓਹ ਲਫ਼ਜ਼ ਵਰਤ ਸਕਦੇ ਹਾਂ ਜਿਨ੍ਹਾਂ ਦੀ ਥਾਂ ਕੇਂਦਰੀ ਪੰਜਾਬੀ ਵਿਚ ਕੋਈ ਲਫ਼ਜ਼ ਨਹੀਂ। 'ਘੜਵੰਜੀ' ਨਾ ਵਰਤੋ, ਕਿਉਂਕਿ ਅੱਗੇ 'ਪੜੌਂਜੀ' ਵਰਤੀਂਦਾ ਹੈ। 'ਜਾਤਕ' ਨਾ ਵਰਤੋ ਕਿਉਂਕਿ ਅੱਗੇ ਇਥੇ 'ਮੁੰਡਾ' ਜਾਂ 'ਜਵਾਕ' ਹੈ। 'ਸੂਹਰੀ' ਨਾ ਵਰਤੋ, ਕਿਉਂਕਿ ਇਥੇ ਅੱਗੇ 'ਪਾਥੀ' ਵਰਤਦੇ ਹਨ। 'ਛੂਣੀ' ਦੀ ਥਾਂ 'ਚਪਣੀ' ਵਰਤੋ। 'ਥੱਕਿਉ' ਦੀ ਥਾਂ 'ਥਕੇਵਾਂ' ਠੀਕ ਹੈ। ਪਰ ਹੇਠਾਂ ਲਿਖੇ ਪਦ ਵਰਤ ਸਕਦੇ ਹਾਂ :-

ਢੱਕੀ (ਛੋਟੀ ਪਹਾੜੀ), ਢੰਨ, ਗਾੜ (ਪਹਾੜੀ ਦੀ ਪਧਰੀਲੀ ਵੱਖੀ), ਪੱਸਾਂ (ਪਹਾੜੋਂ ਢਹਿੰਦੇ ਤੋਦੇ), ਲੋੜ (ਲੰਮਾ ਪੀਹਣਾ), ਹੱਫੜ, ਘੂਠੀ ਹੋਈ, ਭੂਠੀ ਹੋਈ, ਲਰੰਦਰੇ, ਪਿੱਪਲ-ਪਤਰੇ, ਪਲਾਤਾ ਜਿਹਾ (ਹੌਲਾ ਜਿਹਾ), ਗੁੜ੍ਹਤੀ, ਖਾਰੋ (ਭੀੜ), ਗੁੜਾਕੂ (ਗੁੜ ਤੇ ਤਮਾਕੂ), ਸਤ-ਬਿਗਾਨਾ, ਤਿਲਕਣਬਾਜ਼ੀ, ਚੱਤਾ, ਖ਼ਰਚਾਊ, ਖੱਦਰ-ਵਾਧਾ, ਲਿਫ਼ਤਾ, ਘੰਡ, ਚਿਹਾਣੀ (ਹਿਖਾ ਦੀ ਥਾਂ, ਸਿਵੇ), ਕੱਸੀ (ਚੋਅ), ਚੋਹਾ (ਚਸ਼ਮਾ), ਪੈਰੋ-ਵਾਹਣਾ, ਨੰਗਾਹਣਾ, ਸੀਂ (ਸਰਦੀ), ਕਿੰਗਣੀ, ਮੁਰਕੀ, ਡੋਫਲ (ਸਿਰ ਦਾ ਪੱਲਾ), ਢੋਢੀ (ਵੱਡੀ ਰੋਟੀ), ਡਖੱਲਾ (ਵੱਡਾ ਟੋਟਾ), ਸਰਘੀ, ਮਿਰਕ (ਛੋਟਾ ਟੋਟਾ), ਸਲੂਣਾ, ਲਾਇਣ, ਢੀਂਕਲੀ ਜਾਂ ਢੀਂਗਲੀ, ਪਰਸੇਉ, ਪਰਸਿਨਾ, ਸਿੱਜਿਆ-ਘੁੱਲਿਆ,

ਗੁੜ੍ਹਦੂੰ, ਸੇਜਲ, ਹੜਬੂੰ-ਹੜਬੂੰ ਕਰਦਾ, ਮੇਸਾ, ਮੀਸਣਾ, ਮਿੰਨਾ, ਵੱਠਵਾਣ, ਝਾਊ, ਦੰਦਕੀੜ (ਦੰਦੀੜ), ਕੀੜ੍ਹ (ਸਜਰ-ਸੂਈ ਦਾ ਦੁੱਧ), ਗਿੱਭੀ, ਭੁੱਸ (ਨਵੀਂ ਕਰੂਮਲ), ਗੰਢੇਲ (ਹਰਾ ਪਿਆਜ਼), ਖੁੱਤੀ, ਵਹਿੰਗੀ, ਚੁਲੂੰਘਣਾ, ਵਸਿੱਤਰ (ਘਰ ਦਾ ਸਮਿਆਨ), ਬੁੜਬੁੜੀ, ਪਿਸ਼ਵਾਜ਼ (ਪੇਸ਼ਵਾਜ਼), ਤਰੁੰਡਣਾ, ਦਰਵੱਟਣੀ (ਦਲੀਜ਼), ਪੜਛੱਤੀ, ਮੁੱਢਾ, ਮਿਢਾ, ਵਾਫ਼ਰ, ਵਾਫ਼ਰੀ, ਫ਼ਿੱਗੀ (ਪਾਣੀ ਦੀ), ਬਿੱਡਾ (ਫੱਟਾ), ਫਰਾਂਢ, ਫਰਾਂਢੀ (ਡੱਗੀ ਵਾਲਾ, ਫੇਰੀ ਵਾਲਾ) ਹੁੱਗ ਜਾਣਾ (ਮਸ਼ਹੂਰ ਹੋਣਾ), ਗੋਸ਼ਾ (ਘੁਸਰ-ਘੁਸਰ), ਗੁੰਜੋ, ਪੇਚਕ, ਧਰੰਗਾ, ਥੋਰ, ਥੋਰੀ, ਢੰਡੀ (ਮੂਹੜਾ), ਕਾਸ਼ਕ (ਚਮਚ), ਸਿੱਪੀ, ਪੋਲਾ, ਗਲਾਟੀ, ਗਲਮਾ, ਗੁਤੋਣਾ (ਗੋਤੇ ਦੇਣੇ), ਪਟਕਾ (ਸਾਫ਼ਾ), ਉਗਲੁੱਛੀ, ਦੱਸਣਾ (ਵਿਖਾਉਣਾ), ਦਿੱਖ, ਢੁਹਣੀ, ਭਾਖ, ਕੱਸ [ਬੁਖਾਰ]।

ਪੋਠੋਹਾਰ ਵਿਚ ਅਧਕ ਬਹੁਤ ਵਰਤਦੇ ਹਨ। ਕਈ ਥਾਂ ਤੇ ਇਹ ਵਰਤੋਂ ਬਹੁਤ ਅਯੋਗ ਹੁੰਦੀ ਹੈ। ਜਿਵੇਂ ਜਿਸ ਨੂੰ ਜਿੱਸ, ਰਗ ਨੂੰ ਰੱਗ, ਦਿਲ ਨੂੰ ਦਿੱਲ, ਜ਼ਰ ਨੂੰ ਜ਼ੱਰ ਅਤੇ ਪਤਾ ਨੂੰ ਪੱਤਾ [ਡਾ. ਮੋਹਣ ਸਿੰਘ] ਲਿਖਣਾ। ਕੋਹਲੀ 'ਸੁਤੇ-ਸਿਧ' ਨੂੰ ਸੁੱਤੇ ਸਿਧ, 'ਹਰੀ ਕਥਾ' ਨੂੰ ਹਰੀ ਕੱਥਾ, 'ਜਗਤ ਪਿਤਾ' ਨੂੰ ਜਗਤ ਪਿੱਤਾ, 'ਦਸ ਆਂਡੇ' ਨੂੰ ਦੱਸ ਅੰਡੇ, 'ਫਲ' ਨੂੰ ਫੱਲ ਤੇ 'ਫੁੱਲ' ਨੂੰ ਫੁਲ, ਅਤੇ 'ਰੰਗ ਤੇ ਰਸ' ਨੂੰ ਰੰਗ ਤੇ ਰੱਸ ਲਿਖਦਾ ਹੈ। ਡਾ. ਮੋਹਣ ਸਿੰਘ ਫੁੱਲ ਤੇ ਫਲ ਦੋਹਾਂ ਤੇ ਅਧਕਾਂ ਲਾਉਂਦਾ ਹੈ। ਡਾ. ਦਰਦੀ 'ਬਿਸ਼ਨ-ਪਦਾ' ਨੂੰ 'ਬਿਸ਼ਨ ਪੱਦਾ' ਲਿਖਦਾ ਹੈ।

ਅਧਕ ਦੀ ਅਯੋਗ ਵਰਤੋਂ ਮੇਰੇ ਵਤਨੀਆਂ ਵਿਚ ਏਨੀ ਆਮ ਹੈ ਕਿ ਮੇਰੇ ਕਈ ਮਿੱਤਰ ਹਾਸੇ ਨਾਲ ਅਧਕਾਂ ਨੂੰ ਪੋਠੋਹਾਰਨਾਂ ਕਹਿ ਦਿੰਦੇ ਹਨ। ਓਹ ਕਹਿਣਗੇ: "ਏਹਨਾਂ ਉੱਤੇ ਪੋਠੋਹਾਰਨਾਂ ਪਾ

ਦਿਓ।" ਮੈਨੂੰ ਵੀ ਪੋਠੋਹਾਰੀਆ ਹੋਣ ਕਰਕੇ ਨਿਸਚਾ ਹੈ ਕਿ ਮੇਰੀਆਂ ਲਿਖਤਾਂ ਵਿਚ ਕਈ ਥਾਂ ਅਧਕ ਵਾਧੂ ਲੱਗੀ ਹੋਣੀ ਹੈ, ਜਾਂ ਗਲਤ ਲਗੀ ਹੋਣੀ ਹੈ; ਜਿਵੇਂ ਇਕ ਸਜਣ ਦੱਸ ਰਿਹਾ ਸੀ ਕਿ ਮੇਰੀਆਂ ਪੁਸਤਕਾਂ ਵਿਚ 'ਹਲ', 'ਦਸ', 'ਵਸ', ਆਦਿ ਸ਼ਬਦਾਂ ਉੱਤੇ ਅਧਕ ਗ਼ਲਤ ਲਗੀ ਹੁੰਦੀ ਹੈ। ਕਈ ਸਜਣ, ਖ਼ਾਸ ਕਰਕੇ ਜੋ ਪੱਛਮੀ ਪੰਜਾਬ ਤੋਂ ਆਏ ਹਨ, ਕਨੌੜਾ ਨਹੀਂ ਬੋਲ ਸਕਦੇ। ਓਹ ਫ਼ੌਜ ਨੂੰ ਫ਼ੋਜ, ਮੌਤ ਨੂੰ ਮੋਤ, ਕੌਮ ਨੂੰ ਕੋਮ, ਪਕੌੜਾ ਨੂੰ ਪਕੋੜਾ ਹੀ ਬੋਲਣਗੇ। ਬੋਲਣ ਵਿਚ ਤਾਂ ਕੋਈ ਗੱਲ ਨਹੀਂ, ਪਰ ਲਿਖਣ ਵਿਚ ਇਹ ਦੋਸ਼ ਗਿਣਿਆ ਜਾਏਗਾ। ਇਸ ਗੱਲ ਦਾ ਵੀ ਖ਼ਿਆਲ ਰਖਣਾ ਚਾਹੀਦਾ ਹੈ।

(ਹ) ਇਸੇ ਤਰ੍ਹਾਂ ਠੇਠ ਬੋਲੀ ਨੂੰ ਮਲਵਈ ਅਵਾਜ਼ਾਂ, ਸ਼ਬਦਾਂ ਜਾਂ ਮੁਹਾਵਰਿਆਂ ਤੋਂ ਬਚਾ ਕੇ ਰਖਣਾ ਜ਼ਰੂਰੀ ਹੈ। ਜਿਵੇਂ 'ਮਾਲਵਾ' ਦੀ ਥਾਂ, 'ਮਾਲਬਾ', 'ਕੀਤਾ' ਦੀ ਥਾਂ 'ਕਰਿਆ', 'ਸੀ' ਦੀ ਥਾਂ 'ਤੀ', ਜਾਂ 'ਵਿੱਚ' ਦੀ ਥਾਂ 'ਬਿੱਚ' ਜਾਂ 'ਖਿੱਚ ਮਾਂਹ'। ਦੁਆਬੀਆਂ ਵਾਕਰ ਵਹਿੜਕੇ ਦੀ ਵੱਖੀ ਵਿੱਚ ਵੱਟਾ ਨੂੰ 'ਬਹਿੜਕੇ ਦੀ ਬੱਖੀ ਬਿੱਚ ਬੱਟਾ' ਲਿਖਣਾ ਠੀਕ ਨਹੀਂ। ਇਕ ਹੁਸ਼ਿਆਰਪੁਰ ਦੀ ਪੁਰਾਣੀ ਪੰਜਾਬੀ ਦੀ ਉਸਤਾਨੀ ਲਿਖਦੀ ਹੈ: "ਦੋ ਫ਼ੁਟਵਾਲ ਭੇਜਣੇ, ਤੇ ਨਾਲ ਹੀ ਓਹਨਾਂ ਦਾ ਵਿਲ ਵੀ ਭੇਜ ਦੇਣਾ।"

ਹੇਠ ਲਿਖੇ ਸ਼ਬਦਾਂ ਵਰਗੇ ਕਈ ਮਲਵਈ ਸ਼ਬਦ ਹਨ ਜਿਨ੍ਹਾਂ ਤੋਂ ਬੱਚ ਕੇ ਰਹਿਣਾ ਚਾਹੀਦਾ ਹੈ:

ਉਰੇ [ਏਥੇ], ਗੈਲ [ਕੋਲ], ਕਰੂ [ਕਰੇਗਾ], ਲਵੇ [ਨੇੜੇ], ਕੀਲਾ [ਕਿੱਲੀ], ਜਮਾਂ ਹੀ [ਉੱਕਾ ਹੀ], ਸਗਮਾ [ਸਗਵਾਂ], ਭਮਾ, ਭਾਮਾ [ਭਾਵੇਂ], ਥੋਡਾ [ਤੁਹਾਡਾ), ਹਮਾਨੂੰ [ਸਾਨੂੰ]।

ਹਾਂ, ਮਾਲਵੇ ਵਿਚ ਕਈ ਸ਼ਬਦ ਬਹੁਤ ਕਾਰਵੰਦੇ ਮਿਲਦੇ ਹਨ, ਜਿਨ੍ਹਾਂ ਦੇ ਵਰਤਣ ਵਿਚ ਕੋਈ ਦੋਸ਼ ਨਹੀਂ, ਜਿਵੇਂ—

ਚੀਘ, ਟਿੰਘਾਂ, ਕਿਉਂਟਣਾ (ਸਿਰੇ ਚਾੜ੍ਹਨਾ), ਲੌਣ (ਘਗਰੇ ਦੀ), ਦੌਲਾ [ਧੁੱਸੜ], ਬੀਹੀ [ਗਲੀ], ਗਲੋਟਾ, ਸੰਨ੍ਹੀ [ਗੁਤਾਵਾ]।

ਮਾਲਵੇ ਤੇ ਮਾਝੇ ਵਿਚ ਕਿਧਰੇ ਕਿਧਰੇ ਪੁਲਿੰਗ ਤੇ ਇਸਤਰੀ-ਲਿੰਗ ਦਾ ਵੀ ਫ਼ਰਕ ਮਿਲਦਾ ਹੈ, ਜਿਵੇਂ ਕਲਿਆਣ, ਵਿਚਾਰ, ਥਾਂ, ਦਰਦ, ਅਖ਼ਬਾਰ, ਸਮਾਜ ਆਦਿ ਲਫ਼ਜ਼ਾਂ ਵਿਚ। ਪਰ ਇਸ ਦਾ ਭੇਤ ਮੰਤ ਇੰਦਰ ਸਿੰਘ ਚਕਰਵਰਤੀ ਹੀ ਜਾਣੇ !

(ਕ) ਨਾਵਲਾਂ ਤੇ ਕਹਾਣੀਆਂ ਵਿੱਚ ਲਿਖਾਰੀ ਜੋ ਕੁਝ ਆਪਣੇ ਵਲੋਂ ਲਿਖਦਾ ਹੈ, ਉਹ ਠੇਠ ਪੰਜਾਬੀ ਵਿਚ ਹੋਣਾ ਚਾਹੀਦਾ ਹੈ [ਦੁੱਗਲ ਇਉਂ ਨਹੀਂ ਕਰਦਾ]। ਪਾਤਰ ਪਏ ਆਪੋ ਆਪਣੀਆਂ ਉਪ-ਬੋਲੀਆਂ ਬੋਲਣ । ਨਾਟਕਾਂ ਵਿਚ ਵੀ ਉਪ-ਬੋਲੀਆਂ ਢੁਕ ਸਕਦੀਆਂ ਹਨ।

(ਖ) ਪੰਜਾਬੀ ਦੇ ਮੁਹਾਵਰੇ ਨੂੰ ਸਾਦਾ ਰਖਣਾ ਜ਼ਰੂਰੀ ਹੈ, ਕਿਉਂਕਿ ਇਹ ਸਾਦੇ ਲੋਕਾਂ ਦੀ ਬੋਲੀ ਹੈ । ਏਸ ਨੂੰ ਆਮ ਜਨਤਾ ਤੋਂ ਦੂਰ ਨਹੀਂ ਜਾਣ ਦੇਣਾ ਚਾਹੀਦਾ । ਪੰਜਾਬੀ ਵਿਚ ਨਾਟਕਕਾਰੀ ਹੋਰਨਾਂ ਭਾਰਤੀ ਬੋਲੀਆਂ ਕੋਲੋਂ ਇਸੇ ਲਈ ਵਧੇਰੇ ਸਫਲ ਹੈ ਕਿ ਇਸ ਦੀ ਲਿਖਤੀ ਬੋਲੀ ਆਮ ਲੋਕਾਂ ਦੀ ਬੋਲੀ ਤੋਂ ਦੂਰ ਨਹੀਂ। ਇਸ ਲਈ ਹਰ ਲਿਖਾਰੀ ਦਾ ਫ਼ਰਜ਼ ਹੈ ਕਿ ਆਪਣੀ ਬੋਲੀ ਨੂੰ ਦੇਸ ਦੀ ਆਮ ਬੋਲੀ ਦੇ ਨੇੜੇ ਨੇੜੇ ਰਖੇ। ਕੋਈ ਪੰਡਤਾਈ ਜਾਂ ਬਣਾਉਟੀ ਅੜਕ-ਮੜਕ ਨਾ ਵਿਖਾਓ । ਇਉਂ ਨਾ ਲਿਖੋ : 'ਮੇਰੀ ਜਿਹਬਾ ਕਥਨ ਨਹੀਂ ਕਰ ਸਕਦੀ।' 'ਆਪ ਦੇ ਪਾਵਨ ਚਰਨਾਰਬਿੰਦ ਮੇਰੇ ਹਿਰਦੇ ਵਿਖੇ ਸਮਾਏ ਰਹਿੰਦੇ ਹਨ।'

ਸਾਧਾਰਨ ਲਫ਼ਜ਼ ਛੱਡ ਕੇ ਉਚੇਚੇ ਜਾਂ ਕਿਤਾਬੀ ਲਫ਼ਜ਼ ਖ਼ਾਸ ਲੋੜ ਹੋਵੇ, ਤਾਂ ਵਰਤੋ ।

| ਸਧਾਰਨ ਲਫ਼ਜ਼ | ਉਚੇਰੇ ਲਫ਼ਜ਼ |
|---|---|
| ਰੋਟੀ | ਭੋਜਨ |
| ਕਪੜੇ | ਬਸਤਰ |
| ਚਾਹ | ਲੋਚਾ |
| ਵਾਲ਼ [ਡਿਗ ਪਏ] | ਕੇਸ [ਡਿਗ ਪਏ] |
| ਹਵਾ | ਪਵਣ |
| ਮੱਥਾ | ਮਸਤਕ |
| ਹੱਥ | ਹਸਤ-ਕੰਵਲ |
| ਦੁਸ਼ਮਣ, ਵੈਰੀ | ਸ਼ਤਰੂ |
| ਖ਼ੁਸ਼ੀ | ਅਨੰਦ |
| ਆਸ, ਉਮੈਦ | ਆਸ਼ਾ |
| ਨੌਕਰਾਣੀ | ਦਾਸੀ |
| ਆਸਰਾ | ਆਧਾਰ |
| ਕਰਜ਼ਾ | ਰਿਣ |
| ਦਵਾਈ | ਔਖਦ, ਔਸ਼ਧੀ |
| ਚੰਗੀ ਤਰ੍ਹਾਂ | ਭਲੀ ਭਾਂਤ |
| ਰਜਣਾ | ਤ੍ਰਿਪਤ ਹੋਣਾ |
| ਸਹੀ, ਦਸਤਖ਼ਤ | ਹਸਤਾਖਰ |
| ਗਵਾਹੀ | ਸਾਖੀ |
| ਗ਼ਮੀ | ਸ਼ੋਕ |
| ਠੰਢਾ ਪਾਣੀ ਪੀਓ | ਸ਼ੀਤਲ ਜਲ ਛੱਕੋ |
| ਬਹੁ ਗਿਣਤੀ | ਅਧਿਕ ਸੰਖਿਆ |

ਲਿਖਤੀ ਬੋਲੀ ਨੂੰ ਅਸੀਂ ਬੋਲਚਾਲ ਦੀ ਬੋਲੀ ਦੇ ਨਾਲ ਨਾਲ

ਤੋਰਨਾ ਹੈ। ਪਰ ਇਸ ਦਾ ਇਹ ਭਾਵ ਨਹੀਂ ਕਿ ਇਸ ਨੂੰ ਗਵਾਰੂ ਬਣਾ ਦੇਣਾ ਹੈ। ਏਹੋ ਜਹੇ ਸ਼ਬਦ ਲਿਖਾਰੀ ਵਲੋਂ ਵਰਤੀਣੇ ਨਿਰੇ ਪੁਰੇ ਉਜੱਡ-ਪੁਣੇ ਦਾ ਦਿਖਾਵਾ ਹੈ: ਰਾਸ਼ਕ ਬੁੱਧੀ [ਡਾ. ਮੋਹਣ ਸਿੰਘ], ਜਦੈਦ, ਮਣੂਜੀ, ਨੁਸ਼ਕਾਨ, ਛੇਰ [ਸ਼ੇਰ], ਮੁੋਕਲਾ, ਰੋਟੀ, ਟ੍ਰਾਮ। ਨਾਨਕ ਸਿੰਘ ਲਿਖਦਾ ਹੈ: "ਬਰਾਬਰ ਉਸ ਦੇ ਮਨੋਭਾਵਾਂ ਦਾ, ਉਸ ਦੀਆਂ ਉਦੇਰੀਆਂ ਸਧਰਾਂ ਦਾ ਜਾਵੀਆ ਲੈ ਰਿਹਾ ਹੈ।" ਸ਼ਾਇਦ ਲਿਖਾਰੀ ਦਾ ਭਾਵ ਇਹ ਸੀ ਕਿ 'ਜਾਇਜ਼ਾ' ਜਾਂ 'ਹਾੜ੍ਹਾ' ਲੈ ਰਿਹਾ ਹੈ। ਖ਼ੈਰ, ਕੁਝ ਵੀ ਹੋਵੇ, ਸਾਦਗੀ ਦੇ ਨਾਂ ਤੇ ਗਵਾਰਪੁਣਾ ਨਹੀਂ ਹੋਣਾ ਚਾਹੀਦਾ।

ਸਾਦਗੀ ਕੀ ਹੈ? ਜਿਸ ਵਿਚ ਬਣਾਉਟੀ ਅੜੁਕ-ਮੜੁਕ ਨਾ ਹੋਵੇ। ਸਾਦੇ ਕਪੜੇ ਓਹ ਹਨ ਜੋ ਕੋਲੋਂ ਲੰਘਦੇ ਆਦਮੀ ਦਾ ਧਿਆਨ ਉਚੇਚਾ ਨਾ ਖਿੱਚਣ। ਇਕ ਸਾਊ ਤੀਵੀਂ ਨੇ ਕੀਮਤੀ ਪਰ ਨਿੰਮ੍ਹੇ ਰੰਗ ਦੀ ਸਾੜ੍ਹੀ ਪਾਈ ਹੋਵੇ ਤਾਂ ਉਸ ਦਾ ਪਹਿਰਾਵਾ ਸਾਦਾ ਅਖਵਾ ਸਕਦਾ ਹੈ। ਪਰ ਇਕ ਹੋਰ ਤੀਵੀਂ ਜਿਸ ਦੇ ਸਾਰਿਆਂ ਕਪੜਿਆਂ ਉਤੇ ਦਸ ਰੁਪਏ ਵੀ ਨਾ ਲੱਗੇ ਹੋਣ, ਸਾਦੀ ਨਹੀਂ ਅਖਵਾ ਸਕਦੀ, ਜੇ ਸਿਰ ਤੇ ਲਾਲ ਦੁਪੱਟਾ, ਤੇੜ ਹਰੀ ਘਗਰੀ ਜਾਂ ਸੁੱਥਣ, ਤੇ ਪੀਲੇ ਰੰਗ ਦੀ ਕੁੜਤੀ ਪਾਈ ਹੋਵੇ। ਕਹਿੰਦੇ ਹਨ ਸੁਰਮਾ ਪਾਉਣਾ ਤਾਂ ਹਰ ਕੋਈ ਜਾਣਦਾ ਹੈ, ਪਰ ਮਟਕਾਉਣਾ ਕਿਸੇ ਨੂੰ ਹੀ ਆਉਂਦਾ ਹੈ। ਇਸੇ ਤਰ੍ਹਾਂ ਠੇਠ ਪੰਜਾਬੀ ਸਾਦੀ ਹੋ ਸਕਦੀ ਹੈ, ਭਾਵੇਂ ਇਸ ਵਿਚ ਗੁਰਬਖ਼ਸ਼ ਸਿੰਘ ਵਾਲੇ ਕਾਵਿਆਈ ਚਮਤਕਾਰ ਹੋਣ ਅਤੇ ਭਾਵੇਂ ਜੋਧ ਸਿੰਘ ਜਾਂ ਸਾਹਿਬ ਸਿੰਘ ਵਾਲੀ ਅਲੰਕਾਰ-ਰਹਿਤ ਸਿਧ-ਪਧਰੀ ਬੋਲੀ ਹੋਵੇ, ਪਰ ਹੋਵੇ ਪੰਜਾਬੀ ਲੋਕਾਂ ਜਹੀ, ਆਪਣੀ ਆਪਣੀ ਤੇ ਨਿਸਕਪਟ।

(ਗ) ਪੁਸਤਕ ਜਾਂ ਲੇਖ ਵਿਚ ਸੁਡੌਲਤਾ ਹੋਣੀ ਜ਼ਰੂਰੀ ਹੈ ਇਸ ਦੀ ਬਣਤਰ ਵਿਚ ਵਿਸ਼ਾ-ਮੇਲ ਤੇ ਹਰ ਵਿਸ਼ੇ ਵਿਚ ਅੰਗ-ਮੇਲ, ਰੰਗ-ਮੇਲ ਤੇ ਰਸ-ਮੇਲ ਹੋਣਾ ਚਾਹੀਏ। ਚੰਗੇ ਲਿਖਾਰੀਆਂ ਦੀਆਂ ਲਿਖਤਾਂ

ਵਿਚ ਏਹ ਗੁਣ ਜ਼ਰੂਰ ਹੁੰਦੇ ਹਨ। ਜਪੁਜੀ, ਆਸਾ ਦੀ ਵਾਰ, ਸੁਖਮਨੀ ਸਾਹਿਬ, ਸਿਧ-ਗੋਸ਼ਟ, ਓਅੰਕਾਰ ਆਦਿ ਬਾਣੀਆਂ ਵਿਚ ਏਹ ਗੁਣ ਪ੍ਰਤੱਖ ਪਏ ਦਿਸਦੇ ਹਨ । ਇਕ ਓਅੰਕਾਰ ਤੋਂ ਲੈ ਕੇ ਦੂਜੇ ਓਅੰਕਾਰ ਤਕ ਵਿਸ਼ਾ ਇੱਕ ਹੁੰਦਾ ਹੈ। ਉਸ ਦੇ ਅੰਦਰ ਖ਼ਿਆਲ ਦੀ ਲੜੀ ਇਕਸਾਰ ਚਲਦੀ ਹੈ।

'ਸੂਹੀ' ਵਿਚ ਖ਼ੁਸ਼ੀ ਦੇ ਹੀ ਮਜ਼ਮੂਨ ਹਨ, ਅਤੇ ਬਿਹਾਗੜੇ ਤੇ ਅਲਾਹਣੀਆਂ ਵਿਚ ਖ਼ੁਸ਼ੀ ਦੇ ਖ਼ਿਆਲ ਨਹੀਂ ਆਏ । 'ਬਿਰਹੜੇ' ਤੇ 'ਅਨੰਦ' ਵਿਚ ਆਪੋ ਆਪਣਾ ਰੰਗ ਤੇ ਰਸ ਹੈ । ਰੰਗੀਨ ਮਜ਼ਮੂਨਾਂ ਲਈ ਬੋਲੀ ਵੀ ਰੰਗਲੀ ਵਰਤੀ ਹੈ। ਮਜ਼ਮੂਨਾਂ ਦੀ ਲੰਮਾਈ ਛੁਟਾਈ ਲਈ ਰਚਨਾਵਾਂ ਵੀ ਲੰਮੀਆਂ ਛੋਟੀਆਂ ਹੁੰਦੀਆਂ ਹਨ। ਭਾਈ ਵੀਰ ਸਿੰਘ, ਸ. ਸਾਹਿਬ ਸਿੰਘ, ਸ. ਨਾਨਕ ਸਿੰਘ, ਲਾਲਾ ਧਨੀ ਰਾਮ, ਜੀ. ਬੀ. ਸਿੰਘ, ਕਮਲਾ ਅਕਾਲੀ ਆਦਿ ਅਜ ਕਲ ਦੇ ਟਕਸਾਲੀ ਲਿਖਾਰੀ ਵੀ ਆਪਣੀਆਂ ਲਿਖਤਾਂ ਵਿਚ ਸੁਡੋਲਤਾ ਕਾਇਮ ਰਖਦੇ ਹਨ । 'ਚੰਦਨ-ਵਾੜੀ' ਤੇ 'ਰਾਣਾ ਸੂਰਤ ਸਿੰਘ' ਕਵਿਤਾ ਦੀਆਂ ਕਿਤਾਬਾਂ ਹਨ, ਪਰ ਏਹਨਾਂ ਵਿਚ ਵਿਸ਼ਿਆਂ ਦੀ ਲੜੀ ਕਾਇਮ ਰਖੀ ਗਈ ਹੈ । 'ਬਾਬਾ ਨੌਧ ਸਿੰਘ' ਦਾ ਕਰਤਾ ਅੰਤਲੇ ਹਿੱਸੇ ਵਿਚ ਸਿਖਿਆ ਦੇਣ ਦੇ ਲੋਰ ਵਿਚ ਕੁਝ ਵਾਧੂ ਲੇੜ ਪਾਉਂਦਾ ਹੋਇਆ ਤਿਬੜੀਆਂ ਛੱਡ ਜਾਂਦਾ ਹੈ, ਪਰ ਮਜ਼ਮੂਨ ਦੀ ਏਕਤਾ ਨਹੀਂ ਛਡਦਾ ।

ਡਾ. ਮੋਹਣ ਸਿੰਘ ਦੀਆਂ ਲਿਖਤਾਂ ਵਿਚ ਸੁਡੋਲਤਾ ਨਹੀਂ ਹੁੰਦੀ। ਸ਼ਬਦਾਂ ਦੇ ਜੋੜ, ਵਾਕਾਂ ਦੇ ਸ਼ਬਦ, ਪੈਰਿਆਂ ਦੇ ਵਾਕ, ਮਜ਼ਮੂਨਾਂ ਦੇ ਪੈਰੇ ਅਤੇ ਕਿਤਾਬ ਦੇ ਮਜ਼ਮੂਨ ਕਿਸੇ ਠੁੱਕ ਸਿਰ ਨਹੀਂ ਹੁੰਦੇ । ਉਹਨਾਂ ਦੀ ਕਿਤਾਬ 'ਭਾਖਾ-ਵਿਗਿਆਨ ਤੇ ਗੁਰਮਤ ਗਿਆਨ' ਲੈ ਕੇ ਵੇਖੋ। ਗੁਰਮਤ ਅਤੇ ਭਾਖਾ-ਵਿਗਿਆਨ ਦਾ ਕੀ ਸੰਬੰਧ ?

ਇਸ ਦੇ ਮਜ਼ਮੂਨ ਕਿਸੇ ਤੋਲ ਸਿਰ ਨਹੀਂ ਰਖੇ ਹੋਏ। ਟੀਕਾ ਕਰਕੇ 'ਕੁਝ ਪਉੜੀਆਂ ਦੀ ਹੋਰ ਵਿਆਖਿਆ' ਦਿੰਦੇ ਹਨ। ਫੇਰ 'ਵਾਧੂ ਵਿਆਖਿਆ' ਆਉਂਦੀ ਹੈ। ਮਜ਼ਮੂਨ ਇਉਂ ਆਉਂਦੇ ਹਨ :-

ਮੂਲ ਮੰਤ੍ਰ–ਪਉੜੀ ੧–ਅੰਤਲਾ ਸਲੋਕ–ਪਉੜੀ ੩੮–
ਪਉੜੀ ੩੬–ਪਉੜੀ ੧–ਪਉੜੀ ੯–ਪਉੜੀ ੧੨–
ਪਉੜੀ ੧੬ ਤੇ ੩੪ ਤੋਂ ੩੭–ਪਉੜੀ ੩੭–ਪਉੜੀ ੭–
ਪਉੜੀ ੫–ਪਉੜੀ ੩੬–ਪਉੜੀ ੨੭–ਪਹਿਲਾ ਸਲੋਕ

ਫਿਰ ਵਿਕੋਲਿੱਤਰੇ ਲਫ਼ਜ਼ ਲੈ ਕੇ ਬਾਣੀ ਵਿਚੋਂ ਉਦਾਹਰਣਾਂ ਦਿੱਤੀਆਂ ਹਨ। ਫਿਰ 'ਕੁਝ ਲਫ਼ਜ਼' ਦਿੱਤੇ ਹਨ।

ਇਹੋ ਹਾਲ ਉਹਨਾਂ ਦੀਆਂ ਹੋਰ ਪੁਸਤਕਾਂ ਦਾ ਹੈ। ਇਹ ਇਉਂ ਹੈ ਜਿਵੇਂ ਇਕ ਝੱਲਾ ਆਦਮੀ ਤਾਸ਼ ਖੇਡ ਰਿਹਾ ਹੁੰਦਾ ਹੈ। ਨਹਿਲੇ ਤੇ ਦਹਿਲਾ ਮਾਰਨ ਦੀ ਥਾਂ ਦੁੱਕੀ ਜਾਂ ਤਿੱਕੀ ਮਾਰੀ ਹੁੰਦੀ ਹੈ, ਜਾਂ ਯੱਕੇ ਉਤੇ ਬੇਗੀ ਜਾਂ ਬਾਦਸ਼ਾਹ। ਉਹਨਾਂ ਦੇ ਭਾਣੇ ਸਾਰੇ ਪੱਤੇ ਰੰਗ ਦੇ ਹੀ ਹੁੰਦੇ ਹਨ। ਜਿੱਥੇ ਮਰਜ਼ੀ ਆਵੇ ਲਾ ਦਿਓ।

(ਘ) ਇਕ ਇਖ਼ਲਾਕੀ ਸੁਤੋਲਤਾ ਵੀ ਹੁੰਦੀ ਹੈ, ਜਿਸ ਨੂੰ ਪੰਜਾਬੀ ਲਿਖਾਰੀ ਸੰਭਾਲ ਕੇ ਰਖਦਾ ਹੈ। ਉਸ ਵਿਚ ਪੰਜਾਬੀਆਂ ਵਰਗੀ ਮਨ ਦੀ ਸਾਦਗੀ ਹੁੰਦੀ ਹੈ। ਮਨ ਦੀ ਸਾਦਗੀ ਦੀ ਨਿਸ਼ਾਨੀ ਸਰਲਤਾ ਤੇ ਨਿਮਰਤਾ ਹੁੰਦੀ ਹੈ। ਲਿਖਾਰੀ ਸੰਸਾਰ ਨੂੰ ਸਿਖਿਆ ਦੇਣ ਲਈ ਕਲਮ ਚੁਕਦਾ ਹੈ। ਉਸ ਵਿਚ ਇਕ ਕੋਮਲ ਜਹੀ ਨਿਮਰਤਾ-ਭਰੀ ਲੱਜਾ ਹੁੰਦੀ ਹੈ। "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ" ਦਾ ਧਾਰਨੀ ਹੁੰਦਾ ਹੈ। ਉਹ ਆਪਣੀ ਸਿਫ਼ਤ ਆਪ ਨਹੀਂ ਕਰਦਾ। ਇਹ ਗਲ ਉਹ ਹੋਰਨਾਂ ਤੇ ਛੱਡ ਦਿੰਦਾ ਹੈ।

ਪਰ ਅਜ ਕਲ ਕਈ ਲਿਖਾਰੀ ਸਮੇਂ ਦੇ ਨਿਆਂ ਨੂੰ ਨਹੀਂ ਉਡੀਕਣਾ ਚਾਹੁੰਦੇ। ਓਹ ਆਪਣਾ ਧੂਤਾ ਆਪ ਵਜਾਉਣ ਲਗ ਪੈਂਦੇ

ਹਨ। ਕਈਆਂ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਲਿਖੇ ਹਨ, ਜਿਨ੍ਹਾਂ ਵਿਚ ਆਪਣੀਆਂ ਰਚਨਾਵਾਂ ਦੀ ਆਪ ਸ਼ਲਾਘਾ ਕੀਤੀ ਹੈ। ਮੈਂ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਇਹ ਸਾਹਿੱਤ ਦੀ ਉੱਚੀ ਪਧਰ ਦੇ ਅਨੁ-ਕੂਲ ਨਹੀਂ। ਇਕ ਸਜਣ ਜੀ ਆਪਣੀ ਰਚਨਾ ਸੰਬੰਧੀ ਲਿਖਦੇ ਹਨ ਕਿ ਮੈਂ ਪੰਜਾਬੀ ਸਾਹਿੱਤ ਦੀਆਂ ਪੰਜ ਧਾਰਾਂ ਵਗਾਈਆਂ ਹਨ। ਓਹੀ ਲਿਖਦੇ ਹਨ: "ਮੇਰੀ ਸਿਆਣਪ ਇਹਨਾਂ ਹੇਠਲੀਆਂ ਉਦਾਹਰਣਾਂ ਤੋਂ ਮਿਲੇਗੀ।" ਉਹ ਆਪਣੇ ਟੀਕੇ ਬਾਬਤ ਕਹਿੰਦੇ ਹਨ ਕਿ ਹੋਰ ਸਾਰੇ ਟੀਕੇ ਗ਼ਲਤ ਹਨ, ਇਹ ਟੀਕਾ ਹਰ ਤਰ੍ਹਾਂ ਨਾਲ ਸਹੀ ਹੈ!

ਕਿਤਾਬ ਸ਼ੁਰੂ ਤਾਂ ਕਰਦੇ ਹਨ ਡਾਢੇ ਦਮਗੱਜੇ ਨਾਲ, ਪਰ ਇਕ ਅੱਧ ਸਫ਼ਾ ਲੰਘ ਕੇ ਛਾਉਣੀ ਪਾ ਬਹਿੰਦੇ ਹਨ: "ਪੰਜਾਬੀ–'ਗੁਰਮੁਖੀ' ਭਾਖਾ ਵਿਗਿਆਨ ਬਾਰੇ ਮੈਨੂੰ ਬਹੁਤ ਕੁਝ ਮਲੂਮ ਹੈ, ਜੋ ਚਿਤ ਤਾਂ ਕਰਦਾ ਹੈ ਕਿ ਤੁਰਤ ਤੋਂ ਤੁਰਤ ਸਾਰੇ ਦਾ ਸਾਰਾ ਭੇਟਾ ਕਰ ਦਿਆਂ, ਪਰ ਕਈਆਂ ਕਾਰਨਾਂ ਕਰਕੇ ਅਜੇ ਥੋੜਾ ਥੋੜਾ ਕਰ ਕੇ ਹੀ ਪੇਸ਼ ਕਰਨ ਦਾ ਅਵਸਰ ਮਿਲਿਆ ਹੈ" [ਵਾਕ ਸ਼ੁਰੂ ਹੋਰ ਤਰ੍ਹਾਂ ਹੁੰਦਾ ਹੈ, ਪਰ ਮੁਕਦਾ ਹੋਰ ਤਰ੍ਹਾਂ ਹੈ]। ਲਿਖਣੇ ਟੀਕੇ ਗੁਰਬਾਣੀ ਦੇ ਤੇ ਓਹਨਾਂ ਵਿਚ ਇਤਨਾ ਹੰਕਾਰ ਤੇ ਗੁੱਸਾ ਕਰਨਾ ਫਬਦਾ ਨਹੀਂ। ਇਸ ਚਿਤਾਵਨੀ ਲਈ ਖਿਮਾ!

# ਵਿਆਕਰਣਿਕ ਸੁਧਾਈ

ਪੰਜਾਬੀ ਨਰੋਲ ਤੇ ਠੇਠ ਹੋਣ ਤੋਂ ਛੁੱਟ ਵਿਆਕਰਣਿਕ ਤੌਰ ਤੇ ਸ਼ੁਧ ਹੋਣੀ ਚਾਹੀਦੀ ਹੈ। ਇਹ ਤਦੇ ਹੋ ਸਕਦਾ ਹੈ ਜੇਕਰ ਲਿਖਾਰੀ ਨੂੰ ਪੰਜਾਬੀ ਬੋਲੀ ਦੇ ਨੇਮਾਂ ਦੀ ਪੂਰੀ ਪੂਰੀ ਸਮਝ ਹੋਵੇ। ਕਈ ਇਹ ਸਮਝ ਕੇ ਕਿ ਪੰਜਾਬੀ ਆਪਣੀ ਬੋਲੀ ਹੈ ਇਹਨਾਂ ਨੇਮਾਂ ਦੀ ਪਾਲਨਾ ਨਹੀਂ ਕਰਦੇ। ਕਈ ਛੇਤੀ ਵਿਚ ਅੱਗਾ ਪਿੱਛਾ ਨਹੀਂ ਵੇਖਦੇ।

ਜੀਉਂਦੀ ਜਾਗਦੀ ਚੀਜ਼ ਬਦਲਦੀ ਰਹਿੰਦੀ ਹੈ। ਇਸੇ ਤਰ੍ਹਾਂ ਬੋਲੀ ਵੀ। ਬੋਲੀ ਉਹੋ ਨਹੀਂ ਬਦਲਦੀ, ਜੋ ਮਰ ਚੁਕੀ ਹੋਵੇ। ਉਸ ਦੀ ਵਿਆਕਰਣ ਵੀ ਨਹੀਂ ਬਦਲਦੀ। ਇਹ ਕਹਿਣਾ ਕਿ ਸੰਸਕ੍ਰਿਤ ਦੀ ਵਿਆਕਰਣ ਤੇ ਨੇਮ ਸਦਾ ਲਈ ਬੱਧੇ ਹੋਏ ਹਨ, ਦੂਜੇ ਅੱਖਰਾਂ ਵਿਚ ਇਹ ਮੰਨਣਾ ਹੈ ਕਿ ਸੰਸਕ੍ਰਿਤ ਮਰ ਚੁਕੀ ਹੈ। ਪੰਜਾਬੀ ਇਕ ਜੀਉਂਦੀ ਬੋਲੀ ਹੈ, ਇਸ ਲਈ ਇਸ ਦੀ ਵਿਆਕਰਣ ਬਦਲਦੀ ਰਹਿੰਦੀ ਹੈ। ਕਦੀ ਅਸੀਂ ਕਹਿੰਦੇ ਸਾਂ :

(੧) "ਤੇਰਿਅਹੁ ਮੁਹਹੁ ਨਿਕਲਦਾ ਹੈ।"

ਹੁਣ ਕਹਾਂਗੇ : "ਤੇਰੇ ਮੂੰਹੋਂ ਨਿਕਲਦਾ ਹੈ।"

ਅੱਗੇ ਕਹਿੰਦੇ ਸਨ : ਸਭ ਕੁੜੀਆਂ ਦਿਆਂ ਹੱਥਾਂ ਵਿਚ ਟੋਕਟ ਹਨ।

ਹੁਣ ਦੁੱਗਲ ਕਹਿੰਦਾ ਹੈ, ਤੇ ਠੀਕ ਕਹਿੰਦਾ ਹੈ: ਸਭ ਕੁੜੀਆਂ ਦੇ ਹੱਥਾਂ ਵਿਚ ਰੈਕਟ ਹਨ ।

ਪਰ ਡਾ. ਮੋਹਨ ਸਿੰਘ ਅਜੇ ਵੀ ਪੁਰਾਣੀ ਲੀਹ ਤੇ ਚਲ ਰਿਹਾ ਹੈ, ਤੇ ਕਹਿੰਦਾ ਹੈ:

"ਇਹਨਾਂ ਦਿਆਂ ਜਵਾਬਾਂ ਦੀ ਲੋੜ ਨਹੀਂ" : "ਅਕਾਸ਼ ਵਿਚ ਦਿਆਂ ਲਿਸ਼ਕਦੇ ਤਾਰਿਆਂ ਨੂੰ।"

"ਬਾਬੇ ਦੇ ਘਰ ਨਾ ਵਾਸਤਵਿਕਵਾਦ ਦਿਆਂ ਵਿਚਾਰਾਂ ਦੀ ਕਮੀ ਹੈ ਨਾ ਆਦਰਸ਼ਵਾਦ ਦਿਆਂ ਵਿਚਾਰਾਂ ਦੀ।"

ਇਥੇ 'ਦਿਆਂ' ਦੀ ਥਾਂ 'ਦੇ' ਚਾਹੀਦਾ ਸੀ ।

(੨) ਕਦੀ ਸਮਾਂ ਸੀ ਕਿ ਥਥਵੇਂ ਨੇਮਾਂ* ਅਨੁਸਾਰ ਪੰਜਾਬੀ ਲਫ਼ਜ਼ਾਂ ਵਿਚ ਹੀ ਤਬਦੀਲੀਆਂ ਕਰਕੇ ਵਿੱਚ, ਉੱਤੇ ਆਦਿ ਦੇ ਅਰਥ ਲੈਂਦੇ ਸਨ, ਜਿਵੇਂ ਫਿਰਿ, ਵਿਚਿ, ਅੰਦਰਿ, ਸੁਣਿਐ, ਕੋਠੈ ਆਦਿ । ਪਰ ਹੁਣ ਏਹਨਾਂ ਨੂੰ ਹੀ ਇਉਂ ਲਿਖਾਂਗੇ : ਫਿਰ, ਵਿਚ, ਅੰਦਰ, ਸੁਣਨ ਨਾਲ, ਕੋਠੇ ਤੇ, ਆਦਿ । ਪ੍ਰੋ. ਸਾਹਿਬ ਸਿੰਘ ਜੀ ਜਿਨ੍ਹਾਂ ਨੇ ਏਹਨਾਂ ਲਗਾਂ-ਮਾਤਰਾਂ ਦੀ ਬਹੁਤ ਖੋਜ ਕੀਤੀ ਹੈ, ਏਹਨਾਂ ਨੇਮਾਂ ਤੋਂ ਇਤਨੇ ਪ੍ਰਭਾਵਿਤ ਹੋਏ ਹਨ ਕਿ ਉਹ ਕਦੀ ਕਦੀ ਆਪਣੀਆਂ ਅਜੋਕੀਆਂ ਲਿਖਤਾਂ ਵਿਚ ਵੀ ਏਹ ਲਗਾਂ ਮਾਤਰਾਂ ਵਰਤ ਲੈਂਦੇ ਹਨ । ਸ਼ੁਕਰ ਹੈ ਕੋਈ ਹੋਰ ਲਿਖਾਰੀ ਇਉਂ ਨਹੀਂ ਕਰਦਾ, ਨਾ ਹੀ ਕਰਨਾ ਚਾਹੀਦਾ ਹੈ।

---

*ਸੁਰਗਵਾਸੀ ਜੀ. ਬੀ. ਸਿੰਘ ਏਹਨਾਂ ਨੇਮਾਂ ਨੂੰ ਨਹੀਂ ਮੰਨਦੇ, ਅਤੇ ਬਾਣੀ ਵਿਚ ਲੱਗੀਆਂ ਲਗਾਂ-ਮਾਤਰਾਂ ਨੂੰ ਵਾਧੂ ਤੇ ਨਿਰਾਰਥਕ ਕਰਕੇ ਮੰਨਦੇ ਹਨ। ਵੇਖੋ ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰ. ੧੨੨ । ਡਾ. ਮੋਹਨ ਸਿੰਘ ਜੀ ਵੀ ਇਸੇ ਮਤ ਦੇ ਹਨ।

(੩) ਕਈ ਸਜਣ ਛੇਤੀ ਵਿਚ ਏਹੋ ਜਿਹੀਆਂ ਭੁੱਲਾਂ ਕਰ ਜਾਂਦੇ ਹਨ :

"ਬਦੀ ਕਰਨੋਂ ਬਾਜ ਨਹੀਂ ਹਟਦਾ" (ਪ੍ਰੋ. ਕਰਤਾਰ ਸਿੰਘ) 'ਬਾਜ਼ ਨਹੀਂ ਆਉਂਦਾ' ਜਾਂ 'ਨਹੀਂ ਹਟਦਾ।'

"ਗੁਰੂ ਨਾਨਕ ਜੀ ਨੇ ਇਹਨੂੰ ਜਨਮ ਦੇਣ ਵਾਲੇ ਕਹੇ ਜਾ ਸਕਦੇ ਹਨ" (ਕੋਹਲੀ)। ਇੱਥੇ 'ਨੇ' ਵਾਧੂ ਹੈ।

"ਭਾਰਤ ਤੇ ਮਿਸਰ ਵਿਚ ਦੀਆਂ ਲੋਕ-ਕਥਾਵਾਂ ਬੜਾ ਸਾਂਝ ਵਿਖਾਂਦੀਆਂ ਹਨ।" (ਡਾ. ਮੋਹਣ ਸਿੰਘ)।

"ਕਦਾਚਿਤ ਤੁਹਾਡਾ ਕਥਨ ਠੀਕ ਹੈ" (ਡਾ. ਮੋਹਣ ਸਿੰਘ) : ਉੱਕਾ ਹੀ।

"ਸਫ਼ ਜਿਹੇ ਵਿਛਾਏ ਨੇ" (ਦੁੱਗਲ) : ਸਫ਼ਾਂ ਜਿਹੀਆਂ ਵਿਛਾਈਆਂ ਨੇ।

"ਅਸੀਂ ਵੀ ਖ਼ੂਬ ਸੈਰਾਂ ਕਰੀਦਾ" (ਦੁੱਗਲ) : ਕਰੀਦੀਆਂ ਨੇ। "ਕੋਇਲ ਦਾ ਅਵਾਜ਼ ਆਂਦਾ ਹੈ" (ਦੁੱਗਲ) : ਦੀ ਅਵਾਜ਼ ਆਉਂਦੀ ਹੈ।

"ਗੋਲ ਇਕ ਮੋਟਾ ਜਿਹਾ ਸਰਹਾਣਾ"(ਦੁੱਗਲ) : ਇਕ ਮੋਟਾ ਜਿਹਾ ਗੋਲ ਸਿਰ੍ਹਾਣਾ।

"ਨਿੱਕਾ ਜਿਹਾ ਇਹ ਉਸਤਾਦ ਕਾਲਜ ਦੇ ਕੁੜੀਆਂ ਮੁੰਡਿਆਂ ਨੂੰ ਸ਼ਕਾਇਤ ਨਹੀਂ ਸੀ ਕਿਸੇ ਕਿਸਮ ਦੀ ਹੋਣ ਦਿੰਦਾ" : ਕਿਸੇ ਕਿਸਮ ਦੀ ਸ਼ਕਾਇਤ ਨਹੀਂ ਸੀ ਹੋਣ ਦਿੰਦਾ।

"ਕਾਫ਼ੀ ਮੇਰੀਆਂ ਚੀਜ਼ਾਂ ਕਬੂਲੀਆਂ ਜਾਣ ਲਗ ਪਈਆਂ" (ਦੁੱਗਲ) : ਮੇਰੀਆਂ ਚੀਜ਼ਾਂ ਕਾਫ਼ੀ ਕਬੂਲੀਆਂ ਜਾਣ ਲੱਗੀਆਂ।

"ਮੇਰੇ ਵਰਗਿਆਂ ਹੀ ਨੂੰ ਬੱਚੇ ਸਮਝ ਲੈਂਦੇ ਨੇ" (ਡਾ. ਮੋਹਣ

ਸਿੰਘ) : ਵਰਗਿਆਂ ਨੂੰ ਹੀ।

'ਹਾਲਾਤਾਂ' ਅਤੇ 'ਜਜ਼ਬਾਤਾਂ' (ਨਰਿੰਦਰਪਾਲ ਸਿੰਘ) : 'ਹਾਲਾਤ' 'ਜਜ਼ਬਾਤ' ਅੱਗੇ ਹੀ ਬਹੁਵਚਨ ਹਨ।

"ਉਥੇ ਰਿਸ਼ਵਤ ਬੇ-ਅਥਾਹ ਲਈ ਜਾਂਦੀ ਹੈ" : ਬੇਹਦ ! "ਕਿਸੇ ਨਾਟਕ ਦੀ ਸਟੇਜ ਉਤੇ ਕਾਮਯਾਬੀ ਲਈ ਉਸ ਵਿਚ ਨਾਟਕੀ ਕਾਰਜ ਦਾ ਹੋਣਾ ਬੜਾ ਜ਼ਰੂਰੀ ਹੈ" (ਪਰਮਿੰਦਰ ਸਿੰਘ) : ਕਿਸੇ ਨਾਟਕ ਵਿਚ, ਸਟੇਜ ਉਤੇ ਕਾਮਯਾਬ ਹੋਣ ਲਈ, ਨਾਟਕੀ ਕਾਰਜ ਦਾ ਹੋਣਾ ਬਹੁਤ ਜ਼ਰੂਰੀ ਹੈ (ਜਾਂ ਸਟੇਜ ਉਤੇ ਕਿਸੇ ਨਾਟਕ ਦੇ ਕਾਮਯਾਬ ਹੋਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਸ ਵਿਚ ਨਾਟਕੀ ਕਾਰਜ ਹੋਵੇ।)

"ਇਹ ਭਾਵ ਤੇ ਅਨੁਭਵ ਫੇਰ ਸਾਡੇ ਮਨ ਅਤੇ ਬੁਧੀ ਵਿਚ ਕੁਝ ਅਜਿਹੀਆਂ ਵਸ਼ਿਸ਼ਟ ਕਦਰਾਂ ਅਤੇ ਕੀਮਤਾਂ ਅਸਥਾਪਨ ਕਰ ਦਿੰਦੀਆਂ ਹਨ" (ਪਰਮਿੰਦਰ ਸਿੰਘ) : ਕਰ ਦਿੰਦੇ ਹਨ। "ਇਕ ਜਾਪਾਨੀ ਬੋਲੀ ਦੇ 'ਨੋਂ ਨਾਟਕ' ਦਾ ਉਲੱਥਾ" (ਪੂਰਨ ਸਿੰਘ) : ਜਪਾਨੀ ਬੋਲੀ ਦੇ ਇਕ 'ਨੋਂ ਨਾਟਕ' ਦਾ ਉਲੱਥਾ। "ਉਹ ਆਪਣੀ ਵਿਤ ਅਨੁਸਾਰ ਪੜ੍ਹੀ ਹੋਈ ਰਚਨਾ ਦੀ ਉਸ-ਤਤੀ, ਨਿੰਦਾ ਜਾਂ ਪ੍ਰਸੰਸਾ ਕਰ ਸਕਦਾ ਹੈ। ਜਿਉਂ ਜਿਉਂ ਪਾਠਕ ਕਿਸੇ ਰਚਨਾਂ ਦੇ ਗੁਣਾਂ ਨੂੰ ਸਮਝਣ ਦਾ ਯਤਨ ਕਰਦਾ ਹੈ ਤਿਉਂ ਤਿਉਂ ਉਹ ਵਧੇਰੇ ਮੋਹਦੀ ਹੈ, ਵਧੇਰੇ ਚੰਗੀ ਲਗਦੀ ਹੈ" (ਕੋਹਲੀ)।

ਲਿਖਾਰੀ ਵਿਚਾਰ ਕੇ ਨਹੀਂ ਲਿਖ ਰਿਹਾ, ਐਵੇਂ ਹੀ ਦਰੁਾਲੀ ਜਾਂਦਾ ਹੈ, ਸਫ਼ੇ ਪੂਰੇ ਕਰਨ ਲਈ। 'ਉਸਤਤੀ' ਲਿਖਣ ਮਗਰੋਂ 'ਪ੍ਰਸੰਸਾ' ਦੀ ਕੀ ਲੋੜ ਸੀ ? ਜਦ ਕੋਈ ਚੀਜ਼ 'ਮੋਹ' ਲਏ, ਫਿਰ 'ਚੰਗੀ' ਲਗਣ ਦਾ ਸਵਾਲ ਹੀ ਕੀ ਰਹਿ ਗਿਆ ? ਇਹ ਤਾਂ ਠਿਮ-ਠਿਸ ਜਹੀ

ਗੱਲ ਹੋ ਗਈ।

ਇਸ ਲਿਖਾਰੀ ਦੇ ਵਾਕ ਉਘੜ-ਦੁਘੜ ਪਏ ਹੁੰਦੇ ਹਨ: "ਇਹ ਮਿਠਾਸ ਜਲ੍ਹਣ ਦੀ ਸਾਦਗੀ ਤੋਂ ਟਪਕਦੀ ਹੈ, ਬੋਲੀ ਦੀ ਸਾਦਗੀ ਤੇ ਖ਼ਿਆਲ ਦੀ ਸਾਦਗੀ ਦੋਵੇਂ ਹੀ ਉਹਦੀ ਕਵਿਤਾ ਚੋਂ ਹਾਸ ਰਸ ਫੁਟ ਫ਼ਟ ਪੈਣ ਦਾ ਕਾਰਨ ਹਨ। ਇਹੋ ਹਾਲ ਸੁਥਰੇ ਦੀ ਕਵਿਤਾ ਦਾ ਹੈ, ਪਰ ਉਹ ਵਧੇਰੇ ਛਾਯ-ਵਾਦੀ ਨਹੀਂ ਹੈ।"

ਕੋਹਲੀ ਦੇ ਹੇਠਲੇ ਵਾਕਾਂ ਵਿਚ ਵਰਤਮਾਨ ਕਾਲ ਦੀ ਥਾਂ ਭੂਤ ਕਾਲ ਚਾਹੀਦਾ ਸੀ। ਇਹ ਗ਼ਲਤੀ ਇਸ ਲਿਖਾਰੀ ਵਿਚ ਆਮ ਹੈ:

ਰਾਜਸੀ ਤੇ ਧਾਰਮਕ ਪਲਟਿਆਂ ਨੇ ਸੰਸਕ੍ਰਿਤ ਨੂੰ ਪ੍ਰਾਕ੍ਰਿਤ ਵਿਚ ਬਦਲ ਦਿੱਤਾ ਹੈ। ਇਕ ਵਰਨ ਤਕ ਵਿਸਤੀਰਤ ਬੋਲੀ, ਬਦਲੇ ਹੋਏ ਰੂਪ ਵਿਚ, ਚਾਰ ਵਰਨਾਂ ਦੀ ਬੋਲੀ ਬਣ ਗਈ ਹੈ (ਸਾਰੇ ਦਾ ਸਾਰਾ ਪੈਰਾ ਇਉਂ ਹੀ ਚਲਦਾ ਹੈ।)

"ਸਹਸਕ੍ਰਿਤੀ, ਹਿੰਦਵੀ ਤੇ ਲਹਿੰਦੀ ਪੁਰਾਣੀ ਪੰਜਾਬੀ ਦਾ ਇਕ ਵੱਡਾ ਭਾਗ ਹਨ" (ਕੋਹਲੀ): ਦੇ ਵੱਡੇ ਹਨ।

ਭਲਾ ਕੋਹਲੀ ਵਿਚੋਂ ਲਈ ਹੇਠਲੀ ਟੂਕ ਦਾ ਭਾਵ ਸਮਝੋ:

"ਜਿਥੇ ਸਾਹਿਤ ਨੂੰ ਲੇਖਕ ਦੇ ਮਨ ਦੀ ਬਿਆਨਤਾ ਮੰਨੀਏ ਜਾਂ ਉਸ ਦੀ ਕਿਸੇ ਦਸ਼ਾ ਦਾ ਉਘਾੜ ਕਹੀਏ, ਉਥੇ ਸਾਹਿਤ ਕਰਤਰੀ ਰੰਗਣ ਦਾ ਹੁੰਦਾ ਹੈ ਅਤੇ ਰੋਮਾਂਸ ਨੂੰ ਅਪੜਾਂਦਾ ਹੈ ਪਰ ਜਿਥੇ ਨਿਰਾ ਦਰਸਾਊਪੁਣਾ ਹੀ ਹੋਵੇ ਤਾਂ ਸਾਹਿਤ ਕਰਮਣੀ ਰੰਗਣ ਦਾ ਹੁੰਦਾ ਹੈ, ਅਤੇ ਇਸੇ ਲਈ ਯਥਾਰਥਵਾਦ ਨੂੰ ਅਪੜਾਂਦਾ ਹੈ।"

"ਮੈਨੂੰ ਕਈਆਂ ਪਬਲਕ ਸਰਵਿਸ 'ਦੇ ਮੁਕਾਬਲੇ ਦੇ ਇਮਤਿਹਾਨਾਂ ਦੇ ਪਰਚੇ ਵੇਖਣ ਦਾ ਮੌਕਾ ਭੀ ਮਿਲਿਆ ਹੈ।" (ਡਾ. ਸ਼ੇਰ ਸਿੰਘ): ਮੈਨੂੰ ਪਬਲਕ ਸਰਵਿਸ ਦੇ ਮੁਕਾਬਲੇ ਦੇ ਕਈ

ਇਮਤਿਹਾਨਾਂ ਦੇ ਪਰਚੇ ਵੇਖਣ ਦਾ ਮੌਕਾ ਵੀ ਮਿਲਿਆ ਹੈ।

'ਗੱਲ-ਬਾਤ ਕਰਦੇ ਵੇਲੇ', (ਓਮ ਪ੍ਰਕਾਸ਼ ਕਹੋਲ) : 'ਕਰਨ ਵੇਲੇ' ਚਾਹੀਏ। ਇਹੋ ਲਿਖਾਰੀ,'ਆਮ ਚਲੀ ਹੋਈ ਲਿਪੀ ਦੇ ਦੁਆਰਾ', ਲਿਖਦਾ ਹੈ : 'ਲਿਪੀ ਦੁਆਰਾ' ਚਾਹੀਏ।

(੪) ਸੀ, ਸਾਂ, ਸਨ ਦੀ ਗ਼ਲਤ ਵਰਤੋਂ ਆਮ ਹੈ :

"ਮੈਂ ਸੱਤ ਵਰ੍ਹਿਆਂ ਦਾ ਸੀ"(ਸੇਖੋਂ):ਮੈਂ ਸੱਤਾਂ ਵਰ੍ਹਿਆਂ ਦਾ ਸਾਂ।

"ਅਸੀਂ ਉੱਥੇ ਜਾਂਦੇ ਸੀ" : 'ਜਾਂਦੇ ਸਾਂ' ਚਾਹੀਏ।

"ਉਹ ਉੱਥੇ ਜਾਂਦੇ ਸੀ" : 'ਜਾਂਦੇ ਸਨ' ਚਾਹੀਏ।

"ਉਨ੍ਹੀਂ ਦਿਨੀਂ ਮੈਂ ਡੇਰਾ ਇਸਮਾਈਲ ਖ਼ਾਨ ਫ਼ਰੰਟੀਅਰ ਵਿਚ ਸੀ" (ਰੋਸ਼ਨ ਲਾਲ ਅਹੂਜਾ) : 'ਸੀ' ਦੀ ਥਾਂ 'ਸਾਂ' ਚਾਹੀਏ। "ਮੈਂ ਅੰਗ੍ਰੇਜ਼ੀ ਲਈ ਸਿਰਤੋੜ ਕੋਸ਼ਸ਼ ਕਰ ਰਿਹਾ ਸੀ" (ਦੁੱਗਲ):'ਸਾਂ' ਚਾਹੀਏ।

(੫) ਉਰਦੂ ਦੇ ਨੇਮ ਪੰਜਾਬੀ ਵਿਚ ਨਹੀਂ ਚਲਦੇ।

'ਦਾਤਾ ਨੂੰ' (ਚਾਤ੍ਰਿਕ) : 'ਦਾਤੇ ਨੂੰ' ਚਾਹੀਏ।

ਛਾਪਾਖ਼ਾਨਾ : 'ਛਾਪੇਖਾਨਾ' ਚਾਹੀਏ।

'ਸਾਕਾਦਾਰੀਆਂ' (ਡਾ. ਮੋਹਣ ਸਿੰਘ):'ਸਾਕੇਦਾਰੀਆਂ' ਚਾਹੀਏ।

'ਮਹਾਂ ਵਿਦਿਆਲਾ ਦਾ (ਜੀ.ਬੀ.ਸਿੰਘ) : ਮਹਾਂ-ਵਿਦਿਆਲੇ ਦਾ।

'ਪ੍ਰਵਾਨ ਚੜ੍ਹਿਆ' ਗ਼ਲਤ ਹੈ,'ਪਰਵਾਨ ਹੋਇਆ' ਠੀਕ ਹੈ।

'ਗੁਰੂ ਸਾਹਿਬਾਨ' ਦੀ ਥਾਂ 'ਗੁਰੂ ਸਾਹਿਬਾਂ' ਚੰਗੇਰਾ ਹੈ।

ਉਰਦੂ ਵਾਲੇ ਕਹਿਣਗੇ : 'ਮੈਂ ਨੇ ਅਰਜ਼ ਕੀਆ'; ਪੰਜਾਬੀ ਵਿਚ ਕਹਾਂਗੇ : 'ਮੈਂ ਅਰਜ਼ ਕੀਤੀ'(ਮੈਂ ਨਾਲ 'ਨੇ' ਨਹੀਂ ਆਉਂਦਾ ਤੇ 'ਅਰਜ਼' ਇਸਤਰੀ-ਲਿੰਗ ਹੈ।)

(੬) ਪੰਜਾਬੀ ਵਿਚ ਵਾਕ ਦੀ ਕਿਰਿਆ ਆਪਣੇ ਨੇੜੇ ਦੇ ਕਰਤਾ ਨਾਲ ਮੇਲ ਖਾਂਦੀ ਹੈ। ਪਰ ਅੰਗ੍ਰੇਜ਼ੀ ਦੇ ਵਿਦਵਾਨ ਅੰਗ੍ਰੇਜ਼ੀ ਵਾਂਗੂ ਬਹੁਤ ਸਾਰੇ ਕਰਤੇ ਵੇਖ ਕੇ ਕਿਰਿਆ ਵੀ ਬਹੁਵਚਨ ਕਰ ਦਿੰਦੇ ਹਨ, ਲਿੰਗ

ਦੀ ਪਰਵਾਹ ਨਹੀਂ ਕਰਦੇ।

"ਉਹ ਤੇ ਉਸ ਦੀਆਂ ਚਾਚੀਆਂ ਆਏ" : 'ਆਏ' ਦੀ ਥਾਂ 'ਆਈਆਂ' ਚਾਹੀਏ।

"ਅਜਿਹੇ ਦਿਨ ਵਿਚ ਗ਼ਰੀਬ ਦੀ ਗ਼ਰੀਬੀ ਤੇ ਦੁਖੀਏ ਦਾ ਦੁਖ ਵੀ ਵੱਧ ਜਾਂਦੇ ਹਨ" (ਸੇਖੋਂ): 'ਵਧ ਜਾਂਦਾ ਹੈ' ਚਾਹੀਏ।

"ਪਰ ਪੂਰੀ ਤਸੱਲੀ ਦੇਣ ਵਾਲਾ ਉਤਰ ਤਾਂ ਕੋਈ 'ਪੁਰਾਣੀ ਪੰਜਾਬੀ' ਵਿਚ ਲਿਖਿਆ ਲੇਖ ਜਾਂ ਪੁਸਤਕ ਹੀ ਦੇ ਸਕਦੀ ਹੈ" (ਜੀ. ਬੀ. ਸਿੰਘ) : ਇਥੇ ਕਿਰਿਆ ਠੀਕ ਲਗੀ ਹੈ।

"ਰਚਨਾਵਾਂ ਰਚਣੀਆਂ ਜਾਂ ਉਨ੍ਹਾਂ ਨੂੰ ਸੰਭਾਲਣਾ ਉਨ੍ਹਾਂ ਲਈ ਬਹੁਤ ਔਖੇ ਕੰਮ ਸਨ" (ਕੋਹਲੀ) : ਔਖਾ ਕੰਮ ਸੀ।

"ਸਾਰੇ ਘਰ ਵਾਲੇ ਤੇ ਘਰ ਵਾਲੀਆਂ ਹੋ ਗਏ ਨੇ" (ਡਾ: ਮੋਹਣ ਸਿੰਘ) : ਹੋ ਗਈਆਂ ਨੇ।

ਇਸੇ ਤਰ੍ਹਾਂ ਹੇਠ ਲਿਖੇ ਵਾਕਾਂ ਵਿਚ ਕਿਰਿਆ ਦਾ ਲਿੰਗ ਠੀਕ ਨਹੀਂ ਵਰਤਿਆ ਗਿਆ : 'ਮੁਹਾਰਤ ਪੈਦਾ ਕਰਨਾ' (ਡਾ. ਸ਼ੇਰ ਸਿੰਘ) : 'ਮੁਹਾਰਤ ਪੈਦਾ ਕਰਨੀ' ਚਾਹੀਏ।

(੭) ਅੰਗ੍ਰੇਜ਼ੀ ਵਿਚ Direct ਅਤੇ Indirect Forms of speech ਅਰਥਾਤ ਪੁਰਖੀ (ਸਿੱਧਾ) ਤੇ ਅਨਪੁਰਖੀ (ਅਣਸਿੱਧਾ) ਬੋਲ ਹੁੰਦੇ ਹਨ, ਪਰ ਪੰਜਾਬੀ ਵਿਚ ਕੇਵਲ Direct ਜਾਂ ਪੁਰਖੀ ਬੋਲ ਹੀ ਹੁੰਦਾ ਹੈ। ਅੰਗ੍ਰੇਜ਼ੀ ਵਿਚ ਕਹਿੰਦੇ ਹਾਂ : He said I shall come. ਉਸੇ ਨੂੰ ਅਨਪੁਰਖੀ ਰੂਪ ਦੇ ਕੇ ਇਉਂ ਕਹਿੰਦੇ ਹਾਂ : He said that he would come.

ਪੰਜਾਬੀ ਵਿੱਚ ਇੱਕੋ ਸਿੱਧਾ ਜਾਂ ਪੁਰਖੀ ਰੂਪ ਹੁੰਦਾ ਹੈ :

"ਉਸ ਨੇ ਕਿਹਾ ਮੈਂ ਆਵਾਂਗਾ।"

ਪਰ ਕਈ ਅੰਗ੍ਰੇਜ਼ੀ ਵਲੋਂ ਆਏ ਲਿਖਾਰੀ ਪੰਜਾਬੀ ਵਿਚ ਵੀ

ਅਨਪੁਰਖੀ Indirect Form ਚਲਾਉਣਾ ਚਾਹੁੰਦੇ ਹਨ । ਉਹ ਲਿਖਦੇ ਹਨ :

"ਉਸ ਨੇ ਕਿਹਾ ਕਿ ਉਹ ਆਏਗਾ।" ਇਹ ਠੀਕ ਨਹੀਂ।

"ਉਸ ਨੇ ਇਸ ਮੌਕੇ ਤੇ ਤਿੰਨ ਪ੍ਰਣ ਕੀਤੇ: ਇਕ ਉਹ ਸ਼ਰਾਬ ਨਹੀਂ ਪੀਏਗਾ, ਦੂਜਾ ਪਰਾਈ ਇਸਤਰੀ ਦੀ ਸੰਗਤ ਨਹੀਂ ਕਰੇਗਾ, ਤੇ ਤੀਜਾ ਰੇਸ਼ਮ ਨਹੀਂ ਪਹਿਨੇਗਾ।"

ਇਹ ਵਾਕ ਇਉਂ ਚਾਹੀਦਾ ਹੈ: ਉਸ ਨੇ ਇਸ ਮੌਕੇ ਤੇ ਤਿੰਨ ਪ੍ਰਣ ਕੀਤੇ: ਇਕ ਇਹ ਕਿ ਮੈਂ ਸ਼ਰਾਬ ਨਹੀਂ ਪੀਆਂਗਾ, ਦੂਜਾ ਇਹ ਕਿ ਮੈਂ ਪਰਾਈ ਇਸਤਰੀ ਦਾ ਸੰਗ ਨਹੀਂ ਕਰਾਂਗਾ, ਤੇ ਤੀਜਾ ਮੈਂ ਰੇਸ਼ਮ ਨਹੀਂ ਪਾਵਾਂਗਾ।"

"ਅਸਾਨੂੰ ਪਤਾ ਲਗਾ ਜੋ ਅਸਾਡੇ ਪਿੰਡ ਦੇ ਸਾਰੇ ਚੂਹੜੇ ਘਰਾਂ ਨੂੰ ਛੱਡ ਕੇ ਕਿਧਰੇ ਚਲੇ ਗਏ ਸਨ" (ਸੇਖੋਂ) ਵਿਚ ਵੀ ਇਹੋ ਗ਼ਲਤੀ ਹੈ। 'ਗਏ ਸਨ' ਦੀ ਥਾਂ 'ਗਏ ਹਨ' ਚਾਹੀਦਾ ਸੀ।

(੮) ਅੰਗਰੇਜ਼ੀ ਵਿਚ he has ਆਉਂਦਾ ਹੈ, ਜਿਸ ਦਾ ਅਖਰੀ ਤਰਜਮਾ ਇਹ ਹੈ: ਉਹ ਰਖਦਾ ਹੈ। ਇਸੇ ਦੀ ਨਕਲ ਕਰਦਿਆਂ ਅਸੀਂ ਵੀ ਕਹਿ ਦਿੰਦੇ ਹਾਂ: ਇਹ ਕੀ ਅਰਥ ਰਖਦਾ ਹੈ = ਇਸ ਦੇ ਕੀ ਅਰਥ ਹਨ। ਇਹ ਅਜੇ ਤਕ ਕੁਝ ਕੁਝ ਗ਼ਲਤ ਲਗਦਾ ਹੈ, ਪਰ ਇਸ ਦਾ ਵਰਤਾਰਾ ਇਤਨਾ ਆਮ ਹੋ ਗਿਆ ਹੈ ਕਿ ਇਸ ਨੇ ਚਲ ਜਾਣਾ ਜੇ।

ਇਸੇ ਤਰ੍ਹਾਂ ਉਰਦੂ ਹਿੰਦੀ ਵਿਚ 'ਪਾ ਲੀਆ' ਦਾ ਅਰਥ ਹੋਰ ਹੈ ਤੇ ਪੰਜਾਬੀ ਵਿਚ 'ਪਾ ਲਿਆ' ਦਾ ਹੋਰ। ਭਾਂਡੇ ਵਿਚ ਚੀਜ਼ ਪਾਈਦੀ ਹੈ। ਪਰ ਕਈ ਸਜਣ ਪੰਜਾਬੀ ਵਿਚ ਵੀ ਇਹ ਓਪਰੀ ਵਰਤੋਂ ਕਰ ਰਹੇ ਹਨ, ਜਿਵੇਂ ਇਕ ਸਜਣ ਜੀ ਲਿਖਦੇ ਹਨ: 'ਖੋਜੀਆਂ ਵਿਚ ਇਹ ਵੀਚਾਰ ਪਾਇਆ ਜਾਂਦਾ ਹੈ।' ਇਹ ਚਾਹੀਦਾ ਸੀ: 'ਇਹ ਵਿਚਾਰ ਮਿਲਦਾ ਹੈ।' ਇਹ ਵਰਤੋਂ ਵੀ ਵਧ ਰਹੀ ਹੈ, ਸ਼ਾਇਦ ਨਾ ਹੀ ਰੁਕੇ।

(੯) ਕੋਈ ਦਸ ਕੁ ਫੁਟ ਦੇ 'ਨੇੜੇ ਤੇੜੇ' : ਇਹ ਤ੍ਰਿਹਰੀ ਭੁੱਲ ਹੈ। ਕੋਈ ਦੇ ਅਰਥ ਹਨ 'ਨੇੜੇ ਤੇੜੇ', 'ਲਗ-ਭਗ'। ਇਸ ਲਈ ਜਾਂ 'ਕੋਈ ਦਸ' ਕਹੋ, ਜਾਂ 'ਦਸ ਦੇ ਨੇੜੇ ਤੇੜੇ' ਕਹੋ, ਜਾਂ 'ਦਸ ਕੁ' ਕਹੋ।

'ਚਾਰ ਕੁ ਵਜੇ ਦੇ ਕਰੀਬ' ਵਿਚ ਵੀ ਇਹੋ ਗ਼ਲਤੀ ਹੈ।

(੧੦) ਸ਼ੁੱਧ ਵਿਆਕਰਣ ਅਨੁਸਾਰ ਦੋ ਪਦ ਜੋੜ ਕੇ ਜੋ ਜੁੜਵਾਂ ਸ਼ਬਦ ਜਾਂ ਸਮਾਸ ਬਣਾਈਦਾ ਹੈ,ਉਸ ਵਿੱਚ ਦੋਵੇਂ ਪਦ ਵਸ ਲਗੇ ਇਕੋ ਬੋਲੀ ਦੇ ਹੋਣੇ ਚਾਹੀਦੇ ਹਨ। ਏਹ ਸੰਯੁਕਤ ਪਦ ਗ਼ਲਤ ਬਣੇ ਹਨ:

ਦਿਬ-ਲਤੀਫ਼ੀ ਤੇਜ (ਡਾ. ਤ੍ਰਿਲੋਚਨ ਸਿੰਘ) : 'ਕੋਮਲ ਈਸ਼ਵਰੀ ਤੇਜ' ਚਾਹੀਏ।

'ਸ਼ਾਂਤ-ਦਿਲ' : 'ਸ਼ਾਂਤ-ਮਨ' ਚਾਹੀਏ।

'ਪੁਨਰ-ਵਿਆਹ' : 'ਪੁਨਰ-ਵਿਵਾਹ' ਚਾਹੀਏ।

'ਸ੍ਵੈ-ਤਜਰਬਾ (ਕੋਹਲੀ) : ਆਪ-ਬੀਤੀ ਜਾਂ ਹੱਡ-ਬੀਤੀ ਚਾਹੀਏ।

'ਹੈਰਾਨੀ-ਜਨਕ' (ਨਰਿੰਦਰਪਾਲ ਸਿੰਘ) : 'ਅਸਚਰਜਤਾ-ਜਨਕ' ਚਾਹੀਏ।

ਜਦ ਕੋਈ ਭਾਵ-ਵਾਚੀ ਨਾਂਵ ਬਣਾਇਆ ਜਾਏ ਤਾਂ ਵੀ ਅੰਤਲਾ ਭਾਵ-ਵਾਚੀ ਚਿੰਨ੍ਹ ਉਸੇ ਬੋਲੀ ਦਾ ਹੋਵੇ ਜਿਸ ਦਾ ਮੂਲ ਸ਼ਬਦ ਹੈ। ਸ਼ਖ਼ਸਤਾ, ਕਮਾਲਤਾ, ਬਿਆਨਤਾ ਆਦਿ ਗ਼ਲਤ ਬਣੇ ਹਨ।

ਇਸੇ ਤਰ੍ਹਾਂ ਜਦ ਕਿਸੇ ਨਾਂਵ ਤੋਂ ਵਿਸ਼ੇਸ਼ਣ ਬਣਾਇਆ ਜਾਵੇ, ਤਾਂ ਅੰਤਲਾ ਵਿਸ਼ੇਸ਼ਣੀ ਚਿੰਨ੍ਹ ਉਸੇ ਬੋਲੀ ਦਾ ਹੋਵੇ ਜਿਸ ਦਾ ਉਹ ਨਾਂਵ ਹੈ, 'ਮਿੰਨਤਕ' (ਨਰਿੰਦਰਪਾਲ ਸਿੰਘ) ਦੀ ਥਾਂ 'ਮਿੰਨਤਵਾਰ' ਚਾਹੀਏ।

(੧੧) ਭਵਿੱਖ ਤੇ ਭਵਿਖਤ ਦੀ ਗ਼ਲਤ ਵਰਤੋਂ :

'ਭਵਿੱਖ' ਨਾਂਵ ਹੈ, ਜਿਵੇਂ 'ਉਸ ਦਾ ਭਵਿੱਖ ਚੰਗਾ ਨਹੀਂ"।

'ਭਵਿੱਖਤ' ਵਿਸ਼ੇਸ਼ਣ ਹੈ, ਜਿਵੇਂ 'ਭਵਿੱਖਤ ਕਾਲ'।

(੧੨) ਲਿੰਗ ਦਾ ਫ਼ਰਕ :

"ਸਮਾਜ ਆਗਿਆ ਨਹੀਂ ਦਿੰਦੀ" (ਅਹੂਜਾ) : 'ਦਿੰਦਾ' ਚਾਹੀਏ।

"ਜਪੁ ਦੀ ਟੀਕਾ" (ਡਾ. ਮੋਹਣ ਸਿੰਘ)
"ਦਾਸ ਨੇ ਸ਼ੁਧ ਟੀਕਾ ਕੀਤੀ ਹੈ" (")
{ ਆਪ ਹੀ ਤੀਜੇ ਵਾਕ ਵਿਚ ਕਹਿੰਦੇ ਹਨ "ਜਪੁ ਦਾ ਸਭ ਤੋਂ ਪੁਰਾਣਾ ਟੀਕਾ।"

(੧੩) 'ਦਾ' 'ਦੀ' ਦੀ ਵਰਤੋਂ :

"ਅਸੀਂ ਹਰੇਕ ਇਬਰਾਨੀ ਦਾ ਅੱਖਰ ਦਾ ਨਾਂ" (ਜੀ. ਬੀ. ਸਿੰਘ)। ਠੀਕ ਇਸ ਤਰ੍ਹਾਂ ਹੋਵੇਗਾ : "ਅਸੀਂ ਹਰੇਕ ਇਬਰਾਨੀ ਅੱਖਰ ਦਾ ਨਾਂ" ਜਾਂ "ਅਸੀਂ ਇਬਰਾਨੀ ਦੇ ਹਰੇਕ ਅੱਖਰ ਦਾ ਨਾਂ।"

(੧੪) ਵੰਡੇ ਹੋਏ ਸੰਬੰਧਕੀ ਵਾਕ ਵਿਚ 'ਦੀ' ਕਿੱਥੇ ਲਾਈਏ ?

"ਹਰ ਬੋਲੀ ਜੋ, ਲਿਖਤ ਵਿਚ ਆ ਚੁੱਕੀ ਹੈ, ਦੀ ਵਰਣਮਾਲਾ" (ਜੀ. ਬੀ. ਸਿੰਘ) : "ਹਰ ਬੋਲੀ ਦੀ, ਜੋ ਲਿਖਤ ਵਿਚ ਆ ਚੁਕੀ ਹੈ, ਵਰਣਮਾਲਾ" ਜਾਂ "ਹਰ ਲਿਖਤ ਵਿਚ ਆ ਚੁਕੀ ਬੋਲੀ ਦੀ ਵਰਣਮਾਲਾ।"

"ਅਸੀਂ ਉਹ ਕੁਝ ਜਿਸ ਨੂੰ ਸਾਹਿਤ ਨਹੀਂ ਆਖਿਆ ਜਾ ਸਕਦਾ, ਦਾ ਨਿਰਣਾ ਕਰਦੇ ਹਾਂ" (ਦਰਦੀ) : ਅਸੀਂ ਉਸ ਕੁਝ ਦਾ, ਜਿਸ ਨੂੰ ਸਾਹਿੱਤ ਨਹੀਂ ਆਖਿਆ ਜਾ ਸਕਦਾ, ਨਿਰਣਾ ਕਰਦੇ ਹਾਂ।

"ਸੋਹਣੀ ਚੁਗਾਠ ਵਿਚ ਜੜੀ ਹੋਈ ਆਪਣੇ ਭਰਾ ਦੀ, ਜੋ ਫ਼ੌਜ ਵਿਚ ਲਫ਼ਟੈਣ ਸੀ,ਤਸਵੀਰ ਸੀ"(ਸੇਖੋਂ) : ਇਥੇ 'ਦੀ' ਠੀਕ ਥਾਂ ਸਿਰ ਹੈ।

ਨੇਮ ਇਹ ਹੋਇਆ ਕਿ ਇਹ ਸੰਬੰਧਕੀ ਪਦ (ਦਾ ਜਾਂ ਦੀ) ਸੰਬੰਧੀ ਨਾਂਵ ਦੇ ਨਾਲ ਹੀ ਦੇਣਾ ਚਾਹੀਦਾ ਹੈ।

(੧੫) ਏਹ ਸਮਾਸ ਕੁਢੰਗੇ ਹਨ : 'ਕਰੋੜਾਂ-ਪਤੀ' (ਗੁਰ-ਲਾਭ ਸਿੰਘ) : ਕਰੋੜ-ਪਤੀ ਚਾਹੀਏ।

# ਕਵਿਤਾ ਤੇ ਵਾਰਤਕ

ਪਹਿਲੀਆਂ ਵਿਚ ਲੋਕੀ ਕਵਿਤਾ ਤੇ ਵਾਰਤਕ ਵਿਚ ਫ਼ਰਕ ਨਹੀਂ ਵੇਖਦੇ ਸਨ। ਸਾਹਿੱਤ ਨਾਂ ਹੀ ਕਵਿਤਾ ਦਾ ਸੀ। ਜੋ ਕੁਝ ਰਚਨਾ ਹੁੰਦੀ ਸੀ ਛੰਦਾਬੰਦੀ ਵਿਚ ਹੀ ਹੁੰਦੀ ਸੀ। ਲੂਣ ਤੇਲ ਦਾ ਲੇਖਾ ਰਖਣਾ ਹੋਵੇ ਤਾਂ ਵਾਰਤਕ ਵਰਤ ਲਈ ਦੀ ਸੀ। ਪਰ ਜੇ ਕੋਈ ਸਾਹਿੱਤ ਦੇ ਨਾਂ ਤੇ ਰਚਨਾ ਕਰਦਾ ਤਾਂ ਕਵਿਤਾ ਹੀ ਜੋੜਦਾ। ਇਹ ਕਿਉਂ ?

ਪਹਿਲਾਂ ਪਹਿਲ ਸਾਹਿੱਤ-ਰਚਨਾ ਲਿਖਤ ਦੀ ਚੀਜ਼ ਨਹੀਂ ਸੀ, ਨਿਰੀ ਯਾਦ ਦੀ ਚੀਜ਼ ਸੀ। ਜੇ ਕਿਸੇ ਨੂੰ ਅਮਲੀ ਸਿਆਣਪ ਦਾ ਕੋਈ ਟੋਟਕਾ ਯਾਦ ਰਖਣਾ ਹੁੰਦਾ, ਤਾਂ ਉਹ ਉਸ ਨੂੰ ਤੁਕਾਂ ਵਿਚ ਬੰਦ ਕਰ ਲੈਂਦਾ, ਕਿਉਂਕਿ ਤੁਕਾਂ ਵਿਚ ਗੱਲ ਸਾਂਭੀ ਰਹਿੰਦੀ ਹੈ ਅਤੇ ਛੇਤੀ ਯਾਦ ਹੁੰਦੀ ਹੈ :

ਟਿੱਕੇ ਵਾਲਾ ਬਾਣੀਆ, ਕੱਛ ਵਾਲਾ ਜੱਟ,
ਕੁੰਡੇ ਵਾਲਾ ਦਸੇਰਾ, ਤਿੰਨੇ ਪਿੰਡ ਦਾ ਪੱਟ।
ਸਿੰਘ ਦੀ ਸਿੰਘਣੀ ਪੁੱਤ ਦੀ ਮਾਂ :
ਅੰਮ੍ਰਿਤਸਰ ਦੇ ਮੇਲੇ ਤੁਰਦੀ ਕਾਹਨੂੰ ਜਾਂ ?

ਨਾਲੇ ਕਵਿਤਾ ਵਿਚ ਵਧੇਰੇ ਕਲਪਨਾ ਸ਼ਕਤੀ ਵਰਤੀ ਜਾਂਦੀ ਹੈ।

ਕਲਪਨਾ ਜਾਦੂ ਦੀ ਲਾਲਟੈਨ ਵਾਂਗੂ ਹਨੇਰੇ ਵਿਚ ਵਧੇਰੇ ਕੰਮ ਦਿੰਦੀ ਹੈ, ਚਾਨਣੇ ਵਿੱਚ ਚੰਗੀ ਨਹੀਂ ਉਘੜਦੀ। ਇਸ ਲਈ ਕਵਿਤਾ ਵੀ ਹਨੇਰੇ ਸਮਿਆਂ ਵਿਚ ਵਧੇਰੇ ਚਮਤਕਾਰ ਵਿਖਾਉਂਦੀ ਹੈ। ਲਿਖਾਰੀਆਂ ਲਈ ਛੰਦਾਬੰਦੀ ਇਤਨੀ ਆਮ ਸੀ ਕਿ ਹਿਸਾਬ ਦੀਆਂ ਪੁਸਤਕਾਂ ਅਤੇ ਕੋਸ਼ ਵੀ ਇਸੇ ਵਿਚ ਲਿਖੇ ਗਏ।

ਪਰ ਇਹ ਸਾਹਿੱਤ ਨਹੀਂ। ਸਮੇਂ ਦੀ ਪਰਖ ਵੱਧ ਜਾਣ ਨਾਲ ਸਾਹਿੱਤ ਸੰਬੰਧੀ ਖ਼ਿਆਲ ਵੀ ਬਦਲ ਗਏ ਹਨ। ਸਾਹਿੱਤ ਨਿਰੀ ਤੁਕ-ਬੰਦੀ ਜਾਂ ਲਿਖਤੀ ਚੀਜ਼ ਨੂੰ ਨਹੀਂ ਕਹਿੰਦੇ। ਕੋਸ਼ਕਾਰੀ, ਵਿਗਿਆਨ, ਭੂਗੋਲ, ਹਿਸਾਬ, ਧਾਰਮਕ ਨਿਰਣੇ ਜਾਂ ਪੁਲੀਟੀਕਲ ਪਰਚਾਰ ਦੀਆਂ ਕਿਤਾਬਾਂ ਸਾਹਿੱਤ ਵਿਚ ਨਹੀਂ ਗਿਣੀਆਂ ਜਾਂਦੀਆਂ।

ਸਾਹਿੱਤ ਉਹ ਲਿਖਤ ਹੈ ਜਿਸ ਵਿਚ ਲਿਖਾਰੀ ਦਾ ਮਨ ਕਿਸੇ ਲਹਿਰ ਵਿਚ ਖੇਡੇ, ਕਿਸੇ ਸੋਹਣੇ ਤਰੰਗ ਵਿਚ ਆ ਕੇ ਉਛਲੇ ਤੇ ਉਛਾਲੇ। ਸਾਹਿਤਕਾਰ ਦੇ ਮਨ ਨੂੰ ਕੁਝ ਹੁੰਦਾ ਹੈ, ਕੁਝ ਵਾਪਰਦਾ ਹੈ, ਜਿਸ ਨੂੰ ਉਹ ਆਪ-ਮੁਹਾਰੇ ਖ਼ੁਸ਼ੀ ਨਾਲ ਪ੍ਰਗਟਾਉਂਦਾ ਹੈ; ਜਿਵੇਂ ਇਕ ਆਦਮੀ ਆਪਣੇ ਘਰੋਂ ਟੁਰ ਕੇ ਕਿਸੇ ਕੰਮ ਸ਼ਹਿਰ ਨੂੰ ਜਾਂਦਾ ਹੈ; ਰਾਹ ਵਿਚ ਮੌਜ ਆਈ ਤੇ ਕਿਸੇ ਪੁੱਲ ਤੇ ਠਹਿਰ ਜਾਂਦਾ ਹੈ ਤੇ ਗਾਉਣ ਲੱਗ ਪੈਂਦਾ ਹੈ; ਗਾਉਣ ਮੁਕਣ ਤੇ ਫੇਰ ਆਪਣੀ ਸੋਟੀ ਸੰਭਾਲ ਕੇ ਸ਼ਹਿਰ ਵੱਲ ਟੁਰ ਪੈਂਦਾ ਹੈ। ਇਸੇ ਤਰ੍ਹਾਂ ਜਦ ਲਿਖਾਰੀ ਆਪਣੀਆਂ ਗ਼ਰਜ਼ਾਂ ਤੇ ਪ੍ਰਾਪੇਗੰਡਿਆਂ ਤੋਂ ਉਤਾਹਾਂ ਉਠ ਕੇ ਆਪਣੇ ਅਸਲੀ ਆਪੇ ਦੀ ਲਹਿਰ ਵਿਚ ਆਉਂਦਾ ਹੈ, ਤਾਂ ਉਹ ਸਾਹਿੱਤਕ ਮੰਡਲ ਵਿਚ ਦਾਖ਼ਲ ਹੁੰਦਾ ਹੈ। ਉੱਥੇ ਜੇ ਉਸ ਨੂੰ ਲਿਖਤ ਦੀਆਂ ਜਾਚਾਂ ਆਉਂਦੀਆਂ ਹੋਣ ਤਾਂ ਸਾਹਿਤਕਾਰ ਬਣਦਾ ਹੈ। ਸਾਹਿੱਤ ਲਈ ਇਸ ਲਹਿਰ ਦਾ ਹੋਣਾ ਜ਼ਰੂਰੀ ਹੈ।

ਜਦ ਇਹ ਲਹਿਰ ਨਿਰੀ ਲਹਿਰ ਜਾਂ ਤਰੰਗ ਹੀ ਨਾ ਰਹੇ

ਸਗੋਂ ਹੋਰ ਤੀਬਰ ਹੋ ਕੇ 'ਕਾਮਣ' ਦਾ ਰੂਪ ਧਾਰ ਲਏ, ਤਾਂ ਉਹ ਸਾਹਿਤਕਾਰ 'ਕਵੀ' ਬਣ ਸਕਦਾ ਹੈ। ਕਈਆਂ ਨੂੰ ਕਾਮਣ ਪੈਂਦੇ ਦਸੀਂਦੇ ਹਨ। ਕਈਆਂ ਨੂੰ ਛਾਇਆ ਜਾਂ ਜਿੰਨ ਪੈਂਦਾ ਕਹਿੰਦੇ ਹਨ। ਜਿਸ ਨੂੰ ਇਸ ਤਰ੍ਹਾਂ ਦਾ ਕੁਝ ਹੁੰਦਾ ਹੈ, ਉਸ ਨੂੰ 'ਖਿਡਾਉਂਦੇ' ਹਨ। ਉਹ 'ਖੇਡਣ' ਵਿਚ ਉਹ ਕੁਝ ਕਹਿ ਜਾਂਦਾ ਹੈ, ਜਿਸ ਦਾ ਉਸ ਨੂੰ ਆਪਣੀ ਸਧਾਰਨ ਹਾਲਤ ਵਿਚ ਕੁਝ ਪਤਾ ਨਹੀਂ ਹੁੰਦਾ। ਕਵੀ ਵੀ ਕਵਿਤਾ ਕਰਨ ਵੇਲੇ ਆਪਣੀ ਸਧਾਰਨ ਹਾਲਤ ਵਿਚ ਨਹੀਂ ਹੁੰਦਾ। ਉਸ ਦੇ ਮਨ ਦੀ ਹਾਲਤ ਕਾਵਿਆਈ ਹੁੰਦੀ ਹੈ। ਉਹ ਕਿਵੇਂ ?

ਪਹਿਲੀ ਗੱਲ ਤਾਂ ਇਹ ਹੈ ਕਿ ਕਵੀ ਆਪ ਕਵਿਤਾ ਦਾ ਰੂਪ ਹੁੰਦਾ ਹੈ। ਇਹ ਕਿਵੇਂ ਦੱਸੀਏ ? ਉਹ ਪੂਰਨ ਸਿੰਘ ਜਾਂ ਟੈਗੋਰ ਵਾਂਗੂ ਹੁੰਦਾ ਹੈ—ਨਿਰਛਲ, ਸੂਧਾ, ਬੱਚਿਆਂ ਵਾਂਗ। ਪੂਰਨ ਸਿੰਘ ਨਿਰੀ ਕਵਿਤਾ ਸੀ। ਹਰ ਇਕ ਨੂੰ ਪਿਆਰ ਕਰਦਾ, ਭਾਪਾ ਭਾਪਾ ਕਹਿ ਕੇ ਜੱਫੀਆਂ ਪਾਉਂਦਾ, ਉੱਛਲ ਉੱਛਲ ਕੇ ਆਪੇ ਤੋਂ ਬਾਹਰ ਪਿਆ ਹੁੰਦਾ। ਕਾਨਫ਼ਰੰਸ ਦੇ ਸਟੇਜ ਉਤੇ ਖੜੋ ਕੇ ਕੂਕਾਂ ਮਾਰਦਾ, ਅਤੇ ਪਲ ਦੇ ਪਲ ਲਈ ਹਜ਼ਾਰਾਂ ਨੂੰ ਹਲੂਣ ਕੇ ਸਧਾਰਨ ਪੱਧਰ ਤੋਂ ਉਤਾਂਹ ਚੁਕ ਲਿਜਾਂਦਾ। ਪੂਰਨ ਸਿੰਘ ਕੋਲੋਂ ਕਈ ਵਡੇਰੇ ਕਵੀ ਹੋਏ ਹਨ, ਕੇਵਲ ਕਾਵਿ-ਰੂਪ ਵਿਚ, ਪਰ ਕਾਵਿਕ ਰਸ ਵਿਚ, ਅੰਦਰਲੀ ਜੋਤ ਵਿਚ ਉਸ ਤੋਂ ਵਧ ਕੋਈ ਨਹੀਂ ਹੋਇਆ। ਟੈਗੋਰ ਵੀ ਉਸੇ ਤਰ੍ਹਾਂ ਦਾ ਸੀ। ਉਹ ਜਿੱਥੇ ਜਾਂਦਾ ਪਿਨਸਲਾਂ ਇਕੱਠੀਆਂ ਕਰਦਾ ਰਹਿੰਦਾ। ਉਦਾਰ ਇਤਨਾ ਸੀ ਕਿ ਸ਼ੰਘਾਈ ਵਿਚ ਇਕ ਟੈਕਸੀ ਵਾਲੇ ਸਿੱਖ ਨੂੰ ਦੋ ਤਿੰਨ ਰੁਪਏ ਦੀ ਥਾਂ ੧੪ ਰੁਪਏ ਦੇ ਦਿੱਤੇ। ਪਰ ਬਾਲ-ਸੁਭਾਈ ਵੀ ਇਤਨਾ ਸੀ ਕਿ ਜੇ ਆਪਣੀਆਂ ਰਾਖਵੀਆਂ ਪਿਨਸਲਾਂ ਦੇ ਜੁੱਟ ਵਿਚੋਂ ਕੋਈ ਇੱਕ ਵੀ ਇਧਰ ਉਧਰ ਹੋ ਜਾਂਦੀ ਤਾਂ ਨੌਕਰਾਂ ਦੀ ਸ਼ਾਮਤ ਆ ਜਾਂਦੀ ਤੇ ਕਈ ਕਈ ਦਿਨ ਤਕ ਰੋਟੀ ਨਾ ਖਾਂਦਾ।

ਮੈਂ ਬਣਨ ਵਾਲੇ ਕਵੀਆਂ ਨੂੰ ਇਹ ਸਲਾਹ ਤਾਂ ਨਹੀਂ ਦਿੰਦਾ ਕਿ ਓਹ ਸਟੇਜਾਂ ਉਤੇ ਜਾ ਕੇ ਕੂਕਾਂ ਮਾਰਿਆ ਕਰਨ ਜਾਂ ਰੁੱਸ ਰੁੱਸ ਕੇ ਘਰ ਵਾਲਿਆਂ ਨੂੰ ਤੰਗ ਕੀਤਾ ਕਰਨ। ਪਰ ਓਹਨਾਂ ਨੂੰ ਇਹ ਜ਼ਰੂਰ ਯਾਦ ਰਖਣਾ ਚਾਹੀਦਾ ਹੈ ਕਿ ਖਿੱਝੂ-ਕ੍ਰਿੱਝੂ, ਸਾੜੇ-ਮਾਰਿਆ, ਜਾਂ ਹਉਮੈ-ਮਾਰਿਆ, ਕਿੱਲੀ ਵਾਂਗੂ ਸੁੱਕਾ-ਪੜੁੱਕਾ, ਹਿਸਾਬੀ ਜਾਂ ਪਰਲੇ ਦਰਜੇ ਦਾ ਦੁਨੀਆਦਾਰ ਆਦਮੀ ਕਵੀ ਨਹੀਂ ਬਣ ਸਕਦਾ।

ਸਰਲਤਾ ਨਾ ਹੋਵੇ, ਤਾਂ ਲੁੜੀਂਦਾ ਹਾਸ-ਰਸ ਤੇ ਸੰਗੀਤ-ਰਸ ਨਹੀਂ ਆਉਂਦਾ। ਵਿਅਕਤੀਵਾਦੀ ਆਦਮੀ ਆਪਣੀਆਂ ਊਣਤਾਈਆਂ ਨਹੀਂ ਵੇਖ ਸਕਦਾ। ਉਹ ਆਦਰਸ਼ਵਾਦ ਤੇ ਰਹੱਸਵਾਦ ਵਿੱਚ ਹੀ ਖੇਡਦਾ ਰਹਿੰਦਾ ਹੈ। ਉਹ ਯਥਾਰਥਵਾਦ ਨੂੰ ਨਹੀਂ ਛੋਂਹਦਾ। ਯਥਾਰਥਵਾਦ ਤੋਂ ਬਿਨਾਂ ਰਹੱਸਵਾਦ ਜਾਂ ਰੋਮਾਂਸ ਵੀ ਪੂਰੀ ਨਹੀਂ ਨਿਭਦੀ। ਭਾ. ਵੀਰ ਸਿੰਘ ਜੀ ਵਰਡਸਵਰਥ ਜਿੱਡੇ ਮਹਾਂ ਕਵੀ ਹਨ, ਪਰ ਏਹਨਾਂ ਦੋਹਾਂ ਵਿਚ ਉਹੋ ਘਾਟੇ ਵੀ ਹਨ। ਏਹਨਾਂ ਨੂੰ ਆਪਣੇ ਲੋਰ ਵਿੱਚ ਪਤਾ ਨਹੀਂ ਰਹਿੰਦਾ ਕਿ ਕਿੱਥੇ ਓਹਨਾਂ ਵਿਚ ਕਾਵਿ-ਰਸ ਦੀ ਤੋਟ ਆ ਗਈ ਹੈ। ਓਹ ਤਾਂ ਰੇਤੜ ਵਿਚ ਵੀ ਆਪਣੀ ਕਿਸ਼ਤੀ ਤਿਵੇਂ ਹੀ ਧੱਕੀ ਜਾਂਦੇ ਹਨ, ਭਾਵੇਂ ਹੇਠਾਂ ਪਾਣੀ ਕੋਈ ਨਾ ਰਿਹਾ ਹੋਵੇ। ਯਥਾਰਥਵਾਦ ਦਾ ਘਾਟਾ ਭਾਈ ਸਾਹਿਬ ਦੀਆਂ ਕੁਦਰਤ ਵਾਲੀਆਂ ਕਵਿਤਾਵਾਂ ਵਿਚ ਪਿਆ ਦਿਸਦਾ ਹੈ। ਏਹਨਾਂ ਵਿਚ ਰਸ ਹੈ, ਅਚੰਭਾ ਕਰ ਦੇਣ ਵਾਲੀ ਵਾਕਫ਼ੀ ਹੈ, ਪਰ ਅਸਲੀਅਤ ਦਾ ਅਭਾਵ ਹੋਣ ਕਰਕੇ ਅਸੀਂ ਅਟਕ, ਨਸ਼ਾਤ ਬਾਗ਼ ਤੇ ਗੁਲਦਾਊਦੀਆਂ ਵਾਲੀਆਂ ਕਵਿਤਾਵਾਂ ਦਾ ਉਹ ਸਵਾਦ ਨਹੀਂ ਮਾਣ ਸਕਦੇ, ਜੋ ਵਰਡਸਵਰਥ ਦੀਆਂ ਡੱਡਨ, ਵਾਈ ਤੇ ਟਰੰਟ ਦੀਆਂ ਜਾਂ ਡੈਫ਼ੋਡਿਲ ਜਾਂ ਡੇਜ਼ੀ ਦੀਆਂ ਕਵਿਤਾਵਾਂ ਤੋਂ ਮਾਣ ਸਕਦੇ ਹਾਂ। 'ਅਟਕ' ਉਤੇ

ਲਿਖਣ ਲੱਗਿਆਂ ਕਵੀ ਦਰਿਆ ਵਲ ਅੱਖ ਪੁਟ ਕੇ ਨਹੀਂ ਵੇਖਦਾ, ਉਸ ਨਾਲ ਇਤਿਹਾਸਕ ਵਾਕਫ਼ੀ ਦੀਆਂ ਗੱਲਾਂ ਕਰੀ ਜਾਂਦਾ ਹੈ। ਇਹ ਗੱਲਾਂ ਦੇਸ਼-ਭਗਤੀ ਦ੍ਰਿੜ੍ਹਾ ਸਕਦੀਆਂ ਹਨ, ਹੋਰ ਉੱਚੀ ਸਿਖਿਆ ਦੇ ਸਕਦੀਆਂ ਹਨ, ਪਰ ਕਾਵਿ-ਰਸ ਪੈਦਾ ਨਹੀਂ ਕਰਦੀਆਂ, ਕੋਈ ਸਾਹਿੱਤਕ ਤਰੰਗ ਨਹੀਂ ਉਠਾਂਦੀਆਂ।

ਸਰਲਤਾ ਦੇ ਕਾਰਨ ਹੀ ਕਵੀ ਦੀ ਤਬੀਅਤ ਸੰਗੀਤ ਵਿਚ ਵਹਿ ਤੁਰਦੀ ਹੈ। ਇਸ ਤੋਂ ਬਿਨਾਂ ਤਬੀਅਤ ਅਤਿ ਦੀ ਗੰਭੀਰ ਤੇ ਭਾਰੀ-ਭਾਰੀ ਜਹੀ ਰਹਿੰਦੀ ਹੈ, ਇਸ ਲਈ ਕਵੀ ਭਾਵੇਂ ਸਿਖਿਆ ਬਹੁਤ ਦਿੰਦਾ ਹੈ, ਪਰ ਉਹ ਆਪਣੀਆਂ ਉਚਿਆਈਆਂ ਤੋਂ ਲਹਿ ਕੇ ਆਮ ਲੋਕਾਂ ਦੀ ਪੱਧਰ ਤੇ ਨਹੀਂ ਆਉਂਦਾ ਅਤੇ ਓਹਨਾਂ ਨਾਲ ਕੋਈ ਸਾਂਝ ਵਾਲੀ ਗੱਲ ਨਹੀਂ ਕਰਦਾ। ਉਹ ਤਾਂ ਓਹਨਾਂ ਨਾਲ ਖੁਲ੍ਹ ਕੇ ਕੂੰਦਾ ਵੀ ਨਹੀਂ। ਉਸ ਨੇ ਕਿਸੇ ਨਾਲ ਰਲ ਕੇ ਤਾੜੀ ਕੀ ਮਾਰਨੀ ਹੋਈ ਜਾਂ ਰੰਨ ਤੇ ਹੱਥ ਧਰ ਕੇ ਗਾਉਣਾ ਕੀ ਹੋਇਆ!

ਇਹੋ ਜਿਹਾ ਕਵੀ ਯਥਾਰਥ ਜੀਵਨ ਦੀਆਂ ਪੱਧਰਾਂ ਤੋਂ ਉਚੇਰਾ ਜਾਂ ਦੂਰ ਰਹਿੰਦਾ ਹੋਇਆ ਨਾਟਕ ਵੀ ਨਹੀਂ ਲਿਖ ਸਕਦਾ। ਨਾਟਕ-ਕਾਰ ਲਈ ਪਹਿਲੀ ਜ਼ਰੂਰੀ ਗੱਲ ਇਹ ਹੁੰਦੀ ਹੈ ਕਿ ਉਹ ਆਪਣੀ ਹਉਂ ਦਾ ਅਭਾਵ ਕਰ ਕੇ ਆਪਣੇ ਆਪ ਨੂੰ ਆਪਣੇ ਪਾਤਰਾਂ ਵਿਚ ਅਭੇਦ ਕਰ ਸਕੇ। ਜਿਹੜਾ ਇਹ ਨਹੀਂ ਕਰ ਸਕਦਾ, ਉਹ ਨਾਟਕ ਕਿਵੇਂ ਰਚ ਸਕਦਾ ਹੈ? ਉਹ ਤਾਂ ਆਪਣੇ ਹਰ ਪਾਤਰ ਰਾਹੀਂ ਆਪ ਬੋਲਣ ਦਾ ਜਤਨ ਕਰਦਾ ਹੈ। ਬਾਇਰਨ, ਬਰੌਨਿੰਗ ਤੇ ਵਰਡਸਵਰਥ ਇਸੇ ਲਈ ਆਪਣੇ ਨਾਟਕਾਂ ਵਿਚ ਅਸਫ਼ਲ ਰਹੇ ਹਨ। 'ਰਾਜਾ ਲਖਦਾਤਾ ਸਿੰਘ' ਵਿਚ ਵੀ ਇਹੋ ਨੁਕਸ ਹੈ।

# ਕਵਿਤਾ ਕੀ ਹੈ

'ਲੈ' ਤੇ 'ਰਸ' ਵਾਲੀ ਰਚਨਾ ਨੂੰ ਕਵਿਤਾ ਆਖਦੇ ਹਨ। 'ਲੈ' ਸ਼ਬਦਾਂ ਦੇ ਬੀੜਨ ਤੋਂ ਪੈਦਾ ਹੁੰਦੀ ਹੈ, ਤੇ 'ਰਸ' ਓਹਨਾਂ ਦੇ ਭਾਵ ਤੋਂ।

ਕਾਫ਼ੀਆ, ਲੈ ਨੂੰ ਵਧਾਉਂਦਾ ਹੈ, ਪਰ ਕਵਿਤਾ ਲਈ ਜ਼ਰੂਰੀ ਨਹੀਂ। ਕਾਫ਼ੀਏ ਬਿਨਾਂ ਵੀ ਕਵਿਤਾ ਚੰਗੀ ਹੋ ਸਕਦੀ ਹੈ। ਇਸ ਨੂੰ ਅਜ ਕਲ 'ਸੈਲਾਨੀ ਛੰਦ' ਕਹਿੰਦੇ ਹਨ। ਇਸ ਦੇ ਨਮੂਨੇ ਗੁਰੂ ਨਾਨਕ ਸਾਹਿਬ ਤੇ ਗੁਰੂ ਰਾਮ ਦਾਸ ਜੀ ਦੀ ਬਾਣੀ ਵਿਚ ਮਿਲਦੇ ਹਨ। ਅਜ ਕਲ ਕਈ ਸੁਸਤੀ ਕਰ ਕੇ ਤੁਕਾਂਤ ਨਹੀਂ ਮਿਲਾਂਦੇ। ਪਰ ਜੇ ਕਵਿਤਾ ਇਤਨੀ ਰਸ-ਭਰਪੂਰ ਹੋਵੇ ਕਿ ਕਾਫ਼ੀਏ ਦਾ ਨਾ ਹੋਣਾ ਮਲੂਮ ਨਾ ਹੋਵੇ, ਅਤੇ ਭਾਵ ਦਾ ਵੇਗ ਪੜ੍ਹਨ ਵਾਲੇ ਨੂੰ ਵਹਾ ਲਈ ਜਾਏ, ਤਾਂ ਇਹ ਕਵਿਤਾ ਵੀ ਇਤਨੀ ਹੀ ਚੰਗੀ ਹੋ ਸਕਦੀ ਹੈ, ਜਿਤਨੀ ਕੋਈ ਹੋਰ; ਪਰ ਰਸ ਅਸਲੀ ਚੀਜ਼ ਹੈ,ਇਸਤੋਂ ਬਿਨਾਂ ਕੋਈ ਰਚਨਾ ਕਵਿਤਾ ਨਹੀਂ ਹੋ ਸਕਦੀ।

ਕਵਿਤਾ ਵਿਚ 'ਰਸ' ਪੈਦਾ ਕਰਨ ਲਈ ਅਸਲ ਸਾਧਨ ਤਾਂ ਕਲਪਣਾ ਜਾਂ ਭਾਵ ਦੀ ਸੁੰਦਰਤਾ ਹੈ। ਭਾਵ ਨਵੇਂ ਨਵੇਂ ਤੇ ਸੋਹਣੇ ਹੋਣੇ ਚਾਹੀਦੇ ਹਨ। ਪਰ ਰੂਪ ਦੀ ਸੁੰਦਰਤਾ ਵੀ ਰਸ ਨੂੰ ਵਧਾਉਂਦੀ ਹੈ। ਰੂਪ ਤੇ ਭਾਵ ਦੀ ਸੁੰਦਰਤਾ ਵਧਾਉਣ ਲਈ ਕਈ ਚਮਤਕਾਰ ਵਰਤੇ ਜਾਂਦੇ ਹਨ, ਜਿਨ੍ਹਾਂ ਨੂੰ 'ਅਲੰਕਾਰ' ਕਹਿੰਦੇ ਹਨ। ਇਹ ਦੋ ਤਰ੍ਹਾਂ ਦੇ ਹੁੰਦੇ ਹਨ : ਸ਼ਬਦ ਅਲੰਕਾਰ (ਰੂਪ ਅਨੁਸਾਰ) ਅਤੇ ਅਰਥ ਅਲੰਕਾਰ (ਭਾਵ ਅਨੁਸਾਰ)। ਏਹਨਾਂ ਦੇ ਅੱਗੋਂ ਕਈ ਛੋਟੇ ਛੋਟੇ ਭੇਦ ਹਨ, ਜਿਨ੍ਹਾਂ ਦੇ ਏਥੇ ਦੱਸਣ ਦੀ ਲੋੜ ਨਹੀਂ। ਇਤਨਾ ਜਾਣ ਲੈਣਾ ਕਾਰਵੰਦਾ ਹੈ ਕਿ ਸ਼ਬਦ ਅਲੰਕਾਰਾਂ ਵਿਚੋਂ ਬਹੁਤ ਉਘਾ 'ਅਨੁਪ੍ਰਾਸ' ਹੁੰਦਾ ਹੈ, ਜਿਸ ਵਿਚ ਕੋਈ ਅੱਖਰ ਦੁਹਰਾ ਕੇ ਲੈ ਪੈਦਾ ਕੀਤੀ ਜਾਂਦੀ ਹੈ, ਜਿਵੇਂ "ਕਰਿ ਕਰਿ ਕਰਣਾ ਲਿਖਿ ਲੈ ਜਾਹੁ" (ਜਪੁ)।

'ਰਵਿਆ ਵਿਚਿ ਵਣਾ' [ਬਾਰਹਮਾਹਾ]।

ਅੱਗੇ ਅਨੁਪ੍ਰਾਸ ਬਹੁਤ ਵਰਤੇ ਜਾਂਦੇ ਸਨ। ਤੁਕ ਦੇ ਸਾਰੇ ਪਦ ਇੱਕੋ ਅੱਖਰ ਨਾਲ ਸ਼ੁਰੂ ਕਰਨੇ ਇਕ ਭਾਰੀ ਖ਼ੂਬੀ ਮੰਨੀ ਜਾਂਦੀ ਸੀ। ਇੱਕੋ ਪਦ ਨੂੰ ਮੁੜ ਮੁੜ ਵਰਤ ਕੇ ਭਿੰਨ ਭਿੰਨ ਅਰਥ ਲਏ ਜਾਂਦੇ ਸਨ। ਹੁਣ ਇਹ ਕੋਈ ਖ਼ੂਬੀ ਨਹੀਂ, ਸਗੋਂ ਇਕ ਤਰ੍ਹਾਂ ਦਾ ਕੁਹਜ ਹੈ, ਜਿਸ ਤੋਂ ਸਿਆਣੇ ਕਵੀ ਬਚਦੇ ਰਹਿੰਦੇ ਹਨ।

ਛੰਦਾਂ ਦੇ ਰੂਪਾਂ ਉਤੇ ਵੀ ਬਹੁਤ ਜ਼ੋਰ ਦੇਣਾ ਪੁਰਾਣੀ ਰੀਤ ਹੈ। ਇਕ ਵਾਰੀ ਸੁਖੋ ਸਕੂਲ ਲਈ ਅਪੀਲ ਲਿਖਣ ਲਈ ਇਕ ਕਵੀ ਨੂੰ ਲਾਇਆ ਗਿਆ। ਉਸ ਨੇ ਇੱਕ ਸਫ਼ੇ ਵਿਚ ਅੱਠ ਕਿਸਮ ਦੇ ਛੰਦਾਂ ਦੇ ਭੇਦ ਵਰਤ ਕੇ ਦੱਸੇ, ਕਿਧਰੇ ਕਬਿੱਤ, ਕਿਧਰੇ ਸਵੱਈਏ, ਕਿਧਰੇ ਦਵੱਈਏ, ਕਿਧਰੇ ਦੋਹਰੇ, ਕਿਧਰੇ ਬੈਂਤ, ਕਿਧਰੇ ਅੜਿਲ, ਕਿਧਰੇ ਡਿਉਢ, ਅਤੇ ਕਈ ਕਿਸਮ ਦੇ ਸਿਰਖੰਡੀ ਵਰਤੇ, ਪਰ ਕਵਿਤਾ ਕਿਧਰੇ ਵੀ ਨਾ। ਉਸ ਮਜ਼ਮੂਨ ਉਤੇ ਕਵਿਤਾ ਕੀ ਹੋਣੀ ਸੀ ? ਕਵਿਤਾ ਦਾ ਵਿਸ਼ਾ ਚੁਣ ਕੇ ਰਖਣਾ ਚਾਹੀਦਾ ਹੈ। ਇਉਂ ਨਾ ਹੋਵੇ ਕਿ ਕਾਨਫ਼ਰੰਸ ਦਾ ਟਿਕਟ ਮੁਫ਼ਤ ਲੈਣ ਲਈ 'ਲੰਗਰ ਦੀ ਦਾਲ ਕਰਾਰੀ' ਦੇ ਸੋਹਲੇ ਗਾਏ ਹੋਣ, ਜਾਂ ਅਖ਼ਬਾਰ ਦਾ ਚੰਦਾ ਬਚਾਉਣ ਲਈ ਉਸ ਦੇ ਐਡੀਟਰ ਦੇ ਗੁਣ ਕਵਿਤਾ ਵਿਚ ਗਾਏ ਜਾਣ।

ਕਵਿਤਾ ਦਾ ਜ਼ਰੂਰੀ ਅੰਗ ਕਲਪਨਾ ਜਾਂ ਤਸੱਵਰ ਹੈ। 'ਤਸੱਵਰ' ਤਸਵੀਰ ਬਣਾਉਣ ਦਾ ਨਾਉਂ ਹੈ। 'ਤੀਹ ਨੇ ਦਿਨ ਸਤੰਬਰ ਦੇ। ਐਪ੍ਰਿਲ ਜੂਨ ਨਵੰਬਰ ਦੇ' ਵਿਚ ਮਾਤਰਾ ਗੇਣਵੀਆਂ ਹਨ, ਕਾਫ਼ੀਆ ਵੀ ਹੈ, ਪਰ ਕਵਿਤਾ ਨਹੀਂ। ਕਿਉਂ ? ਇਸ ਲਈ ਕਿ ਇਸ ਵਿਚ ਕੋਈ ਤਸਵੀਰ ਨਹੀਂ, ਕੋਈ ਚਮਤਕਾਰ ਨਹੀਂ। 'ਖ਼ਿਆਲ' ਪਾਤਸ਼ਾਹੀ ਦਸਵੀਂ ਵਿਚ ਹੀਰ-ਰਾਂਝੇ ਤੇ ਖੇੜਿਆਂ ਦੀ ਤਸਵੀਰ ਹੈ। ਭਾਈ ਵੀਰ ਸਿੰਘ ਦੀ ਕਵਿਤਾ 'ਸਮਾ' ਇਕ ਵਿਚਾਰ ਵਾਲੀ ਕਵਿਤਾ ਹੈ, ਪਰ ਹੈ ਇਹ ਕਵਿਤਾ;

ਕਿਉਂਕਿ ਇਸ ਵਿਚ ਸਮੇਂ ਨੂੰ ਮੂਰਤੀਮਾਨ ਕੀਤਾ ਹੋਇਆ ਹੈ: ਇਕ ਛੁਹਲਾ ਜਿਹਾ ਨੌਜਵਾਨ, ਪਿੱਛੇ ਵਰਾਂਛ ਪਾਈ ਹੋਈ, ਭੱਜੀ ਜਾਂਦਾ ਹੈ, ਕਿਧਰੇ ਅਟਕਦਾ ਨਹੀਂ। 'ਜੀਵਨ ਕੀ ਹੈ ?' ਵਿਚ ਸਾਰਾ ਭਾਵ ਹੀ ਤਸਵੀਰਾਂ ਰਾਹੀਂ ਪ੍ਰਗਟਾਇਆ ਗਿਆ ਹੈ। 'ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ' ਵਿਚ ਪੂਰਨ ਸਿੰਘ ਰਾਂਝੇ ਨੂੰ, ਇਕ ਰੂਪ ਵਿਚ, ਗੁਰੂ ਦਾ ਸਿੱਖ ਬਣਾ ਕੇ ਸਾਡੇ ਸਾਹਮਣੇ ਲਿਆਉਂਦਾ ਹੈ।

ਉਪਮਾ ਕਵਿਤਾ ਦਾ ਸ਼ਿੰਗਾਰ ਹੈ। ਇਹ ਰਸ ਨੂੰ ਵਧਾਉਂਦੀ ਹੈ। ਪਰ ਇਸ ਨੂੰ ਵਰਤਣ ਲਗਿਆਂ ਅਸਲੀਅਤ ਤੋਂ ਦੂਰ ਨਹੀਂ ਜਾਣਾ ਚਾਹੀਦਾ। ਪੰਜਾਬੀ ਵਿਚ ਅਤਿ-ਕਥਨੀ ਬਹੁਤ ਘਟ ਨਿਭਦੀ ਹੈ। ਰੋਮਾਂਚਿਕ ਕਵੀ ਵੀ ਯਥਾਰਥਵਾਦ ਤੋਂ ਦੂਰ ਨਹੀਂ ਜਾ ਸਕਦਾ। ਵਾਰਸ ਸ਼ਾਹ ਕੋਲੋਂ ਵਧ ਰੋਮਾਂਚਿਕ ਕਿਸ ਨੇ ਹੋਣਾ ਹੈ ? ਪਰ ਉਹ ਵੀ ਮਹੀਆਂ ਤੇ ਗੁਰੂਆਂ ਦੇ ਵੇਰਵੇ ਦੇ ਕੇ ਰੋਮਾਂਸ ਨੂੰ ਅਸਲੀਅਤ ਦਾ ਰੰਗ ਦਿੰਦਾ ਹੈ। ਉਹ ਹਰ ਗਲੇ ਪੰਜਾਬੀਅਤ ਨੂੰ ਉਘਾੜਦਾ ਹੈ। ਜੱਟਾਂ ਦੇ ਸੁਭਾਅ ਅਤੇ ਰਹਿਣੀ-ਬਹਿਣੀ ਦਾ ਹੂ-ਬਹੂ ਨਕਸ਼ਾ ਖਿਚਦਾ ਹੈ। ਵਿਆਹ ਦੀਆਂ ਗੀਤਾਂ ਤੇ ਦਾਜ-ਦਾਉਣ ਦੀਆਂ ਵਸਤਾਂ ਗਿਣ ਕੇ ਇਉਂ ਦਸਦਾ ਹੈ, ਜਿਵੇਂ ਕੋਈ ਪੱਕਾ ਯਥਾਰਥਵਾਦੀ ਅਖਬਾਰ ਦਾ ਪਤ੍ਰ-ਪ੍ਰੇਰਕ ਹੁੰਦਾ ਹੈ। ਇਕ ਵਾਰੀ ਮੈਂ 'ਸ਼ਰਫ਼' ਜੀ ਨੂੰ ਕਿਹਾ, "ਤੁਸੀਂ ਸਿਆਲ ਦੇ ਗੁਣ ਗਾਂਦਿਆਂ ਗੁਲੇ-ਲਾਲਾ ਨੂੰ ਅੱਗ ਸੇਕਦਿਆਂ ਦੱਸਿਆ ਹੈ! ਕੀ ਸੱਚੀ ਮੁੱਚੀ ਇਹ ਫੁੱਲ ਸਿਆਲ ਵਿਚ ਹੁੰਦਾ ਹੈ ?"

ਦੁੱਗਲ ਜੀ ਲਿਖਦੇ ਹਨ: "ਫੁੱਲ ਤੇ ਪਤੰਗਾ ਆਂਵਦੇ"। ਕੀ ਸਚ-ਮੁਚ ਪਤੰਗਾ ਫੁੱਲ ਤੇ ਆਉਂਦਾ ਹੈ ?

## ਵਾਰਤਕ

ਜਿਉਂ ਜਿਉਂ ਲੋਕਾਂ ਦਾ ਗਿਆਨ ਤੇ ਤਜਰਬਾ ਵਧਦਾ ਗਿਆ,

ਅਤੇ ਗੱਲਾਂ ਨੂੰ ਯਥਾਰਥ ਢੰਗ ਨਾਲ ਲਿਖਣ ਦੀ ਲੋੜ ਪਈ, ਤਿਉਂ ਤਿਉਂ ਮਨੁਖ ਦਾ ਸਧਾਰਨ ਪ੍ਰਗਟਾਉ ਵਾਰਤਕ ਵਿਚ ਹੋਣ ਲੱਗਾ। ਵਾਰਤਕ ਠੀਕ-ਠੀਕ ਸੋਚ ਕੇ ਲਿਖੀ ਹੋਈ ਰਚਨਾ ਹੁੰਦੀ ਹੈ। ਇਸ ਵਿਚ ਖ਼ਿਆਲ ਪ੍ਰਧਾਨ ਹੁੰਦਾ ਹੈ, ਜਿਵੇਂ ਕਵਿਤਾ ਵਿਚ ਵਲਵਲਾ। ਨਿਰਾ ਖ਼ਿਆਲ ਜਾਂ ਨਰੋਲ ਵਲਵਲਾ ਕਿਧਰੇ ਵੀ ਨਹੀਂ ਹੁੰਦਾ। ਸਾਹਿੱਤ ਵਿੱਚ ਵਲਵਲਾ ਤੇ ਖ਼ਿਆਲ ਦੋਵੇਂ ਰਲੇ-ਮਿਲੇ ਹੁੰਦੇ ਹਨ: ਕਵਿਤਾ ਵਿਚ ਵਲਵਲਾ ਵਧੇਰੇ ਤੇ ਵਾਰਤਕ ਵਿਚ ਖਿਆਲ ਵਧੇਰੇ ਹੁੰਦਾ ਹੈ। ਜਦ ਤੁਹਾਡੇ ਵਿਚ ਵਲਵਲਾ ਜ਼ੋਰਾਂ ਤੇ ਹੋਵੇ, ਕਵਿਤਾ ਲਿਖੋ, ਅਤੇ ਜਦ ਵਿਚਾਰ ਤੀਬਰ ਹੋਵੇ ਤਾਂ ਵਾਰਤਕ ਵਰਤੋ। ਦੋਹਾਂ ਹਾਲਤਾਂ ਵਿਚ ਲਿਖਣ ਤਦ ਬੈਠੋ, ਜਦ ਮਨ ਵਿਚ ਤਰੰਗ ਉੱਠੇ। ਐਵੇਂ ਕਿਸੇ ਦੇ ਕਹੇ ਕਹਾਏ ਜਾਂ ਕਿਸੇ ਲ਼ਾਲਚ ਜਾਂ ਲਿਹਾਜ਼ ਵਿਚ ਆ ਕੇ ਕਲਮ ਨਾ ਫੜੋ। ਸਾਹਿੱਤ ਉਤੇ ਬਹੁਤ ਮਿਹਰਬਾਨੀ ਹੋਵੇਗੀ।

ਇਹ ਵੀ ਗਲ ਠੀਕ ਨਹੀਂ ਕਿ ਕੋਈ ਮਜ਼ਮੂਨ ਕਵਿਤਾ ਲਈ ਸਿਕੇਬੰਦ ਹਨ ਤੇ ਵਾਰਤਕ ਲਈ ਨਹੀਂ। ਵਾਰਤਕ ਨਵੀਂ ਨਵੀਂ ਮਦਾਨ ਵਿਚ ਆਈ ਹੈ। ਇਸ ਦੀਆਂ ਕਈ ਸੰਭਾਵਨਾਂ ਅਜੇ ਤਕ ਪੂਰੀ ਤਰ੍ਹਾਂ ਸਾਡੇ ਸਾਹਮਣੇ ਨਹੀਂ ਆਈਆਂ। ਜਿਉਂ ਜਿਉਂ ਸਮਾਂ ਲੰਘੇਗਾ ਕਾਰੀਗਰ ਲਿਖਾਰੀਆਂ ਦੇ ਹੱਥਾਂ ਵਿਚ ਇਸ ਨੇ ਓਹ ਓਹ ਚਮਤਕਾਰ ਵਿਖਾਉਣੇ ਹਨ ਜਿਨ੍ਹਾਂ ਦਾ ਸਾਨੂੰ ਅਜੇ ਚਿਤ-ਚੇਤਾ ਵੀ ਨਹੀਂ।

## ਨਾਟਕ

ਨਾਟਕ ਕੁਦਰਤੀ ਤੌਰ ਤੇ ਵਾਰਤਕ ਵਿਚ ਚੰਗਾ ਨਿਭਦਾ ਹੈ, ਕਿਉਂਕਿ ਇਸ ਦਾ ਪ੍ਰਧਾਨ ਅੰਗ ਪਾਤਰਾਂ ਦੀ ਪ੍ਰਸਪਰ ਗਲ-ਬਾਤ

ਹੈ। ਪੰਜਾਬੀ ਵਿਚ ਲਿਖਤੀ ਬੋਲੀ ਅਤੇ ਲੋਕਾਂ ਦੀ ਆਮ ਵਰਤੀਂਦੀ ਬੋਲੀ ਵਿਚ ਕੋਈ ਫ਼ਰਕ ਨਹੀਂ । ਇਥੇ ਕੋਈ ਖ਼ਾਸ ਸਾਹਿੱਤਕ ਬੋਲੀ ਨਹੀਂ । ਇਸੇ ਲਈ ਪੰਜਾਬੀ ਵਿਚ ਡਰਾਮਾ ਬਹੁਤ ਕਾਮਯਾਬ ਹੈ ।

ਪਰ ਪੰਜਾਬੀ ਡਰਾਮਾ ਕਿਧਰੇ ਕਿਧਰੇ ਕਵਿਤਾ ਵਿਚ ਵੀ ਲਿਖਿਆ ਜਾਂਦਾ ਹੈ। ਸੇਖੋਂ ਦਾ 'ਬਾਬਾ ਬੋਹੜ' ਅਤੇ ਦੁੱਗਲ ਦੇ 'ਇਕ ਸਿਫ਼ਰ ਸਫ਼ਰ' ਤੇ 'ਆਤਮ-ਘਾਤ' ਕਵਿਤਾ ਵਿਚ ਹਨ, ਕਿਉਂਕਿ ਏਹਨਾਂ ਦੇ ਵਿਸ਼ੇ ਕਲਾਸੀਕਲ ਹਨ। ਸੇਖੋਂ ਦਾ 'ਵਿਆਹਲੀ' ਵੀ ਕਵਿਤਾ ਵਿਚ ਹੈ । ਇਹ ਰੋਮਾਂਚਿਕ ਸੁਖਾਂਤ ਕਵਿਤਾ ਵਿਚ ਹੀ ਲਿਖਣਾ ਢੁਕਦਾ ਸੀ। ਗਾਰਗੀ ਜਹੇ ਯਥਾਰਥਵਾਦੀ ਪਾਸੋਂ ਕਾਵਿਆਈ ਡਰਾਮਿਆਂ ਦੀ ਉਮੇਦ ਰਖਣੀ ਨਹੀਂ ਬਣਦੀ। ਨਾਲੇ ਉਹ ਕਵੀ ਨਹੀਂ। ਸੇਖੋਂ ਤੇ ਦੁੱਗਲ ਆਪਣੇ ਕਾਵਿ-ਗੁਣਾਂ ਨੂੰ ਕਈ ਪਾਸੇ ਵਰਤ ਸਕਦੇ ਹਨ। ਓਹਨਾਂ ਨੂੰ ਇਹ ਗਲ ਜਰਦੀ ਹੈ।

# ਸ਼ਬਦ-ਜੋੜ

੧. ਬੋਲੀਆਂ ਦਾ ਸੁਭਾਅ ਆਪੋ ਆਪਣਾ ਹੁੰਦਾ ਹੈ । ਪੰਜਾਬੀ ਬੋਲੀ ਦਾ ਸੁਭਾਅ ਪੰਜਾਬੀਆਂ ਵਾਕਰ ਖੁਲ੍ਹਾ ਅਤੇ ਸਿੱਧਾ-ਪੱਧਰਾ ਹੈ। ਇਸ ਵਿਚ ਕੋਈ ਗੁੰਝਲਾਂ ਨਹੀਂ ਹੁੰਦੀਆਂ, ਕੋਈ ਦੂਹਰੀਆਂ ਜਾਂ ਡੇਉਢੀਆਂ ਅਵਾਜ਼ਾਂ ਨਹੀਂ ਹੁੰਦੀਆਂ । ਕਸ਼ਾ, ਸਥਾ ਆਦਿ ਅਵਾਜ਼ਾਂ ਸਰਲ ਹੋ ਕੇ ਇਕਹਿਰੀਆਂ ਬਣ ਜਾਂਦੀਆਂ ਹਨ। ਜਿਵੇਂ ਪੰਜਾਬੀ ਲੋਕ ਜੋ ਕੁਝ ਕਹਿੰਦੇ ਹਨ ਉਹੋ ਕੁਝ ਕਰਦੇ ਹਨ, ਅੰਦਰੋਂ ਹੋਰ ਤੇ ਬਾਹਰੋਂ ਹੋਰ ਨਹੀਂ ਹੁੰਦੇ, ਤਿਵੇਂ ਪੰਜਾਬੀ ਦੀ ਲਿਖਤ ਦਾ ਵੀ ਇਹ ਨੇਮ ਹੈ ਕਿ **ਜਿਵੇਂ ਬੋਲੋ ਤਿਵੇਂ ਲਿਖੋ**, ਜਿਵੇਂ:-

'ਕ੍ਰਿਪਾ' ਕੋਈ ਨਹੀਂ ਕਹਿੰਦਾ, 'ਕਿਰਪਾ' ਹੀ ਕਹੀਦਾ ਹੈ।
'ਸ੍ਰਦਾਰ' ਕੋਈ ਨਹੀਂ ਕਹਿੰਦਾ, 'ਸਰਦਾਰ' ਹੀ ਕਹੀਦਾ ਹੈ।
ਇਸ ਲਈ ਲਿਖਣ ਵੇਲੇ 'ਕਿਰਪਾ' ਜਾਂ 'ਸਰਦਾਰ' ਹੀ ਲਿਖਣ ਵਿੱਚ ਆਉਂਦਾ ਹੈ। ਇਸੇ ਤਰ੍ਹਾਂ:-

ਪਰਸਾਦ (ਨਾ ਕਿ ਪ੍ਰਸਾਦ) ਠੀਕ ਹੈ।
ਕਿਰਿਆ ( ਨਾ ਕਿ ਕ੍ਰਿਯਾ ) ਠੀਕ ਹੈ।

ਪਰਗਟ ( ਨਾ ਕਿ ਪ੍ਰਗਟ ) ਠੀਕ ਹੈ।
ਸਕੱਤਰ ( ਨਾ ਕਿ ਸਕੱਤ੍ਰ ) ਠੀਕ ਹੈ।
ਸਟੇਸ਼ਨ ( ਨਾ ਕਿ ਸ੍ਟੇਸ਼ਨ ) ਠੀਕ ਹੈ।
ਡਾਇਰੈਕਟਰ ( ਨਾ ਕਿ ਡਾਇਰੈਕਟ੍ਰ ) ਠੀਕ ਹੈ।

੨. ਆਮ ਤੌਰ ਤੇ ਪੰਜਾਬੀ ਲਿਖਤ ਵਿਚ ਦੁੱਤ ਅੱਖਰ ਘੱਟ ਵਰਤੀਂਦੇ ਹਨ। ਸੰਸਕ੍ਰਿਤ ਵਿਚ ਭਾਵੇਂ 'ਮੰਤ੍ਰ' ਹੈ, ਪਰ ਪੰਜਾਬੀ ਵਿਚ 'ਮੰਤਰ' ਹੀ ਲਿਖਾਂਗੇ। ਇਸੇ ਤਰ੍ਹਾਂ "ਵਿਦ੍ਵਾਨ" ਦੀ ਥਾਂ 'ਵਿਦਵਾਨ', 'ਭ੍ਰਮ' ਦੀ ਥਾਂ 'ਭਰਮ', 'ਸ੍ਥਾਨ', ਦੀ ਥਾਂ 'ਸਥਾਨ' ਜਾਂ 'ਅਸਥਾਨ', 'ਅਕਸ਼ਰ' ਦੀ ਥਾਂ 'ਅੱਖਰ', 'ਲਕਸ਼ਮਣ' ਦੀ ਥਾਂ 'ਲੱਛਮਣ', 'ਮੰਦਿਰ' ਦੀ ਥਾਂ 'ਮੰਦਰ' 'ਸ੍ਨਾਨ' ਜਾਂ 'ਸਨਾਨ' ਦੀ ਥਾਂ 'ਇਸ਼ਨਾਨ, 'ਰਕਸ਼ਾ' ਦੀ ਥਾਂ 'ਰੱਖਿਆ', 'ਧਾਰਮਿਕ' ਦੀ ਥਾਂ 'ਧਾਰਮਕ', 'ਅਮ੍ਰਿਤ' ਦੀ ਥਾਂ 'ਅੰਮ੍ਰਿਤ', 'ਸਤੁਤੀ' ਦੀ ਥਾਂ 'ਉਸਤਤੀ', 'ਸਤ੍ਰੀ' ਦੀ ਥਾਂ 'ਇਸਤਰੀ' ਲਿਖਾਂਗੇ। ਨੇਮ ਇਹ ਹੈ ਕਿ ਜਿਹੜਾ ਲਫ਼ਜ਼ ਬਾਹਰੋਂ ਆ ਕੇ ਅਜੇ ਤੀਕ ਬਾਹਰਲਾ ਹੀ ਰਿਹਾ ਹੈ, ਉਸ ਨੂੰ ਮੂਲ ਰੂਪ ਵਿਚ ਹੀ ਲਿਖਿਆ ਜਾਂਦਾ ਹੈ, ਜਿਵੇਂ :–

'ਸੰਸਕ੍ਰਿਤ', 'ਪ੍ਰਾਕ੍ਰਿਤ', 'ਪ੍ਰੇਮ', 'ਗ੍ਰੰਥ', 'ਕ੍ਰਿਸ਼ਨ', ਆਦਿ, ਪਰ ਜਿਹੜੇ ਲਫ਼ਜ਼ ਪੰਜਾਬੀ ਵਿਚ ਆ ਕੇ ਰਚ ਮਿਚ ਗਏ ਹਨ ਅਤੇ ਓਪਰੇ ਨਹੀਂ ਰਹੇ, ਓਹਨਾਂ ਦਾ ਰੂਪ ਵੱਟ ਕੇ ਨਰੋਲ ਪੰਜਾਬੀ ਬਣ ਜਾਂਦਾ ਹੈ ਅਤੇ ਲਿਖੀਂਦੇ ਪੰਜਾਬੀ ਰੂਪ ਵਿਚ ਹੀ ਹਨ, ਜਿਵੇਂ :–

ਪੁੱਤਰ ( ਪੁੱਤ੍ਰ ਤੋਂ )

ਭਰਮ ( ਭ੍ਰਮ ਤੋਂ )
ਵਿਆਹ ( ਵਿਵਾਹ ਤੋਂ )
ਸਨੇਹ ( ਸ੍ਨੇਹ ਤੋਂ )
ਸੁਆਮੀ ( ਸ੍ਵਾਮੀ ਤੋਂ )
ਸੁਆਦ ( ਸ੍ਵਾਦ ਤੋਂ )
ਦੁਆਰਾ (ਦ੍ਵਾਰਾ ਤੋਂ )
ਮੂਰਖ ( ਮੂਰ੍ਖ ਤੋਂ )
ਖਿਮਾ ( ਕਸ਼ਿੱਮਾ ਤੋਂ )
ਪਰਤੱਖ ( ਪ੍ਰਤੱਕਸ਼ ਤੋਂ )
ਸ਼ਬਦ ( ਸ਼ਬ੍ਦ ਤੋਂ )
ਦੁਸ਼ਟ ( ਦੁਸ਼੍ਟ ਤੋਂ )

ਵੇਖੋ ਸੰਸਕ੍ਰਿਤ ਦਾ ਲਫ਼ਜ਼ 'ਸ੍ਵਰ' (Vowel) ਪੰਜਾਬੀ ਵਿਆਕਰਣ ਵਿਚ ਆ ਕੇ ਵ 'ਸ੍ਵਰ' ਹੀ ਲਿਖਿਆ ਜਾਏਗਾ, ਪਰ ਜਦ ਇਹ ਪੰਜਾਬੀ ਵਿਚ ਆ ਕੇ ਆਵਾਜ਼ ਦੇ ਅਰਥ ਦਿੰਦਾ ਹੈ, ਤਾਂ ਇਸ ਦਾ ਰੂਪ 'ਸੁਰ' ਹੋ ਜਾਂਦਾ ਹੈ।

੩. ਸ੍ਵਰ ਅੱਖਰਾਂ ਨਾਲ ਲਗਾਂ ਲਾਉਣ ਲੱਗਿਆਂ ਵੀ ਕਈ ਭੁੱਲਾਂ ਹੋ ਜਾਂਦੀਆਂ ਹਨ। ਫ਼ਰਕ ਯਾਦ ਰਖੋ :–

'ੳ' ਮੁਕਤਾ ਨਹੀਂ ਆਉਂਦਾ। ਇਸ ਦੇ ਨਾਲ ਔਂਕੜ, ਦੁਲੈਂਕੜ ਅਤੇ ਹੋੜਾ ਲਗਦਾ ਹੈ, ਜਿਵੇਂ–ਉ, ਊ ਅਤੇ ਓ।

'ਅ' ਮੁਕਤਾ ਆਉਂਦਾ ਹੈ, ਇਸ ਦੇ ਨਾਲ ਹੋਰ ਲਗਾਂ ਏਹ ਲਗਦੀਆਂ ਹਨ :–ਕੰਨਾ, ਦੁਲਾਈਆਂ, ਅਤੇ ਕਨੌੜਾ, ਜਿਵੇਂ:–ਅ, ਆ, ਐ, ਔ।

ਲਗਾਂ ਅਸਲ ਵਿਚ ਛੋਟੇ ਸੁਰ ਹੁੰਦੀਆਂ ਹਨ । ਜਦ ਏਹਨਾਂ ਦੀ ਆਵਾਜ਼ ਲੰਮੀ ਹੋ ਜਾਵੇ ਤਾਂ 'ਅ' ਵਧਾ ਕੇ ਲਾਇਆ ਜਾਂਦਾ ਹੈ, ਜਿਵੇਂ:-ਚਾਅ ਗਦਾਅ, ਸ਼ਫ਼ਾਅ, ਸ਼ੋਅ, ਲੋਅ, ਲਾਅ।

'ੲ' ਮੁਕਤਾ ਨਹੀਂ ਆਉਂਦੀ; ਇਸ ਦੇ ਨਾਲ, ਸਿਹਾਰੀ, ਬਿਹਾਰੀ, ਜਾਂ ਲਾਂ ਆਉਂਦੀ ਹੈ, ਜਿਵੇਂ:-ਇ, ਈ, ਏ।

## ੪. ਬਿੰਦੀ ਤੇ ਟਿੱਪੀ ਦੇ ਨੇਮ

(ੳ) 'ੳ' ਦੇ ਨਾਲ ਸਦਾ ਬਿੰਦੀ ਲਗਦੀ ਹੈ, ਜਿਵੇਂ:-ਅਉਂਕੜ, ਉਂਗਲ, ਊਂਘ !

(ਅ) ਮੁਕਤੇ, ਸਿਹਾਰੀ, ਅਊਂਕੜ, ਤੇ ਦੁਲੈਂਕੜ ਨਾਲ ਟਿੱਪੀ ਲਗਦੀ ਹੈ, ਜਿਵੇਂ:-ਅੰਗ, ਪਿੰਨਾ, ਸੁੰਡ, ਕੂੰਡਾ; ਅਤੇ ਕੰਨੇ, ਬਿਹਾਰੀ, ਲਾਂ, ਦੁਲਾਵੀਆਂ, ਹੋੜੇ ਤੇ ਕਨੌੜੇ ਨਾਲ ਬਿੰਦੀ, ਜਿਵੇਂ:-ਬਾਂਗ, ਮੀਂਹ, ਕੇਂਦਰ, ਹੈਂਡਲ, ਗੋਂਦ, ਰੌਂਦ ।

(ੲ) ਆਮ ਕਰਕੇ ਅਨੁਨਾਸਕ ਅੱਖਰਾਂ ਨਾਲ (ਜੋ ਨੱਕ ਵਿਚ ਬੋਲੇ ਜਾਂਦੇ ਹਨ-ਙ, ਞ, ਨ, ਣ, ਮ) ਬਿੰਦੀ ਜਾਂ ਟਿੱਪੀ ਨਹੀਂ ਆਉਂਦੀ, ਜਿਵੇਂ:-ਵਾਙ, ਭੁਞ, ਸੁਣੋ, ਮਾਨਾ, ਕਾਮਾ, ਮੱਖਣਾ !

(ਸ) ਆਮ ਤੌਰ ਤੇ ਅਨੁਨਾਸਕ ਅੱਖਰ ਦੇ ਗੁਆਂਢ ਵਿਚ ਆਉਣ ਵਾਲੇ ਵਿਅੰਜਨ ਦੀ ਬਿੰਦੀ ਲਹਿ ਜਾਂਦੀ ਹੈ; ਜਿਵੇਂ-ਨਾਮ, ਬਾਣੀ, ਸਬੂਣੀਆ । ਕਈ ਸਜਣ ਭੁਲ ਕਰਕੇ ਨਾਂਮ, ਬਾਂਣੀ, ਗਿਆਂਨ, ਵਿਦਵਾਨਾਂ ! ਜ਼ਾਲਮਾਂ ! ਲਿਖਣ ਲਗ ਪੈਂਦੇ ਹਨ । ਵਿਦਵਾਨਾ ਦਾ ਅਰਥ ਹੈ 'ਹੇ ਵਿਦਵਾਨ !' 'ਵਿਦਵਾਨਾਂ' ਤੋਂ ਭਾਵ 'ਬਹੁਤ ਵਿਦਵਾਨ' ਹੈ । 'ਜ਼ਾਲਮਾ' ਦਾ ਅਰਥ ਹੈ 'ਹੇ ਜ਼ਾਲਮ !' ਅਤੇ 'ਜ਼ਾਲਮਾਂ' ਦਾ ਅਰਥ ਹੈ 'ਕਈ ਜ਼ਾਲਮ' ।

ਕਈ ਲੋਕ 'ਨਾ' (ਨਫ਼ੀ) ਨੂੰ ਵੀ 'ਨਾਂ' ਕਰਕੇ ਲਿਖਦੇ ਹਨ, ਜੋ ਭੁੱਲ ਹੈ। 'ਨਾਂ' ਦਾ ਅਰਥ 'ਨਾਉਂ' ਹੈ। ਇਸੇ ਤਰ੍ਹਾਂ 'ਮਾਏ ਨੀਂ!' ਆਖਣਾ ਭੁਲ ਹੈ, 'ਨੀ' ਚਾਹੀਏ। 'ਤੈਂਨੂੰ', 'ਮੈਂਨੂੰ', 'ਜਾਂਦੇ ਨੇਂ' ਲਿਖਣਾ ਅਸ਼ੁੱਧ ਹੈ। ਠੀਕ ਇਉਂ ਹੋਵੇਗਾ—'ਤੈਨੂੰ', 'ਮੈਨੂੰ', 'ਜਾਂਦੇ ਨੇ'।

ਹੋਰ ਫ਼ਰਕ ਵੇਖੋ:—ਓਹਨਾਂ ਚਾਰ ਗੀਤ ਸੁਣੇ। ਜੇ ਤੂੰ ਮੇਰੀ ਗੱਲ ਸੁਣੇਂ।

'ਮੰਨੋ ਠੀਕ ਹੈ, 'ਮਨੋਂ' ਠੀਕ ਨਹੀਂ। 'ਮਨੋਂ' ਤੋਂ ਭਾਵ 'ਮਨ ਤੋਂ' ਹੈ। 'ਬਿਨਾਂ' (ਸਿਵਾਇ) ਠੀਕ ਹੈ, 'ਬਿਨਾ' ਠੀਕ ਨਹੀਂ। ਸਮਾਂ (ਵੇਲਾ) ਠੀਕ ਹੈ, 'ਸਮਾ' ਦਾ ਅਰਥ ਹੋਰ ਹੈ। 'ਗਿਣਿਆ' ਅਤੇ 'ਗਿਣਿਆਂ' ਵਿਚ ਬਹੁਤ ਫ਼ਰਕ ਹੈ। 'ਛੱਡਿਆਂ ਛੱਡਿਆ ਜਾਂਦਾ ਨਾਹੀ' ਤੋਂ ਭਾਵ ਹੈ 'ਛੱਡਣ ਲੱਗਿਆਂ ਛੱਡਣ ਨਹੀਂ ਹੁੰਦਾ'।

(ਹ) ਕਿਰਿਆ ਨਾਲ 'ਨਾ' ਦੀ ਥਾਂ 'ਨ' ਲਿਖਣਾ ਭੁੱਲ ਹੈ। 'ਉਪ-ਭਾਖਾਵਾਂ ਦੀ ਮਿਲਾਵਟ ਨ ਹੋਵੇ' (ਪ੍ਰੋ. ਕਰਤਾਰ ਸਿੰਘ) ਵਿਚ 'ਨਾ ਹੋਵੇ' ਚਾਹੀਦਾ ਸੀ। ਦੋ ਨਾਵਾਂ ਦੇ ਵਿਚਕਾਰ 'ਨ' ਲਗ ਸਕਦਾ ਹੈ, ਜਿਵੇਂ 'ਘਰ ਨ ਘਾਟ', 'ਨ ਹਿੰਦੂ ਨ ਸਿੱਖ।'

## ੫. ਅਧਕ

(ੳ) ਜੇ ਕਿਸੇ ਅੱਖਰ ਦੀ ਅਵਾਜ਼ ਦੂਹਰੀ ਕਰਨੀ ਹੋਵੇ, ਤਾਂ ਦੇਵਨਾਗਰੀ ਵਿਚ ਉਸ ਅੱਖਰ ਨੂੰ ਦੂਹਰਾ ਕਰਕੇ ਲਿਖਿਆ ਜਾਂਦਾ ਹੈ, ਪਰ ਗੁਰਮੁਖੀ ਵਿਚ ਇਸ ਦੇ ਲਈ ਇਕ ਖ਼ਾਸ ਚਿੰਨ੍ਹ ( ੱ ) ਵਰਤਿਆ ਜਾਂਦਾ ਹੈ, ਜੋ ਉਸ ਅੱਖਰ ਦੇ ਉਤੇ ਦਿੱਤਾ ਹੁੰਦਾ ਹੈ। ਇਸ ਨੂੰ 'ਅਧਕ' ਆਖਦੇ ਹਨ।

ਆਮ ਤੌਰ ਤੇ ਅਧਕ ਦੀ ਵਰਤੋਂ ਘਟ ਕੀਤੀ ਜਾਂਦੀ ਹੈ, ਜਿਵੇਂ :–'ਸੱਨ' ਜਾ 'ਸਨ' ਲਿਖਣ ਲਗਿਆਂ, ਪਰ ਜਿੱਥੇ ਅਰਥਾਂ ਵਿਚ ਫ਼ਰਕ ਪੈਣ ਦਾ ਡਰ ਹੋਵੇ, ਉੱਥੇ ਅਧਕ ਦੇਣੀ ਜ਼ਰੂਰੀ ਹੋ ਜਾਂਦੀ ਹੈ, ਜਿਵੇਂ:–'ਛਲ' (ਧੋਖਾ) ਤੇ 'ਛੱਲ' (ਲਹਿਰ) ਵਿਚ, ਤੱਕ (ਵੇਖ) ਅਤੇ ਤਕ (ਤੋੜੀ) ਵਿਚ, 'ਧੱਨ' ਵਾਹਵਾ ਤੇ 'ਧਨ' (ਦੌਲਤ) ਵਿਚ, 'ਵੱਲ' ਤਰਫ਼ ਅਤੇ 'ਵਲ' (ਵਿੰਗ) ਵਿਚ,ਸਿੱਖ (ਧਰਮ) ਅਤੇ ਸਿਖ (ਮਤ)। 'ਬੱਚਿਆਂ ਨੂੰ ਰੁਆਉਣਾ ਨ ਸਿੱਖੋ'(ਪ੍ਰੋ: ਕਰਤਾਰ ਸਿੰਘ):'ਨਾ ਸਿਖੋ' ਚਾਹੀਏ।

(ਅ) ਕਈ ਵੇਰ ਅਨੁਨਾਸਕ ਅੱਖਰਾਂ ਤੋਂ ਪਹਿਲਾਂ ਅਧਕ ਤੋਂ ਉਹੀ ਕੰਮ ਲਿਆ ਜਾਂਦਾ ਹੈ ਜੋ ਟਿੱਪੀ ਤੋਂ, ਜਿਵੇਂ ਨਿੰਮ ਤੇ ਨਿੱਮ, ਜੰਮ ਤੇ ਜੱਮ, ਮੰਨ ਤੇ ਮੱਨ।

(ੲ) ਸੰਸਕ੍ਰਿਤ ਪਦਾਂ ਦੇ ਅੰਤਲੇ ਯਾ ਦੀ ਥਾਂ ਅਧਕ ਵਰਤੀ ਜਾਂਦੀ ਹੈ, ਜਿਵੇਂ 'ਕ੍ਰਿਤਗਜ' ਦੀ ਥਾਂ 'ਕਿਰਤੱਗ', 'ਸਰਵਗਜ' ਦੀ ਥਾਂ 'ਸਰਵੱਗ' ਜਾਂ 'ਸਰਬੱਗ', 'ਯਗਜ' ਦੀ ਥਾਂ 'ਯੱਗ' ਜਾਂ 'ਜੱਗ', 'ਸਾਹਿਤਯ' ਦੀ ਥਾਂ 'ਸਾਹਿੱਤ', 'ਸਤਯ' ਦੀ ਥਾਂ 'ਸੱਤ'।

(ਸ) ਕਈ ਵਾਰੀ ਪੱਛਮੀ ਪੰਜਾਬ ਤੋਂ ਆਏ ਲੋਕ ਅਧਕ ਦੀ ਅਯੋਗ ਵਰਤੋਂ ਕਰਦੇ ਹਨ ਜਿਵੇਂ–ਪੱਤਾ (ਸਿਰਨਾਵਾਂ),'ਕੱਥਾ' (ਧਾਰਮਕ ਪੁਸਤਕ ਦੀ ਵਿਚਾਰ), 'ਅੱਸੀ' (ਆਪਾਂ), 'ਸੱਦਾ' (ਨਿਤ), ਸੁੱਧ (ਸੂਝ, ਖਬਰ), 'ਹੱਟ' (ਪਰੇ ਜਾ), ਹੱਲਾ (ਚੰਗਾ)।

(ਹ) ਅੰਗਰੇਜ਼ੀ ਅੱਖਰ 'ਈ' ਦੀ ਸੁਕੜਵੀਂ ਆਵਾਜ਼ ਜ਼ਾਹਰ ਕਰਨ ਲਈ ਦੁਲਾਈਆਂ ਨਾਲ ਅਧਕ ਵਰਤ ਕੇ ਕੰਮ ਸਾਰ ਲਈਦਾ ਹੈ, ਜਿਵੇਂ red ਨੂੰ ਰੈੱਡ, get ਨੂੰ ਗੈੱਟ ਕਰਕੇ ਲਿਖ ਸਕਦੇ ਹਾਂ।

### ੬. ਪੱਚਰ ਜਾਂ ਸਮਾਸ-ਚਿੰਨ੍ਹ ਦੀ ਵਰਤੋਂ

ਜੁੜਵੇਂ ਸ਼ਬਦਾਂ ਦੇ ਸਮਾਸੀ ਹਿੱਸਿਆਂ ਨੂੰ ਜੋੜਨ ਲਈ ਪੱਚਰ

ਵਰਤੀ ਜਾਂਦੀ ਹੈ। ਇਹ ਪੱਚਰ ਕੇਵਲ ਓਥੇ ਦੇਣੀ ਚਾਹੀਦੀ ਹੈ ਜਿੱਥੇ ਓਹ ਹਿੱਸੇ ਜੁੜਦੇ ਹਨ, ਜਿਵੇਂ, ਫਿਟ-ਮੂੰਹਾਂ, ਗਿੱਦੜ-ਕੁੱਟ, ਦੇਸ-ਨਿਕਾਲਾ, ਦਿਲ-ਹਿਲਾਊ, ਜੁਗ-ਪਲਟਾਊ।

ਇਹ ਪੱਚਰ ਕੇਵਲ ਓਹਨਾਂ ਸ਼ਬਦਾਂ ਵਿਚਕਾਰ ਵਰਤੋ ਜੋ ਰੱਲ ਕੇ ਇਕ ਜੁੜਵਾਂ ਸ਼ਬਦ ਬਣਾਂਦੇ ਹਨ, ਜਿਵੇਂ ਰੰਗ-ਭੂਮੀ, ਨਿਕਟ-ਵਰਤੀ, ਚਿਟ-ਚੂੰਡੀ, ਪਰ ਓਥੇ ਨਹੀਂ ਜਿਥੇ ਦੋ ਸ਼ਬਦ ਰਲ ਕੇ ਇਕ-ਮਿੱਕ ਹੋ ਜਾਣ, ਜਿਵੇਂ:—ਸ਼ਾਹਜ਼ਾਦਾ, ਖ਼ਬਰਦਾਰ, ਕੜਤੋੜ, ਵਡਮੁੱਲਾ, ਗਿਠਮੁੱਠੀਆ। ਇਹ ਪੱਚਰ ਓਥੇ ਵੀ ਨਹੀਂ ਵਰਤੀਂਦੀ ਜਿਥੇ ਦੋ ਲਫ਼ਜ਼ ਵਖਰੇ ਹੀ ਰਹਿੰਦੇ ਹਨ, ਜਿਵੇਂ :—ਮਾਤਾ ਪਿਤਾ, ਘਰ ਘਾਟ, ਰੁਪਿਆ ਪੈਸਾ। ਇਹੋ ਪੱਚਰ ਕਿਸੇ ਸਤਰ ਦੇ ਅੰਤ ਵਿਚ ਦਿੱਤੀ ਜਾਂਦੀ ਹੈ ਜਿਥੇ ਅੰਤਲੇ ਲਫ਼ਜ਼ ਦੀ ਕੋਈ ਮਾਤਰਾ ਮੁਕਦੀ ਹੈ। ਮਾਤਰਾ ਦੇ ਅਧਵਾਟੇ ਨਹੀਂ ਦੇਣੀ ਚਾਹੀਦੀ, ਜਿਵੇਂ :—'ਆਪਹੁਦ-ਰਾ' ਵਿਚ ਪੱਚਰ ਕੁਥਾਂ ਦਿਤੀ ਹੈ। ਚਾਹੀਦਾ ਇਉਂ ਸੀ—ਆਪ-ਹੁਦਰਾ। ਨਾ-ਮਿਲ-ਵਰਤਣ ਵਿਚ ਵੀ ਪੱਚਰ 'ਨਾ' ਜਾਂ 'ਮਿਲ' ਦੇ ਉਪਰੰਤ ਆ ਸਕਦੀ ਹੈ। ਡਾ. ਮੋਹਣ ਸਿੰਘ ਸਤਰ ਦੇ ਅੰਤ ਉਤੇ 'ਦੇ' ਦੇ ਕੇ ਦੂਜੀ ਸਤਰ ਦੇ ਮੁਢ ਵਿਚ 'ਉਤੇ' ਦਿੰਦਾ ਤੇ ਇਉਂ 'ਦੇ ਉਤੇ' ਨੂੰ ਵੰਡਦਾ ਹੈ, ਜੋ ਗ਼ਲਤ ਹੈ।

(੭) ਕਈ ਅੱਖਰਾਂ ਦੀ ਵਰਤੋਂ ਵਿਚ ਰੌਲਾ ਪੈਂਦਾ ਹੈ—

(ੳ) 'ਨ ਤੇ ਣ': ਭਾਵਾਰਥ ਕਿਰਿਆ ਦੇ ਅੰਤ 'ਣਾ' ਆਉਂਦਾ ਹੈ, 'ਨਾ' ਨਹੀਂ। ਹਾਂ ਣ, ਰ, ੜ ਦੇ ਨਾਲ 'ਨਾ' ਆਉਂਦਾ ਹੈ। 'ਹਸਣਾ' ਠੀਕ ਹੈ, 'ਹਸਨਾ' ਗ਼ਲਤ ਹੈ। 'ਗਾਨਾ' ਤੇ 'ਗਾਣਾ' ਵਿਚ ਬਹੁਤ ਫ਼ਰਕ ਹੈ। 'ਕਰਨਾ' ਠੀਕ ਹੈ, 'ਕਰਣਾ' ਠੀਕ ਨਹੀਂ। 'ਸੀਉਣਾ' ਠੀਕ ਹੈ, 'ਸੀਉਨਾ' ਜਾਂ 'ਸੀਨਾ'

ਠੀਕ ਨਹੀਂ। 'ਵੜਣਾ' ਠੀਕ ਨਹੀਂ, 'ਵੜਨਾ' ਠੀਕ ਹੈ। (ਹਾਂ ਜੇਕਰ 'ਣ' ਤੇ 'ੜ' ਵਿਚ ਕੁਝ ਵਿੱਥ ਪਾ ਲਈਏ ਤਾਂ ਕੋਈ ਹਰਜ ਨਹੀਂ, ਜਿਵੇਂ—ਲੜਾਉਣਾ ਝਗੜਾਉਣਾ।)

ਇਸ ਆਦਤ ਦਾ ਸਭੇ ਮਾਨ ਕਰਦੇ ਹਨ (ਕਰਤਾਰ ਸਿੰਘ): ਮਾਣ ਚਾਹੀਏ, 'ਵਿਘਣ' (ਪ੍ਰੋ. ਕਰਤਾਰ ਸਿੰਘ) ਵੀ 'ਵਿਘਨ' ਚਾਹੀਏ।

ਫ਼ਰਕ ਵੇਖੋ—'ਚੀਣਾ' (ਇਕ ਅਨਾਜ) ਤੇ 'ਚੀਨਾ' (ਚੀਨ ਦੇਸ ਦਾ ਵਸਨੀਕ) ਦਾ—'ਹਾਣੀ' (ਇਕ ਉਮਰ ਦਾ) ਤੇ 'ਹਾਨੀ' (ਨੁਕਸਾਨ ਹਤਕ) ਦਾ-'ਜਾਣ' (ਕਿਰਿਆ) ਤੇ 'ਜਾਨ' (ਜ਼ਿੰਦਗੀ) ਦਾ—'ਚੂਣਾ' (ਕੰਨ ਕੋਲ ਦੀ ਲਿੱਟ) ਅਤੇ 'ਚੂਨਾ' (ਪੱਥਰ ਸਾੜ ਕੇ ਬਣੀ ਮਿੱਟੀ) ਦਾ—'ਪੋਣਾ' (ਪੁਣਨ ਵਾਲਾ ਕਪੜਾ) ਤੇ 'ਪੋਨਾ' (ਗੰਨਾ) ਦਾ—'ਖਾਣ' (ਪੁਟਣ ਵਾਲੀ ਥਾਂ) ਤੇ 'ਖਾਨ' (ਮੁਸਲਮਾਨੀ ਨਾਂ) ਦਾ— 'ਰੋਗਣ' (ਰੋਗਵਾਲੀ) ਤੇ 'ਰੋਗਨ' (ਰੰਗ ਕਰਨ ਲਈ) ਦਾ—'ਮੋਣ' (ਘੀ ਦੀ ਮਿਲਾਵਟ ਤੇ 'ਮੋਨ' (ਚੁੱਪ ਸਾਧਨ) ਦਾ—'ਵੱਟਣਾ' (ਬਦਲਨਾ) ਤੇ 'ਵੱਟਨਾ' (ਮੱਲਣ ਦੀ ਚੀਜ਼) ਦਾ।

ਨਫ਼ੀ ਵਾਲੇ ਸ਼ਬਦਾਂ ਦੇ ਮੁਢ 'ਅਨ' ਦੀ ਥਾਂ 'ਅਣ' ਲਾਓ:

ਅਣਮੇਲ, ਅਣਜਾਣ, ਅਣਭਿੱਜ, ਅਣਵੇਖਿਆ, ਅਣਭਾਖਾ, ਅਣਹੋਂਦ। ਪਰ ਸੰਸਕ੍ਰਿਤ ਦੇ ਬਣੇ-ਬਣਾਏ ਨਫ਼ੀ ਵਾਲੇ ਸ਼ਬਦਾਂ ਨੂੰ ਤਤਸਮ ਹੀ ਰਹਿਣ ਦੇਣਾ ਹੈ, ਜਿਵੇਂ ਅਨਿਸ਼ਚਿਤ, ਅਨੁੱਚਿਤ ਹੀ ਲਿਖਣੇ ਠੀਕ ਹਨ।

**(ਅ) ਵ ਤੇ ਬ**: ਮਾਲਵੇ ਤੇ ਦੁਆਬੇ ਵਿਚ 'ਬ' ਬਹੁਤ ਵਰਤਦੇ ਹਨ। ਕਈ ਵਾਰੀ 'ਬ' ਦੀ ਥਾਂ 'ਵ' ਵਰਤੀਂਦਾ ਹੈ, ਜਿਵੇਂ ਇਕ ਸੱਜਣ ਲਿਖਦਾ ਹੈ: 'ਦੋ ਫੁਟ-ਵਾਲ ਭੇਜਣੇ ਅਤੇ ਨਾਲ ਹੀ

ਓਹਨਾਂ ਦਾ ਵਿਲ ਵੀ ਭੇਜ ਦੇਣਾ ।'

'ਬ' ਤੇ 'ਵ' ਦਾ ਫ਼ਰਕ ਦੇਖ ਕੇ ਵਰਤੋਂ ਕਰਨੀ ਚਾਹੀਦੀ ਹੈ। ਨੇਮ ਤਾਂ ਕੇਵਲ ਇਹੋ ਹੋ ਸਕਦਾ ਹੈ ਕਿ ਮਾਝੇ ਦੀ ਵਰਤੋਂ ਦਾ ਖ਼ਿਆਲ ਰੱਖੋ । 'ਵੀਹ' ਸਹੀ ਹੈ, 'ਬੀਹ' ਨਹੀਂ। 'ਵੇਚਣਾ' ਠੀਕ ਹੈ, 'ਬੇਚਣਾ' ਨਹੀਂ। 'ਵਿਦਿਆ' ਠੀਕ ਹੈ, 'ਬਿਦਿਆ' ਨਹੀਂ। ਇਸੇ ਤਰ੍ਹਾਂ ਸੁੱਧ ਏਹ ਹਨ : ਵਿਆਕਰਣ, ਵਿਆਹ, ਵਣਜ, ਵਪਾਰ, ਵੱਖਰਾ, ਵਿਉਂਤ, ਵਿੱਚ, ਵੱਸਣਾ, ਵਰ, ਵੰਨਗੀ। ਏਹਨਾਂ ਵਿਚ ਵ ਦੀ ਥਾਂ ਬ ਵਰਤਣਾ ਠੀਕ ਨਹੀਂ।

**ਵ ਤੇ ਮ :** ਦੁਆਬੇ ਵਿਚ 'ਵ' ਦੀ ਥਾਂ ਕਈ ਵੇਰ 'ਮ' ਵਰਤ ਲੈਂਦੇ ਹਨ, ਜਿਵੇਂ ਸਤਵਾਂ ਤੇ ਪੰਜਵਾਂ (ਸੁੱਧ) ਦੀ ਥਾਂ 'ਸੱਤਮਾ' ਤੇ 'ਪੰਜਮਾ' (ਅਸ਼ੁੱਧ), ਸਗਵਾਂ (ਸੁੱਧ) ਦੀ ਥਾਂ 'ਸਗਮਾ' (ਅਸ਼ੁੱਧ)।

**ਸ਼ ਤੇ ਛ :** ਮਾਝੇ ਵਿਚ ਸ਼ ਦੀ ਥਾਂ ਛ ਵਰਤ ਲੈਂਦੇ ਹਨ, ਅੰਮ੍ਰਿਤਸਰ ਜਹੇ ਕੇਂਦਰੀ ਸ਼ਹਿਰ ਦੇ 'ਜੰਕਸ਼ਨ' ਨੂੰ ਮੋਟੇ ਅੱਖਰਾਂ ਵਿਚ 'ਜੰਕਛਨ' ਲਿਖਿਆ ਹੋਇਆ ਦੇਖਿਆ ਗਿਆ ਹੈ। 'ਸ਼ੇਰ' ਨੂੰ 'ਛੇਰ', ਤੇ 'ਸ਼ਰਮ' ਨੂੰ 'ਛਰਮ' ਆਖਦੇ ਸੁਣੀਂਦੇ ਹਨ। ਇਹ ਭੁੱਲ ਹੈ । ਇਸੇ ਤਰ੍ਹਾਂ 'ਸ਼' ਦੀ ਥਾਂ 'ਸ' ਨਹੀਂ ਵਰਤਣਾ ਚਾਹੀਦਾ। 'ਖੁਸ', 'ਮੁਸਕ', 'ਸਾਬਾਸ', 'ਦੁਸਾਲਾ' ਠੀਕ ਨਹੀਂ।

**ਸ ਤੇ ਹ :** ਕਈ ਲਫ਼ਜ਼ਾਂ ਵਿਚ ਸ ਦੀ ਥਾਂ ਹ ਹੋ ਜਾਂਦਾ ਹੈ, ਜਿਵੇਂ—ਨਿਸਚਾ—ਨਿਹਚਾ, ਉਸਦਾ—ਉਹਦਾ, ਤੁਸਾਡਾ—ਤੁਹਾਡਾ, ਕਿਸਦਾ—ਕਿਹਦਾ, ਨਿਸਫਲ—ਨਿਹਫਲ। ਏਹ ਦੋਵੇਂ ਰੂਪ ਠੀਕ ਹਨ। 'ਸ' ਵਾਲੇ ਲਫ਼ਜ਼ ਕਿਤਾਬੀ ਹਨ ਅਤੇ ਹ ਵਾਲੇ ਗਲ-ਬਾਤੀ ਹਨ। 'ਘਾਸ' ਠੀਕ ਨਹੀਂ, 'ਘਾਹ' ਠੀਕ ਹੈ।

**ਯ ਤੇ ਜ :** ਕਈ ਸੰਸਕ੍ਰਿਤ ਤੋਂ ਆਏ ਲਫ਼ਜ਼ਾਂ ਵਿਚ ਯ ਦੀ ਥਾਂ ਜ ਵਰਤੀਂਦਾ ਹੈ, ਜਿਵੇਂ 'ਸੂਰਯ' ਦੀ ਥਾਂ 'ਸੂਰਜ' 'ਯਜਮਾਨ' ਦੀ ਥਾਂ 'ਜਜਮਾਨ', 'ਨਿਯਮ' ਦੀ ਥਾਂ 'ਨਿਜਮ' (ਦੋਵੇਂ ਠੀਕ ਹਨ), 'ਤਾਤਪਰਯ' ਦੀ ਥਾਂ 'ਤਾਤਪਰਜ', 'ਯਸ਼' ਦੀ ਥਾਂ 'ਜਸ' 'ਕਾਰਯ' ਦੀ ਥਾਂ 'ਕਾਰਜ' ਵਰਤਣਾ ਠੀਕ ਹੈ। ਪਰ 'ਯਥਾ' ਦੀ ਥਾਂ 'ਜਥਾ' ਠੀਕ ਨਹੀਂ, ਕਿਉਂਕਿ ਨੇਮ ੨ ਵਿਚ ਦਿਤੇ ਅਸੂਲ ਅਨੁਸਾਰ ਇਹ ਲਫ਼ਜ਼ ਪੰਜਾਬੀ ਵਿਚ ਰਚ-ਮਿਚ ਕੇ ਅਜੇ ਪੂਰਾ ਪੰਜਾਬੀ ਨਹੀਂ ਬਣ ਗਿਆ।

'ਯਾ' ਵੀ ਠੀਕ ਹੈ 'ਜਾਂ' ਵੀ ਠੀਕ, 'ਯੱਗ' ਵੀ ਠੀਕ ਹੈ 'ਜੱਗ' ਵੀ ਠੀਕ ਹੈ। 'ਸੰਯੋਗ' ਦੀ ਥਾਂ 'ਸੰਜੋਗ', 'ਸੌਭਾਗਯ' ਦੀ ਥਾਂ 'ਸੁਭਾਗ', 'ਸ੍ਵਯਰਾਜਯ' ਦੀ ਥਾਂ 'ਸਵਰਾਜ' ਜਾਂ 'ਸਉਰਾਜ' ਵਰਤੋ।

'ਯ' ਵਰਤਣ ਲਗਿਆਂ ਖ਼ਿਆਲ ਰਖਣਾ ਚਾਹੀਦਾ ਹੈ ਕਿ ਇਸ ਨੂੰ ਹੋਰ ਪੰਜਾਬੀ ਅੱਖਰਾਂ ਵਾਂਗੂ ਇਕ-ਸੁਰਾ ਹੀ ਵਰਤਣਾ ਹੈ। ਇਕ ਅੱਖਰ ਦੀ ਇੱਕੋ ਅਵਾਜ਼ ਹੋਣੀ ਚਾਹੀਦੀ ਹੈ। ਦੇਵਨਾਗਰੀ ਦੇ ਯਯੇ ਵਾਲੀਆਂ ਅਵਾਜ਼ਾਂ ਇਸ ਤੋਂ ਨਹੀਂ ਲੈਣੀਆਂ, ਜਿਵੇਂ :–ਹਿੰਦੀ ਵਾਕਰ ਪੰਜਾਬੀ ਵਿਚ 'ਸਮਯ' ਨਹੀਂ ਲਿਖਣਾ, 'ਸਮਾਂ' ਲਿਖਣਾ ਹੈ, 'ਹਿਮਾਲਯ' ਨਹੀਂ ਲਿਖਣਾ, 'ਹਿਮਾਲਾ' ਲਿਖਣਾ ਹੈ, 'ਜਯ' ਨਹੀਂ ਲਿਖਣਾ, 'ਜੈ' ਲਿਖਣਾ ਹੈ, 'ਭਯ' ਨਹੀਂ, 'ਭੈ' ਲਿਖਣਾ ਹੈ, 'ਪੂਜਯ' ਨਹੀਂ, 'ਪੂਜ' ਲਿਖਣਾ ਹੈ, 'ਵਿਦਯਾਲਯ' ਨਹੀਂ ਲਿਖਣਾ 'ਵਿਦਿਆਲਾ, ਲਿਖਣਾ ਹੈ, 'ਵਿਸ਼ਯ' 'ਨਿਰਣਯ', ਵਿਜਯ' ਠੀਕ ਨਹੀਂ, ਵਿਸ਼ਾ, ਨਿਰਣਾ, ਵਿਜੈ ਠੀਕ ਹੈ। 'ਹੋਯਾ' ਨਹੀਂ ਲਿਖਣਾ, 'ਹੋਇਆ' ਲਿਖਣਾ ਹੈ। ਇਸੇ ਤਰ੍ਹਾਂ ਆਯਾ, ਪਰਾਯਾ,

ਵਿਯਾਕਰਣ, ਗਯਾਨੀ, ਅਭਿਯਾਗਤ, ਯੋਗਯ ਲਿਖਣਾ ਠੀਕ ਨਹੀਂ, ਇਨ੍ਹਾਂ ਦੀ ਥਾਂ ਆਇਆ, ਪਰਾਇਆ, ਵਿਆਕਰਣ, ਗਿਆਨੀ, ਅਭਿਆਗਤ, ਯੋਗ ਜਾਂ ਜੋਗ ਲਿਖਣਾ ਚਾਹੀਦੇ। ਅਧਯਾਯ ਦੀ ਥਾਂ ਅਧਿਆਇ ਲਿਖੋ। ਕਈ ਲਿਖਾਰੀ ਤਾਂ ਯ ਅਤੇ ਸਿਹਾਰੀ ਦੋਵੇਂ ਲਾ ਦਿੰਦੇ ਹਨ, ਧਿਯਾਨ, ਪਿਯਾਰਾ, ਖ਼ਿਯਾਲ, ਇਹ ਵੱਡੀ ਭੁੱਲ ਹੈ। ਇਸੇ ਤਰ੍ਹਾਂ 'ਦੁਵਾਰਾ' ਲਿਖਣਾ ਵੀ ਭੁੱਲ ਹੈ, ਦੁਆਰਾ ਚਾਹੀਏ।

**ਵ ਅਤੇ ੳ ਜਾਂ ੲ** : 'ਅਵਤਾਰ' ਠੀਕ ਹੈ ਤੇ 'ਅਉਤਾਰ' ਵੀ। ਪਰ ਪੰਜਾਬੀ ਵਿਚ 'ਕਵਣ' ਠੀਕ ਨਹੀਂ, ਕਉਣ' ਠੀਕ ਹੈ। ਗਵਾਂਢ, ਦਵਾਨੀ, ਚਵਾਨੀ, ਸਵਾਮੀ, ਸਵਾਣੀ, ਮਵਾਤਾ, ਕਵਾਰੀ, ਖਵਾਰੀ, ਚਾਵਲ, ਛਾਂਵ, ਧਾਵਣ, ਬਾਵਲਾ, ਜਵਾਈ, ਗਵਾ ਦਿੱਤਾ, ਹਸਾਵਣਾ, ਰਵਾਉਣਾ, ਠੀਕ ਨਹੀਂ। ਇਨ੍ਹਾਂ ਦੀ ਥਾਂ ਗੁਆਂਢ, ਦੁਆਨੀ, ਚੁਆਨੀ, ਸੁਆਮੀ, ਸੁਆਣੀ, ਮੁਆਤਾ, ਕੁਆਰੀ, ਖੁਆਰੀ, ਚਾਉਲ, ਛਾਂ ਜਾਂ ਛਾਉਂ, ਧਾਉਣਾ, ਬਾਉਲਾ ਜਾਂ ਬਉਰਾ, ਜੁਆਈ, ਗੁਆ ਦਿੱਤਾ, ਹਸਾਉਣਾ, ਰੁਆਉਣਾ ਠੀਕ ਹਨ। ਸਿਵਾਉਣਾ ਠੀਕ ਹੈ, ਸੁਆਣਾ ਠੀਕ ਨਹੀਂ। 'ਗਾਵਣ' ਠੀਕ ਨਹੀਂ, 'ਗਾਉਣ' ਠੀਕ ਹੈ। ਪਰ 'ਗੌਣ' ਠੀਕ ਨਹੀਂ। 'ਛੌਣੀ' ਠੀਕ ਨਹੀਂ, 'ਛਾਉਣੀ' ਠੀਕ ਹੈ। 'ਵਰਤਾਵ' ਠੀਕ ਨਹੀਂ, 'ਵਰਤਾਉ' ਠੀਕ ਹੈ। ਆਵਣਾ, ਜਾਵਣਾ, ਮੁਸਕਾਵਣਾ, ਭਰਮਾਵਣਾ, ਲਜਾਵਣਾ, ਠੀਕ ਨਹੀਂ ਹਨ। ਇਨ੍ਹਾਂ ਦੀ ਥਾਂ ਆਉਣਾ, ਜਾਣਾ, ਮੁਸਕਾਉਣਾ, ਭਰਮਾਉਣਾ, ਲਜਾਉਣਾ ਠੀਕ ਹੈ। 'ਅਵਸਰ' ਠੀਕ ਹੈ, 'ਅਉਸਰ' ਵੀ ਠੀਕ ਹੈ, 'ਅਵਗੁਣ' ਠੀਕ ਨਹੀਂ, 'ਅਉਗਣ' ਠੀਕ ਹੈ; 'ਸੁਹਾਵਣਾ' ਤੇ 'ਸੁਹਾਉਣਾ' ਦੋਵੇਂ ਠੀਕ ਹਨ।

'ਜਾਵੇਗਾ' ਠੀਕ ਹੈ, 'ਜਾਏਗਾ' ਵੀ ਠੀਕ ਹੈ। 'ਖਾਵਿਆ ਕਰੋ' ਠੀਕ ਨਹੀਂ, 'ਖਾਇਆ ਕਰੋ' ਠੀਕ ਹੈ। 'ਜਾਵਿਆ' 'ਨ੍ਹਾਵਿਆ' 'ਲਾਵਿਆ', ਠੀਕ ਨਹੀਂ, 'ਜਾਇਆ', 'ਨਹਾਇਆ', 'ਲਾਇਆ' ਠੀਕ ਹੈ।

੮. ਹ ਦੀ ਵਰਤੋਂ :-

(ੳ) ਕਿਸੇ ਅੱਖਰ ਉਤੇ ਜ਼ੋਰ ਦੇਣ ਲਈ ਉਸ ਨਾਲ 'ਹ' ਦੀ ਅਵਾਜ਼ ਰਲਾ ਲਈਦੀ ਹੈ, ਅਤੇ ਇਸ ਨੂੰ ਜ਼ਾਹਰ ਕਰਨ ਲਈ ਉਸ ਅੱਖਰ ਦੇ ਹੇਠ ਛੋਟਾ 'ਹ' ਦੇਈਦਾ ਹੈ, ਜਿਵੇਂ ਸੰਨ੍ਹ, ਗੱਲ੍ਹ, ਠਲ੍ਹ, ਗੜ੍ਹ।

(ਅ) ਇਸ 'ਹ' ਦੀ ਵਰਤੋਂ ਹੇਠ ਲਿਖੇ ਪੜਨਾਵਾਂ ਵਿਚ ਗਹੁ ਨਾਲ ਵਿਚਾਰੋ-ਜਿਨ੍ਹਾਂ, ਉਨ੍ਹਾਂ, ਉਨ੍ਹੀਂ (ਉਨ੍ਹਾਂ ਨੇ), ਜਿਨ੍ਹੀਂ (ਜਿਨ੍ਹਾਂ ਨੇ), ਕਿਨ੍ਹਾਂ।

ਜੇ ਇਸ ਦਬਾਉ ਨੂੰ ਅਧਕ ਵਰਤ ਕੇ ਪਰਗਟ ਕਰੀਏ, ਤਾਂ ਅਰਥ ਬਦਲ ਜਾਣਗੇ, ਜਿਵੇਂ ਜਿੱਨਾ (ਜਿਤਨਾ), ਕਿੱਨਾ (ਕਿਤਨਾ), ਉੱਨੀ (ਇਕ ਗਿਣਤੀ ਜਾਂ ਉਤਨੀ)ਉੱਨਾ (ਉਤਨਾ), ਜਿੱਨੀ (ਜਿਤਨੀ)।

ਜਿਹਨਾਂ ਕਿਹਨਾਂ ਅਸ਼ੁੱਧ ਹਨ।

ਕਈ ਵਾਰ ਖ਼ਾਸ ਖ਼ਾਸ ਇਲਾਕਿਆਂ ਦੇ ਵਸਨੀਕ ਪੈਰ ਵਾਲੇ 'ਹ' ਦੀ ਵਾਧੂ ਵਰਤੋਂ ਕਰ ਦਿੰਦੇ ਹਨ, ਜਿਵੇਂ ਰਾਮ ਨੂੰ ਰ੍ਹਾਮ, ਰੋਟੀ ਨੂੰ ਰ੍ਹੋਟੀ, ਦਰੋਪਦੀ ਨੂੰ ਦਰ੍ਹੋਪਦੀ,ਚਿਰ ਨੂੰ ਚਿਰ੍ਹ ਕਰਕੇ ਬੋਲਦੇ ਹਨ। ਲਿਖਣ ਵੇਲੇ ਇਹ ਵਾਧੂ 'ਹ' ਨਹੀਂ ਵਰਤਣਾ ਚਾਹੀਦਾ।

(ੲ) ਹ ਤੋਂ ਪਹਿਲਾਂ ਆਉਣ ਵਾਲੇ ਅੱਖਰ ਨਾਲ 'ਸਿਹਾਰੀ', 'ਲਾਂ' ਦੁਲਾਈਆਂ' ਅਤੇ ਕਨੋੜਾ ਆਮ ਕਰਕੇ ਠੀਕ ਨਹੀਂ ਬੈਠਦੇ,

ਜਿਵੇਂ—ਸੇਹਤ, ਮੇਹਣਾ, ਮੇਹਰ, ਮੇਹਨਤ, ਕੇਹੜਾ, ਜੇਹੜਾ, ਮੇਹਦਾ। ਇਨ੍ਹਾਂ ਦੇ ਸ਼ੁਧ ਰੂਪ ਏਹ ਹਨ—ਸਿਹਤ, ਮਿਹਣਾ, ਮਿਹਰ, ਮਿਹਨਤ, ਕਿਹੜਾ, ਮਿਹਦਾ। ਰੈਹਣਾ, ਬੈਹਣਾ, ਪੈਹਲਾ, ਸੁਨੈਹਰੀ ਨੂੰ ਪੜ੍ਹਦਿਆਂ ਰੋਲਾ ਪੈ ਸਕਦਾ ਹੈ, ਅਤੇ ਰੈਹ-ਣਾ, ਬੈ-ਹਣਾ, ਪੈ-ਹਲਾ, ਸੁਨੈ-ਹਰੀ ਕਰਕੇ ਪੜ੍ਹਨਾ ਸੰਭਵ ਹੋ ਸਕਦਾ ਹੈ, ਇਸ ਲਈ ਠੀਕ ਲਿਖਾਈ ਇਉਂ ਹੋਵੇਗੀ—ਰਹਿਣਾ, ਬਹਿਣਾ, ਪਹਿਲਾ, ਸੁਨਹਿਰੀ । ਇਨ੍ਹਾਂ ਨੂੰ ਪੱਛਮੀ ਪੰਜਾਬ ਦੇ ਲਹਿਜੇ ਅਨੁਸਾਰ ਰਹਣਾ, ਬਹਣਾ, ਪਹਲਾ ਕਰਕੇ ਲਿਖਣਾ ਵੀ ਠੀਕ ਨਹੀਂ। ਕਈ ਕਵੀ ਰਹੰਦਾ, ਸਹੰਦਾ ਕਰਕੇ ਲਿਖਦੇ ਹਨ। ਇਉਂ ਪੰਜਾਬੀ ਮੁਹਾਵਰਾ ਵਿਗੜਦਾ ਹੈ, ਪਰ ਜੇ ਬਹੁਤੇ ਲਿਖਾਰੀ ਇਉਂ ਕਰਨ ਲੱਗ ਪੈਣ, ਤਾਂ ਸਾਡਾ ਕੋਈ ਜ਼ੋਰ ਨਹੀਂ। ਉਹ ਮਾਲਕ ਜੋ ਹੋਏ।

ਖੌਹਰਾ, ਮੌਹਰਾ, ਸੌਹਰਾ, ਸੌਂਹੁ, ਗੌਹ ਲਿਖਣਾ ਠੀਕ ਨਹੀਂ, ਸ਼ੁੱਧ ਜੋੜ ਇਉਂ ਹਨ—ਖਹੁਰਾ, ਮਹੁਰਾ, ਸਹੁਰਾ, ਸਹੁੰ, ਗਹੁ। 'ਅਜੇਹਾ' ਠੀਕ ਹੈ, 'ਏਹਾ' ਠੀਕ ਹੈ।

'ਖੋਲ੍ਹਣਾ' ਠੀਕ ਹੈ, 'ਖੁਹਲਣਾ' ਠੀਕ ਨਹੀਂ ਹੈ।

(ਸ) ਪੜਨਾਂਵਾਂ 'ਇਹ' ਤੇ 'ਉਹ' ਦਾ ਬਹੁਵਚਨ : 'ਇਹ' ਤੇ 'ਉਹ' ਇਕ-ਵਚਨ ਹਨ। 'ਏਹ' ਤੇ 'ਓਹ' ਬਹੁਵਚਨ ਹਨ। ਇਸ ਨੇਮ ਅਨੁਸਾਰ 'ਏਹਨਾਂ' 'ਓਹਨਾਂ' ਲਿਖਣਾ ਚਾਹੀਏ।

(ਹ) ਫ਼ਾਰਸੀ ਨਾਂਵਾਂ ਦੇ ਅੰਤ ਜੋ 'ਹ' ਦੀ ਅਵਾਜ਼ ਹੁੰਦੀ ਹੈ, ਉਸ ਨੂੰ ਪੰਜਾਬੀ ਲਿਖਤ ਵਿੱਚ ਕੰਨੇ ਨਾਲ ਜ਼ਾਹਰ ਕਰੀਦਾ ਹੈ, ਜਿਵੇਂ—ਸੂਬਾ, ਸਫ਼ਰਨਾਮਾ, ਨਕਸ਼ਾ, ਹਿੰਦਸਾ, ਬਸਤਾ।
ਅਰਬੀ ਸ਼ਬਦਾਂ ਦੀ ਅੰਤਲੀ 'ਹੇ' ਅਵਾਜ਼ ਨੂੰ ਮੁਖ ਰੱਖ ਕੇ ਇਉਂ ਜ਼ਾਹਰ ਹੁੰਦੀ ਹੈ, ਜਿਵੇਂ :—ਫ਼ਤ੍ਹੇ, ਸੁਬ੍ਹਾ, ਸਤ੍ਹਾ।

(ਕ) ਅਰਬੀ ਦੇ 'ਐਨ' ਦੀ ਅਵਾਜ਼ ਵੀ ਛੋਟੇ 'ਹ' ਅਤੇ ਕੰਨੇ ਨਾਲ ਜ਼ਾਹਰ ਹੋ ਸਕਦੀ ਹੈ, ਜਿਵੇਂ :—

ਤਮ੍ਹਾ, ਸ਼ਮ੍ਹਾ, ਜਮ੍ਹਾ।

## ੯. ਹੋਰ ਨੇਮ—

(ੳ) ਗ ਤੇ ਘ, ਜ ਤੇ ਝ, ਡ ਤੇ ਢ, ਦ ਤੇ ਧ, ਬ ਅਤੇ ਭ ਦੇ ਫ਼ਰਕ ਨੂੰ ਵੇਖ ਕੇ ਵਰਤੋਂ ਕਰਨੀ ਚਾਹੀਦੀ ਹੈ।

'ਜੰਘੀ' (ਪ੍ਰੋ: ਕਰਤਾਰ ਸਿੰਘ) ਠੀਕ ਨਹੀਂ 'ਝੰਗੀ' ਚਾਹੀਏ।

'ਬੱਘੀ' ਠੀਕ ਹੈ, 'ਬੱਗੀ' ਠੀਕ ਨਹੀਂ।

'ਮੋਘਾ' ਠੀਕ ਹੈ, 'ਮੋਗਾ' ਠੀਕ ਨਹੀਂ।

'ਸੰਘ' ਨੂੰ 'ਸੰਗ', ਤੇ 'ਖੰਘ' ਨੂੰ 'ਖੰਗ' ਲਿਖਣਾ ਭੁੱਲ ਹੈ।

'ਕਹਾਣੀ' ਨੂੰ 'ਘਾਣੀ' ਲਿਖਣਾ ਭੁੱਲ ਹੈ।

'ਇੰਜ' ਠੀਕ ਹੈ, 'ਇੰਝ' ਠੀਕ ਨਹੀਂ।

'ਹੂੰਝਾ' ਠੀਕ ਹੈ, 'ਹੂੰਜਾ' ਠੀਕ ਨਹੀਂ।

'ਖੁੰਝਣਾ' ਠੀਕ ਹੈ, 'ਖੁੰਜਣਾ' ਠੀਕ ਨਹੀਂ।

'ਆਂਢ-ਗੁਆਂਢ' ਠੀਕ ਹੈ, 'ਆਂਡ-ਗੁਆਂਡ' ਠੀਕ ਨਹੀਂ।

'ਡਾਢੀ' ਠੀਕ ਹੈ, 'ਡਾਹਡੀ' ਠੀਕ ਨਹੀਂ।

'ਵਾਢੇ' ਠੀਕ ਹੈ, 'ਵਾਂਹਡੇ' ਠੀਕ ਨਹੀਂ।

'ਕਢਣਾ' ਨੂੰ 'ਕਡਣਾ' ਲਿਖਣਾ ਭੁੱਲ ਹੈ।

'ਸੂੰਡ' ਨੂੰ 'ਸੂੰਢ' ਲਿਖਣਾ ਭੁੱਲ ਹੈ।

'ਸੋਢੀ' ਨੂੰ 'ਸੋਡੀ' ਲਿਖਣਾ ਭੁੱਲ ਹੈ।

'ਠੰਢ' ਨੂੰ 'ਠੰਡ' ਲਿਖਣਾ ਭੁੱਲ ਹੈ।

'ਕਾਂਡ' ਨੂੰ 'ਕਾਂਢ' ਲਿਖਣਾ ਭੁੱਲ ਹੈ।

'ਵਿੱਡ' ਠੀਕ ਹੈ, 'ਵਿੱਢ' ਠੀਕ ਨਹੀਂ।

'ਨਿਢਾਲ' ਸ਼ੁਧ ਤੇ 'ਨਿਡਾਲ' ਅਸ਼ੁਧ ਹੈ।
ਗਿੱਧ (ਪੰਖੇਰੂ) ਸ਼ੁਧ ਤੇ 'ਗਿੱਦ' ਅਸ਼ੁੱਧ ਹੈ।
'ਅਜਿਹਾ' ਨੂੰ 'ਅਜੇਹਾ' ਲਿਖੋ, ਕਿਉਂਕਿ ਉਚਾਰਣ ਵਿਚ ਸਿਹਾਰੀ ਲੰਮੀ ਹੋ ਕੇ ਲਾਂ ਦੀ ਅਵਾਜ਼ ਦਿੰਦੀ ਹੈ।
ਮੁਖ-ਬੰਧ ਸ਼ੁਧ ਤੇ ਮੁਖ-ਬੰਦ (ਕਰਤਾਰ ਸਿੰਘ) ਅਸ਼ੁਧ ਹੈ।
ਦੱਭ ਦੇ ਪਤੇ ਅੱਗੋਂ ਕੰਢੇ ਵਾਂਗ ਤਿਖੇ ਹੁੰਦੇ ਹਨ(ਕਰਤਾਰ ਸਿੰਘ) ਇਹ ਇਉਂ ਸ਼ੁਧ ਹੋਵੇਗਾ: ਦੱਭ ਦੇ ਪਤੇ ਅੱਗੋਂ ਕੰਡੇ ਵਾਂਗ ਤਿੱਖੇ ਹੁੰਦੇ ਹਨ।

ਪ੍ਰੋ: ਕਰਤਾਰ ਸਿੰਘ 'ਅੱਜੜ' ਨੂੰ (ਜੋ ਅਜ—ਬਕਰਾ ਤੋਂ ਬਣਿਆ ਹੈ) 'ਇੱਜੜ' ਕਰਕੇ ਲਿਖਦਾ ਹੈ, ਜੋ ਅਸ਼ੁਧ ਹੈ।
ਇਹੋ ਲਿਖਾਰੀ 'ਘੁਮਾਉਣਾ' ਤੋਂ ਘੁਮਿਆਰ ਬਣਿਆ ਦਸਦਾ ਹੈ, ਇਹ 'ਕੁੰਭ' (ਘੜਾ) ਤੋਂ ਬਣਿਆ 'ਕੁੰਭਾਰ' ਜਾਂ ਕੁੰਮ੍ਹਿਆਰ ਹੀ ਠੀਕ ਹੈ।

ਡਾ: ਮੋਹਨ ਸਿੰਘ ਇੱਕੋ ਸਫ਼ੇ ਉਤੇ 'ਘੁਮਿਆਰ' ਵਰਤ ਕੇ ਫਿਰ ਕੁਝ ਸਤਰਾਂ ਮਗਰੋਂ ਇਸ ਦਾ ਸਹੀ ਰੂਪ 'ਕੁਮ੍ਹਾਰ' ਦੇ ਦਿੰਦਾ ਹੈ (ਵੇਖੋ ਲੋਕ-ਸਾਹਿਤ, ਨਵੰਬਰ ੧੯੫੫)।

—o—

# ਸਾਹਿੱਤਕ ਸ਼ਬਦਾਵਲੀ

## A

abridge, *v.t.* : ਸੰਖਿਪਣਾ ।

abridgement, *n.* : ਸੰਖੇਪ ।

abstract, *n & a.* : ਸਾਰ, ਗੂੜ੍ਹ ।

abstruse, *a* : ਗੂੜ੍ਹ ।

academy, *n.* : ਅਕਾਡਮੀ, ਕਲਾ-ਮੰਦਰ, ਸਾਹਿੱਤਕ ਟਕਸਾਲ ।

academic, *a.* : ਇਲਮੀ, ਦਿਮਾਗ਼ੀ (ਚਰਚਾ) ।

accent, *n.* : ਉਚਾਰਣ, ਲਹਿਜਾ, ਦਬਾਅ; ਦਬਾਅ-ਚਿੰਨ੍ਹ ( ' ) ।

accent, accentuate, *v. t.* : ਦਬਾਅ ਦੇਣਾ;ਦਬਾਅ-ਚਿੰਨ੍ਹ ਲਾਉਣਾ ।

accentual, *a.* : ਉਚਾਰਣੀ; ਦਬਾਊ; ਮਾਤ੍ਰਿਕ (ਛੰਦ) ।

accusative, *n & a.* : ਕਰਮ (ਕਾਰਕ) ।

acrostic, *n.* : ਪੈਂਤੀ-ਅੱਖਰੀ, ਸੀਹਰਫ਼ੀ ।

act, *v. t.* & i. : ਖੇਲਣਾ, ਸਾਂਗ ਉਤਾਰਨਾ, ਪਾਰਟ ਅਦਾ ਕਰਨਾ ।

act, *n.* : (ਨਾਟਕ ਦਾ) ਐਕਟ, ਅੰਗ ।

one-act play : ਇਕਾਂਗੀ ਨਾਟਕ ।

action, *n.* : (ਨਾਟਕ ਵਿਚ) ਨਾਟ-ਚਾਲ, ਘਟਨਾ-ਲੜੀ,ਘਟਨਾਵਲੀ, ਅਮਲ ।

active, *a.* : ਕਰਤਰੀ (ਵਾਚ) ।

actor, *n* : ਐਕਟਰ, ਸੁਆਂਗੀਆ ।

adage, *n.* : ਅਖਾਉਤ ।

adapt, *v. t.* : ਅਨੁਕੂਲਣਾ ।

adaptation, *n.* : ਅਨੁਕੂਲਣ ।

addendum (pl. addenda), *n.* : ਵਾਧਾ, ਜ਼ਮੀਮਾ ।

adjective, *n.* : ਵਿਸ਼ੇਸ਼ਣ ।

adjunct, *n.* : ਵਿਸਥਾਰ (ਨਾਂਵ, ਕਿਰਿਆ ਆਦਿ ਦਾ) ।

    adjunctive, *a.* : ਵਿਸਥਾਰੂ ।

adverb, *n.* : ਕਿਰਿਆ-ਵਿਸ਼ੇਸ਼ਣ ।

aesthetics, *n.* : ਰੂਪ-ਵਿਦਿਆ, ਰੂਪ-ਰਸ ।

    aesthete, *n.* : ਰੂਪ-ਪਾਰਖੂ, ਕਲਾ-ਰਸਿਕ, ਰਸੀਆ ।

    aesthetic enjoyment, *n.* : ਸੁਹਜ-ਸਆਦ ।

    aestheticism, *n.* : ਸੁਹਜ-ਵਾਦ, ਰੂਪ-ਵਾਦ ।

album, *n.* : ਚਿਤਰਾਵਲੀ ।

alexandrine, *n.* : ਛੇਤਾਲਾ ਛੰਦ ਜਾਂ ਤੁਕ ।

allegory, *n.* : ਦੁਅਰਥੀ ।

    allegoric, allegorical, *aa.* : ਦੁਅਰਥਾ, ਦੁਅਰਥਕ ।

alliterate, *v. i.* : ਅਨੁਪ੍ਰਾਸੀ ਹੋਣਾ ।

    alliteration, *n.* : ਅਨੁਪ੍ਰਾਸ ।

allude, *v. i.* : ਹਵਾਲਾ ਦੇਣਾ, ਇਸ਼ਾਰਾ ਕਰਨਾ ।

    allusion, *n.* : ਹਵਾਲਾ, ਇਸ਼ਾਰਾ ।

almanac, *n.* : ਜੰਤਰੀ, ਪੱਤਰੀ, ਪੰਚਾਂਗ ।

alphabet, *n.* : ਲਿੱਪੀ, ਵਰਣਮਾਲਾ ।

alternate, *v. t.* & *i.* : ਬਦਲ ਬਦਲਕੇ ਆਉਣਾ, ਵਾਰੀ ਵੱਟਾ ਕਰਨਾ ।

    alternate, *a.* &. *n.* : ਬਦਲਵਾਂ; ਵਟਾਂਦਰੂ ।

    alternative, *a.* & *n.* : ਬਦਲਵਾਂ, ਬਦਲ, ਵਟਾਵਾ, ਦੂਜੀ ਸੂਰਤ ।

amanuensis, *n.* : ਲਿਖੇਰਾ ।

ambiguous, *n.* : ਗੋਲ-ਮੋਲ, ਸੰਸੇ ਵਾਲੀ ।

    ambiguity, *n.* : ਸੰਸਾ, ਭਰਮ, ਗੋਲ-ਮੋਲ ਗੱਲ ।

amend, *v. t.* : ਸੋਧਣਾ, ਤਰਮੀਮ ਕਰਨੀ ।

    amendment, *n.* : ਸੋਧ, ਤਰਮੀਮ ।

amplification, *n* : ਵਿਸਥਾਰ ।

amplify, *v. t.* : ਵਿਸਥਾਰਣਾ, ਖੋਲ੍ਹ ਕੇ ਦੱਸਣਾ ।

anachronism, *n.* : ਕਾਲ-ਦੋਸ਼, ਮਿਤੀ-ਭੁੱਲ ।

anagram, *n.* : ਅੱਖਰੀ ਉਲਟ-ਪੁਲਟ (ਜਿਵੇਂ ਤਿਥਿ ਤੋਂ ਥਿਤਿ) ।

analogy, *n.* : ਉਪਮਾ, ਉਪਮਾਨ, ਦ੍ਰਿਸ਼ਟਾਂਤ, ਮੇਲ ।

analogous, *a.* : ਇਕ-ਸਮਾਨ, ਮੇਲ-ਖਾਂਦਾ, ਸਾਦ੍ਰਿਸ਼ਟ, ਸਦਰਸ ।

analyse. *v. t.* : ਅਨਵੈ ਕਰਨਾ, ਨਖੇੜਾ ਕਰਨਾ; (ਵਿਆਕਰਣ) ਵਾਕਵੰਡ ਕਰਨੀ ।

analysis. *n.* : ਅਨਵੈ, ਨਖੇੜਾ, ਵਿਸ਼ਲੇਸ਼ਣ, ਵਾਕਵੰਡ ।

analytical, *a.* : ਨਖੇੜਵਾਂ, ਨਿਖੜਵੀਂ (ਬੋਲੀ) ।

anapaest, *n.* : (ਛੰਦਾਬੰਦੀ) ਸਗਣ (ਲਘੂ-ਲਘੂ-ਗੁਰੂ); ਜਿਵੇਂ 'ਮਿਰਚਾਂ' ਵਿਚ ।

anapaestic, *a.* : ਸਗਣੀ, ਸਗਣਿਕ ।

anecdote, *n.* : ਪਰਸੰਗ, ਹਕਾਇਤ ।

annotate, *v. t.* : ਟੀਕਾ ਕਰਨਾ, ਨੋਟ ਚਾੜ੍ਹਨੇ ।

annotation, *n.* : ਟੀਕਾ, ਟਿੱਪਣ ।

annotated, *a.* : ਸਟਿੱਪਣ ।

annual, *a. & n.* : ਵਾਰਸਿਕ, ਸਾਲਾਨਾ, ਸਾਲਨਾਮਾ, ਵਾਰਸਿਕੀ ।

anomaly, *n.* : ਅਣਜੋੜ, ਅਜੋੜ ।

anomalous, *a.* : ਅਜੋੜਵਾਂ ।

anonymity, *n.* : ਗੁਮਨਾਮੀ, ਬੇਨਾਮੀ ।

anonymous, *a.* : ਗੁਮਨਾਮ, ਬੇਨਾਮ ।

antecedent, *a. & n.* : ਪਿਛਲਾ, ਅਗਰਗਾਮੀ; ਅਗੇਤਰ; (ਬਹੁਵਚਨ) ਪਿੱਛਾ, ਪਿਛੋਕੜ ।

antepenult, antepenultimate, *aa.* : ਤੁਕਾਂਤ-ਪੂਰਬ, ਤੁਕਾਂਤ ਦੇ ਪਹਿਲੋਂ ਦਾ ।

anthem, *n* : ਤਰਾਨਾ ।

national *a,* : ਕੌਮੀ ਤਰਾਨਾ ।

anthology, *n.* : ਕਾਵਿ-ਸੰਗ੍ਰਹਿ, ਸਾਹਿੱਤ-ਸੰਗ੍ਰਹਿ, ਸੰਗ੍ਰਹਿ ।

anthologist, *n.* : ਸੰਗ੍ਰਹਿਕ ।

anticlimax, *n.* : ਉਤਾਰ, ਲਹਾਉ, ਠਿਮ-ਠਿੱਸ (ਅਲੰਕਾਰ) ।

antiquity, *n.* : ਪੁਰਾਤਨਤਾ, ਪ੍ਰਾਚੀਨਤਾ, ਮੁਢ-ਕਦੀਮ, ਅਗਲੇ ਸਮੇਂ, ਪੁਰਾਣੀ ਲਭਤ ਜਾਂ ਸੁਗਾਤ ।

antiquarian, *a. & n.* : ਪੁਰਾਖੋਜਵੀ, ਪੁਰਾਖੋਜੀ ।

antiquary, *n.* : ਪੁਰਾਖੋਜੀ ।

antiquated, *a.* : ਪੁਰਾਣਾ, ਅਪਰਚਲਤ, ਬੇਰਿਵਾਜੀ ।

antithesis, *n.* : ਵਿਰੋਧ (ਅਲੰਕਾਰ), ਸ਼ਬਦੀ-ਵਿਰੋਧ, ਟੱਕਰ, ਉਲਟ ।

antithetical, *a.* : ਵਿਰੋਧੀ, ਉਲਟਾ, ਟੱਕਰਵਾਂ ।

antonym, *n.* : ਉਲਟ-ਨਾਵਾਂ ।

aorist, *n.* : ਭਾਵਾਰਥ, ਅਨਿਸਚਿਤ ਕਿਰਿਆ, ਮੁਜ਼ਾਰਿਆ (ਜਿਵੇਂ ਤੁਰਨ, ਫਿਰਨ, ਜੀਉਣ) ।

aphorism, *n.* : ਕਹਾਉਤ, ਟੋਟਕਾ; ਸੂਤਰ-ਬੋਲੀ, ਗੁਰ ।

apocrypha, *n.* pl. : ਖਿਲ ਭਾਗ, ਵਾਧੂ ਬਾਣੀਆਂ, ਅਸਫੋਟਕ ਰਚਨਾ, ਕੱਚੀ ਬਾਣੀ ।

apocryphal, *a.* : ਖਿਲ ਵਾਧੂ, ਅਸਫੋਟਕ, ਬਣਾਉਟੀ ।

apologue, *n.* : ਪਾਖਿਆਨ-ਚਰਿਤ੍ਰ (ਸਿਖਿਆ-ਪੂਰਤ ਸਾਖੀ), ਨੀਤੀ ਵਾਰਤਾ ।

apothegm, *n.* : ਨੀਤੀ ਵਚਨ (ਭਾਵ-ਪੂਰਤ ਅਖਾਣ) ।

aposteriori (L), *a.* : ਅਨੁਮਾਨੀ(ਕਾਰਜ ਤੋਂ ਕਾਰਨ ਦਾ ਅਨੁਮਾਨ ਲਾਉਣਾ।)

apostrophe, *n.* : ਸੰਬੋਧਨ ।

apostrophy, *n.* : ਸੰਬੰਧਕੀ ਚਿੰਨ੍ਹ (') ।

appelation, *n.* : ਨਾਂ, ਉਪਨਾਮ ।

appelative, *a. & n.* : (ਵਿਆਕਰਣ) ਜਾਤੀ ਨਾਂਵ; ਨਾਂ, ਉਪਨਾਮ ।

append, *v. t.* : ਟਾਂਕਣਾ, ਨੱਥੀ ਕਰਨਾ, ਅੰਤਕਾ ਕਰਕੇ ਲਾਉਣਾ ।

appendage, *n.* : ਵਧਾਅ, ਨੱਥੀ ।

appendix, (pl.-ices-ixes), *n.* : ਅੰਤਕਾ, ਜ਼ਮੀਮਾ ।

apply, *v. t. & i.* : ਲਾਉਣਾ ਜਾਂ ਲੱਗਣਾ, ਲਾਗੂ ਕਰਨਾ ਜਾਂ ਹੋਣਾ, ਜਚਣਾ, ਢੁਕਣਾ ।

applicable, *a.* : ਲਾਗੂ ।

apposite, *a.* : ਜਚਦਾ, ਢੁਕਵਾਂ ।

apposition, *n.* : (ਵਿਆਕਰਣ) ਸਮਾਨ-ਅਧਿਕਰਣ, ਕਾਰਕ-ਮੇਲ, ਕਾਰਕ-ਸਮਾਨਤਾ ।

in *a.* : ਸਮ-ਕਾਰਕੀ (ਨਾਂਵ), ਅਨੁਗਾਮੀ ।

appreciate, *v. t.* : ਕਦਰ ਕਰਨੀ, ਪ੍ਰਸੰਸਾ ਕਰਨੀ, ਸਲਾਹੁਣਾ, ਦਾਦ ਦੇਣੀ ।

appreciation, *n* : ਕਦਰ, ਕਦਰਦਾਨੀ, ਗੁਣ-ਗ੍ਰਾਹਕੀ, ਪ੍ਰਸੰਸਾ, ਸ਼ਲਾਘਾ ।

appreciative, *a.* : ਪ੍ਰਸੰਸਕ, ਗੁਣ-ਗ੍ਰਾਹੀ, ਕਦਰ-ਵਧਾਊ ।

approximate, *a.* : ਲਗ ਭਗ ।

apt, *a.* : ਢੁਕਵਾਂ, ਫਬਦਾ, ਜਚਦਾ, ਪਹਿਤੀ (ਗੱਲ) ।

aptness, *n.* : ਠੁਕ; ਰੁਚੀ, ਝੁਕਾਅ ।

arabesque, *a. & n.* : ਅਰਬੀ ਢੰਗ ਦੀ (ਉਸਾਰੀ); ਮੁਹਰਾਕਸ਼ੀ ।

arbitrary, *a.* : ਅਟਕਲਪੱਚੂ, ਮਨ-ਮੰਨੀ, ਆਪ-ਹੁਦਰੀ ।

archaeology, *n.* : ਪੁਰਾ-ਖੋਜ, ਪੁਰਾਸਾਰੀ ਵਿਦਿਆ, ਥੇਹ-ਵਿਗਿਆਨ ।

archaeological, *a.* : ਪਰਾਖੋਜਵਾਂ, ਪੁਰਾਸਾਰੀ ।

archaeologist, *n.* : ਪੁਰਾਖੋਜੀ ।

archaic, *a.* : ਪੁਰਾਤਨ, ਅਪਰਚੱਲਤ ।

archaism, *n.* : ਪੁਰਾਤਨਤਾ, ਅਪਰਚੱਲਤ ਸ਼ਬਦ ਜਾਂ ਮੁਹਾਵਰਾ ।

architecture, *n.* : ਹੁਨਰ ਉਸਾਰੀ, ਇਮਾਰਤੀ ਹੁਨਰ, ਉਸਾਰੀ ।

architectural, *a.* : ਇਮਾਰਤੀ, ਉਸਾਰੀ ਦਾ ।

archives, *n.* : ਮੁਹਾਫ਼ਜ਼ਖ਼ਾਨਾ, ਦਸਤਾਵੇਜ਼-ਖ਼ਾਨਾ; ਪੁਰਾਣੀਆਂ ਲਿਖਤਾਂ, ਇਤਿਹਾਸਕ ਲਿਖਤਾਂ ।

arrange, *v. t.* : ਬੀੜਨਾ, ਬੀਣਨਾ, ਠੁਕ ਬੰਨ੍ਹਣਾ, ਤਰਤੀਬ ਦੇਣੀ ।

arrangement, *n.* : ਬੀੜ, ਤਰਤੀਬ, ਪੈਂਠ, ਬਾਨ੍ਹਣੂ ।

arriere-pensee [F], *n.* : ਗੁੱਝਾ ਭਾਵ, ਅਪਰਗਟ ਭਾਵ ।

art, *n.* : ਹੁਨਰ, ਕਲਾ ।

arts & crafts : ਕਲਾ ਕੌਸ਼ਲ ।

fine arts : ਕੋਮਲ ਹੁਨਰ ।

article, *n.* : ਲੇਖ; ਅੰਕ; (ਵਿਆਕਰਣ) ਅਨੁਛੇਦ।

leading *a.* : ਮੁਖ ਲੇਖ।

articulate, *a.* & *v. t.* : ਸਾਰਥਕ ਉਚਾਰਣ ਵਾਲੀ; ਸਾਫ਼-ਸਾਫ਼ ਉਚਾਰਣਾ; ਸਾਫ਼ ਕਰਕੇ ਬੋਲਣਾ; (ਜੋੜ ਕਰਕੇ) ਉਠਾਲਣਾ।

articulation, *n.* : ਉਚਾਰਣ; ਸਾਫ਼ ਬੋਲ; ਸਪੱਸ਼ਟਤਾ।

artificial, *a.* : ਬਣਾਉਟੀ, ਨਕਲੀ।

artisan, *n.* : ਕਸਬੀ, ਕਾਰੀਗਰ।

artist, *n.* : ਕਲਾਕਾਰ, ਹੁਨਰਮੰਦ।

artistic, *a.* : ਕਲਾ-ਮਈ, ਹੁਨਰੀ।

artiste, *n.* : ਕਲੌਂਤ।

aside, *n.* & *adv.* : (ਨਾਟਕ) ਪਸਿੱਤੀ ਗੱਲ; ਪਸਿੱਤੇ।

aspirate, *v. t.* : ਜ਼ੋਰ ਨਾਲ ਸਾਹ ਲੈ ਕੇ ਉਚਾਰਣਾ।

*n.* : ਅਲਪ ਪ੍ਰਾਣ ਵਰਣ (ਜ਼ੋਰ ਨਾਲ ਸਾਹ ਲੈ ਕੇ ਉਚਾਰੇ ਜਾਣ ਵਾਲਾ ਵਿਅੰਜਨ (ਖ,ਛ,ਠ,ਥ,ਫ); 'ਹ' ਦੀ ਅਵਾਜ਼।

assonance, *n.* : ਸੁਰ-ਮੇਲ, ਇਕ-ਸੁਰਤਾ; ਤੁਕਾਂਤ-ਮੇਲ।

asteric, *n.* : ਤਾਰਾ-ਚਿੰਨ੍ਹ (★)।

attribute, *n.* : ਗੁਣ; (ਵਿਆਕਰਣ) ਵਿਸ਼ੇਸ਼ਣ।

authentic, *a.* : ਪ੍ਰਮਾਣੀਕ, ਅਸਲੀ।

authenticity, *n.* : ਪ੍ਰਮਾਣੀਕਤਾ।

authenticated, *a.* : ਪ੍ਰਮਾਣਿਤ, ਸਹੀ ਕੀਤਾ ਹੋਇਆ।

author, n. : ਕਰਤਾ, ਲੇਖਕ, ਲਿਖਾਰੀ।

authorship, *n.* : ਪੁਸਤਕਾਰੀ, ਲੇਖਕੀ।

authority, *n.* : ਪਰਮਾਣ।

autobiography, *n.* : ਸਵੈ-ਜੀਵਨੀ, ਆਪ-ਬੀਤੀ।

autobiographer, *n.* : ਸਵੈ-ਜੀਵਨੀਕਾਰ।

autograph, *n.* : ਸਵੈ-ਲਿਖਤ, ਹਸਤਾਖਰ; ਸ਼ਹੀ, ਦਸਤਖ਼ਤ।

auxiliary, *n.* : (ਵਿਆਕਰਣ) ਸਹਾਇਕ (ਕਿਰਿਆ)।

axiom, *n.* : ਕਹਾਉਤ।

background, *n.* : ਪਿਛੋਕੜ ।
ballad, *n.* : ਕਿੱਸਾ; ਸਰੋਦੀ ਕਹਾਣੀ ।
ballet, *n.* : ਸਰੋਦੀ ਨਾਟ, ਸੰਗੀਤਕ ਨਾਟ ।
bard, *n.* : ਭੱਟ, ਢਾਢੀ ।
bathos, *n.* — anticlimax (q. v.).
belle letters, *n.* : ਸਾਹਿੱਤਕ ਰਚਨਾਵਾਂ ।
berhyme, *v. t.* : (ਕਿਸੇ ਸੰਬੰਧੀ) ਤੁਕਾਂ ਜੋੜਨੀਆਂ, ਤੁਕਬੰਦੀ ਕਰਨੀ ।
bestiary, *n.* : ਪਸ਼ੂ-ਵਾਰਤਾਵਾਂ (ਜਿਵੇਂ ਪੰਚ-ਤੰਤਰ, ਅਨਵਾਰ-ਸੁਹੇਲੀ) ।
bibliography, *n.* : ਪੁਸਤਕ-ਸੂਚੀ ।
bibliomania, *n.* : ਪੁਸਤਕੀ ਸ਼ੁਦਾ, ਕਿਤਾਬੀ ਖ਼ਬਤ ।
bibliophile, *n.* : ਪੁਸਤਕ-ਪ੍ਰੇਮੀ ।
billet doux [F], *n.* : ਪ੍ਰੇਮ-ਪੱਤਰ ।
binding, *n.* : ਜਿਲਦ, ਕਾਠੀ ।
blanks, *n.* : ਖਾਲੀਆਂ (ਛਡੇ ਹੋਏ ਅੱਖਰਾਂ ਦੀ ਥਾਂ ਦਿੱਤੀਆਂ ਬਿੰਦੀਆਂ) ।
blank verse, *n.* : ਸਿਰਖੰਡੀ ਛੰਦ ।
bombast, *n.* : ਲਫੌੜ, ਵਡਬੋਲ, ਬੜਬੋਲ, ਸ਼ਬਦੀ ਅਡੰਬਰ ।
    bombastic, *a.* : ਲਫੌੜੀ, ਵਡਬੋਲਾ, ਬੜਬੋਲਵਾਂ ।
bon mot [F], *n.* : ਹਸਾਉਣਾ ਟੋਟਕਾ, ਚੁਟਕਲਾ ।
book, *n.* : ਪੁਸਤਕ, ਕਿਤਾਬ, ਜਿਲਦ, (ਪਹਿਲੀ, ਦੂਜੀ, ਆਦਿ) ।
    book-binder : ਜਿਲਦਸਾਜ਼ ।
    b. of reference : ਹਵਾਲੇ ਦੀ ਕਿਤਾਬ ।
    b.-seller : ਪੁਸਤਕਾਂ ਵਾਲਾ, ਕੁਤਬ-ਫ਼ਰੋਸ਼ ।
    b.-worm : ਕਿਤਾਬੀ-ਕੀੜਾ, ਘੋਟੂ ।
    booklet : ਕਿਤਾਬੜੀ ।
    b.-rest : ਰ�éਲ ।

boring, *a.* : ਅਕਾਊ, ਮਗ਼ਜ਼-ਚੱਟੂ ।

born poet : ਜਮਾਂਦਰੂ ਕਵੀ ।

bracket, *n, & v. t.* : ਬ੍ਰੈਕਟ, ਕਮਾਨੀ; ਜੋੜਨਾ; ਕਮਾਨੀਆਂ ਵਿਚ ਦੇਣਾ ।

braille, *n.* [ਫ਼ਰਾਂਸੀਸੀ ਕਾਢੂ ਦੇ ਨਾਂ ਤੇ] ਬਰੇਲ-ਲਿਖਤ; ਅੰਧ-ਲਿਪੀ ।

brain wave : ਦਿਮਾਗ਼ੀ ਰੌ, ਨਵਾਂ ਸੁਝਾਉ, ਨਵਾਂ ਖ਼ਿਆਲ ।

cudgel one s brains : ਦਿਮਾਗ਼ ਲੜਾਉਣਾ, ਸਿਰ ਮਾਰਨਾ ਜਾਂ ਖਪਾਉਣਾ ।

brainy, *a.* : ਚਾਂਜਾ, ਸਿਆਣਾ ।

brief, *a.* : ਸੰਖੇਪ, ਦੋ ਹਰਫੀ ।

briefness, brevity, *n.* : ਸੰਖੇਪਤਾ ।

broadcast, *v. t. , a., adv. & n.* : ਸੰਚਾਰਨਾ, ਪ੍ਰਸਾਰਨਾ, ਨਸ਼ਰ ਕਰਨਾ (ਰੇਡੀਓ ਤੇ); ਰੇਡੀਓ ਤੋਂ ਬੋਲਣਾ ਜਾਂ ਗਾਉਣਾ; ਸੰਚਾਰਿਕ, ਪ੍ਰਸਾਰਿਤ; ਖੁਲ੍ਹੀ ਤਰ੍ਹਾਂ; ਰੇਡੀਓ ਗਾਣਾ, ਭਾਸ਼ਣ, ਜਾਂ ਏਲਾਨ ।

brochure, *n.* : ਕਿਤਾਬੜੀ, ਟ੍ਰੈਕਟ ।

brogue, *n.* : ਪੇਂਡੂ ਲਹਿਜਾ, ਜਟਕਾ ਬੋਲ ।

brown study : ਫਹਿਣ, ਆਪ-ਧਿਆਨੀ ।

from the same brush : ਉਸੇ ਕਲਮ ਦੀ (ਤਸਵੀਰ) ।

buffskin, buff, *n.* : ਸਾਬਰ (ਜਿਲਦਾਂ ਲਈ) ।

buffoon, *n.* : ਭੰਡ, ਮਸ਼ਕਰਾ, ਮਨਸੁਖਾ, ਵਿਦੂਸ਼ਕ ।

buffoonery *n.* : ਮਸ਼ਕਰੀ, ਹਾਸਾ-ਖੇਡਾ ।

burden, burthen, *n.* : (ਰਾਗ) ਟੇਕ, ਅਸਥਾਈ, ਰਹਾਉ, ਕੇਂਦਰੀ ਭਾਵ ।

burlesque, *n., a., & v. t.* : ਸਾਂਗ, ਨਕਲ; ਮਖ਼ੌਲੀ, ਹਸੌਣੀ; ਸਾਂਗ ਲਾਉਣੀ, ਮੌਜੂ ਬਣਾਉਣਾ, ਮਖ਼ੌਲ ਉਡਾਉਣਾ ।

butt, *n.* : (ਹਾਸੇ ਦਾ) ਨਿਸ਼ਾਨਾ, ਮੌਜੂ ।

byword, *n.* : ਮੂੰਹ-ਆਈ, ਮੂੰਹ-ਚੜ੍ਹੀ, ਅਖਾਉਤ ।

# C

cadence, *n.* : ਲੈ, ਤਾਲ, ਰਹਾ ।

caesura, *n.* : ਵਿਚਲਾ ਵਿਸ੍ਰਾਮ (ਜਿਵੇਂ ਸੋਰਠੇ ਜਾਂ ਸਿਰਖੰਡੀ ਵਿਚ) ।

calligraphy, *n.* : ਸੁਲਿੱਖਤ, ਖ਼ੁਸ਼ਖੱਤੀ, ਲਿਖਤਕਾਰੀ ।

camouflage, *n. & v. t.* : ਭੁਲਾਂਦਰਾ, ਭੁਲੇਵਾਂ, ਪਲੱਥਾ, ਫਹੁੜ, ਪੋਚਾ-ਪਾਚੀ, ਅਡੰਬਰ, ਲਫ਼ਾਫ਼ੇਬੰਦੀ; ਭੁਲਾਂਦਰਾ ਜਾਂ ਪੋਚਾ ਪਾਉਣਾ, ਪਲੱਥਾ ਪਾਉਣਾ, ਫਹੁੜ (ਫਹੁ) ਚਲਾਉਣਾ, ਲਫ਼ਾਫ਼ੇਬੰਦੀ ਕਰਨੀ, ਗਲੇਫ਼ਣਾ ।

canard, *n.* : ਸ਼ਟੱਲ, ਗੱਪ, ਝੂਠੀ ਅਵਾਈ ।

canto, *n.* : (ਲੰਮੀ ਕਵਿਤਾ ਦਾ) ਭਾਗ, ਸਰਗ ।

to cap verses : ਟੱਪੇ ਤੇ ਟੱਪਾ ਜੋੜਨਾ, ਬੋਲੀਆਂ ਪਾਉਣੀਆਂ ।

capital, *n.* : ਵੱਡਾ ਅੱਖਰ, ਕਿਤਾਬੀ ਅੱਖਰ ।

caps (capitals ਦਾ ਛੋਟਾ ਰੂਪ) ਵੱਡੇ ਅੱਖਰ (ਪਰੂਫ਼ ਪੜ੍ਹਨ ਵਾਲੇ ਵਲੋਂ ਕੰਪਾਜ਼ਟਰ ਨੂੰ ਸੂਚਨਾ) ।

caption, *n.* : ਸਿਰਲੇਖ, ਸਿਰਨਾਵਾਂ (ਲੇਖ, ਫ਼ਿਲਮ ਆਦਿ ਦਾ) ।

caricature, *n. & v. t.* : ਮਖ਼ੌਲੀ ਚਿੱਤਰ, ਭੰਡ-ਚਿਤਰਾਵਾ; ਨਕਲ, ਸਾਂਗ; ਨਕਲ ਜਾਂ ਸਾਂਗ ਲਾਉਣੀ, ਪੀਪੂ ਕਰਨਾ ।

cartoon, *n.* : ਕਾਰਟੂਨ, ਮਖ਼ੌਲੀ ਤਸਵੀਰ ।

case, *n.* : (ਵਿਆਕਰਣ) ਕਾਰਕ ।

dative c. : ਸੰਪਰਦਾਨ ਕਾਰਕ ।

nominative (or subjective) case : ਕਰਤਾ ਕਾਰਕ ।

objective c. : ਕਰਮ ਕਾਰਕ ।

possessive c. : ਸੰਬੰਧਕ ਕਾਰਕ ।

case, *n.* : (ਛਾਪਾ) ਤਖ਼ਤੀ, ਅੱਖਰਦਾਨ ।

lower c. (l. c.) : ਛੋਟੀ ਤਖ਼ਤੀ ।

upper c. : ਵੱਡੀ ਤਖ਼ਤੀ ।

cast, *n.* (ਨਾਟਕ ਦੀ) ਪਾਤਰ-ਵੰਡ ।

catalogue, *n.* : ਸੂਚੀ, ਫ਼ਹਿਰਿਸਤ ।

catastrophe, *n.* : (ਨਾਟਕ) ਕੁਵੇੱਲੀ ਘਟਨਾ; ਅੰਤਮ-ਮੋੜ; ਦੁਖਾਂਤ ।
catechism, *n.* : ਪ੍ਰਸ਼ਨੋਤਰੀ (ਸੁਆਲ-ਜੁਆਬ ਦੇ ਰੂਪ ਵਿਚ ਸਿਖਿਆ) ।
catharsis, *n.* : (ਨਾਟਕ ਵਿਚ) ਗੁਮਰ, ਦ੍ਰਵਣ, ਦਿਲ-ਪਘਾਰ, ਦਿਲ-ਪਘਾਰੂ ਮੌਕਾ ।

catharsis, *a.* : ਗੁਮਰਾਲਾ, ਦਿਲ-ਪਘਾਰੂ, ਦ੍ਰਵਣਾਇਕ ।

causative, *a.* : (ਵਿਆਕਰਣ) ਪ੍ਰੇਰਣਾਇਕ ।
causerie, *n.* : ਸਾਹਿੱਤਕ ਵਾਰਤਾਲਾਪ (ਗੱਲ-ਕੱਥ) ।
chapter, *n.* : ਕਾਂਡ, ਅਧਿਆਇ ।
character, *n.* : ਲਿੱਪੀ; ਅੱਖਰ; ਆਚਰਣ; (ਨਾਵਲ ਜਾਂ ਨਾਟਕ ਦਾ) ਪਾਤਰ, ਪਾਤਰੀ ਜਾਂ ਪਾਤ੍ਰਿਕਾ ।

characterization, c.-development : ਆਚਰਣ-ਉਸਾਰੀ ।

chase, *n.* : (ਛਾਪੇ ਦਾ) ਚੇਸ, ਫ਼ਰਮਾ ।
*chef-d'oeuvre, n.* : ਸ਼ਾਹਕਾਰ, ਉਸਤਾਦੀ ਕੰਮ, ਕਮਾਲ ਦੀ ਚੀਜ਼ ।
chiaroscuro, *n.* : (ਤਸਵੀਰ ਵਿਚ) ਧੁਪ-ਛਾਂ, ਰੰਗ-ਬਰੰਗੀ ।
chorus, *n.* : (ਨਾਟਕੀ) ਤਾਇਫ਼ਾ; ਕਵਾਲੀ, ਜੋਟੀ, ਚੌਕੀ ।
chronicle, *n.* : ਤਰੀਕਵਾਰ ਸਾਖੀ, ਇਤਿਹਾਸ, ਰੋਜ਼ਨਾਮਚਾ ।

chronicler, *n.* : ਸਾਖੀਕਾਰ, ਮਿਤੀਕਾਰ, ਇਤਿਹਾਸਕਾਰ ।

chronology, *n.* : ਇਤਿਹਾਸਕਾਰੀ, ਮਿਤੀਕਾਰੀ; ਕਾਲ-ਕ੍ਰਮ, ਮਿਤੀਵਾਰ ਘਟਨਾਵਾਂ ।

chronological, *a.* : ਤਰੀਕਵਾਰ ।

cipher, cypher, *n.* : ਗੁੱਝੀ ਲਿਖਤ, ਅੰਕਪਲੀ ।
civilization, *n.* : ਸੱਭਿਅਤਾ ।
classic, *a. & n.* : ਪਰਮਾਣੀਕ, ਟਕਸਾਲੀ; ਕਲਾਸਿਕ, ਪੁਰਾਤਨ ਸਾਹਿੱਤਾਂ ਦਾ (ਰੋਮਾਂਚਿਕ ਦੇ ਉਲਟ); ਟਕਸਾਲੀ ਸਾਹਿਤਕਾਰ (ਜਾਂ ਕਲਾਕਾਰ); ਉਤਕ੍ਰਿਸ਼ਟ ਭਾਸ਼ਾ, ਪੁਰਾਤਨ ਸਾਹਿੱਤ (ਸੰਸਕ੍ਰਿਤ,ਅਰਬੀ,ਫ਼ਾਰਸੀ ਆਦਿ) ਦੀ ਪੁਸਤਕ ।

classical, *v.* : ਟਕਸਾਲੀ, ਵਧੀਆ, ਨਮੂਨੇ ਦਾ; ਪੁਰਾਤਨੀ, ਪੁਰਾਤਨ ਰੰਗ ਦਾ ।

clause, *n.* : (ਵਿਆਕਰਣ) ਉਪਵਾਕ ।
climax, *n.* : ਸਿਖਰ, ਤੋੜ ।
dramatic c. : ਨਾਟਕੀ ਸਿਖਰ ।
coarse, *a.* : ਅਸ਼ਲੀਲ, ਗੰਦੀ ।
co-education, *n.* : ਸਾਂਝੀ, ਵਿਦਿਆ, ਇਕਜਾਈ ਵਿਦਿਆ, ਸਹਿ-ਸਿਖਿਆ ।
cognate, *a.* : ਸਜਾਤੀ, ਸਮਧਾਤੂ (ਸ਼ਬਦ) ।
collaborate, *v. i.* : ਸਹਿਕਾਰ ਹੋਣਾ ।
collaboration, *n.* : ਸਹਿਕਾਰੀ ।
collaborator, *n.* : ਸਹਿਕਾਰ ।
collate, *v. t.* : ਮੇਲਣਾ, ਅਨੁਸਾਰਣਾ (ਖਰੜਿਆਂ ਜਾਂ ਲਿਖਤਾਂ ਨੂੰ) ।
collect, *v. t.* : ਸੰਗ੍ਰਹ ਕਰਨਾ ।
collection, n. : ਸੰਗ੍ਰਹ, ਸਮੂਹ ।
collective noun : ਸਮੂਹਕ ਨਾਂਵ ।
colloquial, *a.* : ਗਲਬਾਤੀ, ਬੋਲਚਾਲੀ ।
colloquy, *n.* : ਗਲ-ਕੱਥ, ਬੋਲਚਾਲ ।
colon, *n.* : ਕੋਲਨ, ਇਕ ਵਿਸ਼੍ਰਾਮ (:) ।
colophon, *n.* : ਅੰਤਲੀ ਟੂਕ (ਪੁਸਤਕ ਦੀ) ।
colour, *n.* : ਰੰਗ, ਰੰਗਤ ।
local c. : ਸਥਾਨਕ ਰੰਗ ।
column, *n.* : ਖ਼ਾਨਾ ।
columnist, *n.* : ਪਤਰਕਾਰ ।
comedy, *n.* : ਸੁਖਾਂਤ (ਨਾਟਕ) ।
comedian, *n.* : ਸੁਖਾਂਤਕਾਰ; ਸੁਖਾਂਤ-ਪਾਤਰ ।
comic, *a.* : ਸੁਖਾਂਤੀ; ਹਸਾਉਣੀ ।
comical, *a.* : ਮੌਜੂ; ਅਣੋਖੀ ।
comma, *n.* : ਕਾਮਾ (,), ਵਾਕ ਵਿਚ ਛੋਟਾ ਵਿਸ਼੍ਰਾਮ ।
inverted cc. : ਪੁੱਠੇ ਕਾਮੇ (" " ਜਾਂ ' ') ।
comment, *v. i. & n.* : ਪੜਚੋਲ (ਜਾਂ ਟੀਕਾ-ਟਿਪਣੀ) ਕਰਨੀ; ਰਾਏ; ਟੀਕਾ-ਟਿਪਣੀ, ਪੜਚੋਲ, ਆਲੋਚਨਾ ।

commentary, *n.* : ਟਿੱਪਣ, ਟੀਕਾ-ਟਿਪਣੀ, ਵਿਆਖਿਆ, ਆਲੋਚਨਾ ।

commentator, *n.* ਟਿੱਪਣਕਾਰ, ਆਲੋਚਕ ।

common, *a.* : ਆਮ, ਸਧਾਰਨ, ਮਮੂਲੀ ।

c. gender : ਸਧਾਰਨ ਲਿੰਗ ।

c. noun : ਜਾਤੀ ਨਾਂਵ ।

commonsense, *n.* : ਆਮ ਸਮਝ ।

communique, *n.* : ਏਲਾਨ, ਵਿਗਿਆਪਨ ।

compare, *v. t. & i.* : ਟਾਕਰਾ ਕਰਨਾ, ਤੁਲਨਾ ਦੇਣੀ, ਉਪਮਾ ਦੇਣੀ ।

comparative degree : ਅਧਿਕਤਰ ਅਵਸਥਾ ਜਾਂ ਦਰਜਾ ।

comparison, *n.* : ਟਾਕਰਾ; ਤੁਲਨਾ ।

degrees of comparison : ਤੁਲਨਾ ਦੇ ਦਰਜੇ ।

compendium, *n.* : ਸਾਰ, ਨਚੋੜ, ਸੰਖੇਪ, ਖ਼ੁਲਾਸਾ ।

compendious *a.* : ਸਰਬੰਗੀ; ਸੰਖੇਪ ।

compile, *v. t.* : ਸੰਕਲਤ ਕਰਨਾ, ਸੰਗ੍ਰਹ ਕਰਨਾ ।

compilation, *n.* : ਸੰਕਲਨ, ਸੰਗ੍ਰਹ ।

complement, *n.* : (ਵਿਆਕਰਣ) ਪੂਰਕ ।

complementary, *a.* : ਪੂਰਕੀ ।

complex, *n. & a.* : ਦਿਮਾਗ਼ੀ ਵਹਿਮ, ਉਲਝਣ; (ਵਿਆਕਰਣ) ਮਿਸਰਤ (ਵਾਕ) ।

complication, *n.* : ਉਲਝਾਉ, ਚੜ੍ਹਾਉ ।

component, n. : ਅੰਗ, ਹਿੱਸਾ, ਭਾਗ ।

compose, *v. t.* : (ਛਾਪੇ ਦੇ ਅੱਖਰ) ਜੋੜਨੇ; ਲਿਖਣਾ; (ਗੀਤਾਂ ਦੀ) ਰਚਨਾ ਕਰਨੀ ।

composer, n. : ਰਚਨਹਾਰ, ਕਰਤਾ, ਲਿਖਾਰੀ; ਗੀਤਕਾਰ ।

composiny, n. : ਅੱਖਰ-ਜੋੜ ।

composing-stick : ਸਟਿੱਕ (ਅੱਖਰ ਜੋੜ ਪੱਟੀ) ।

composition, n. : ਲਿਖਾਈ; ਰਚਨਕਾਰੀ ।

compositor, *n.* : ਕੰਪੋਜ਼ੀਟਰ, ਜੋੜਕਾਰ ।
compound, *a.* & *n.* : ਜੁੜਵਾਂ; (ਵਿਆਕਰਣ) ਸੰਯੁਕਤ, ਸੰਸਰਗੀ, ਮਿਸਰਤ, ਸੰਧੀ, ਸਮਾਸ ।
c. letter : ਦੁੱਤ (ਅੱਖਰ) ।
c. sentence : ਸੰਯੁਕਤ ਵਾਕ ।
c. word ; ਸਮਾਸੀ ਸ਼ਬਦ ।
compress, *v. t.* : ਸੰਖੇਪਣਾ ।
compression, *n.* : ਸੰਖੇਪਣ ।
concise, *a.* : ਸੰਖੇਪ, ਛੋਟਾ ।
conciseness, *n.* : ਸੰਖੇਪਤਾ ।
condense, *v. t.* : ਸੰਖੇਪਣਾ ।
condition, *n.* : ਸ਼ਰਤ ।
conditional, *a.* : ਸ਼ਰਤੀ ।
conflict, *n.* : (ਨਾਟਕ ਜਾਂ ਨਾਵਲ) ਟੱਕਰ, ਵਿਰੋਧ ।
conjugate, *v. t.* : (ਵਿਆਕਰਣ) ਰੂਪ ਸਾਧਣਾ, ਰੂਪ-ਸਾਧਨਾ ਕਰਨੀ ।
conjugation, *n.* ; ਰੂਪ-ਸਾਧਨਾ ।
conjunct, *a.* & *n.* : ਦੁੱਤ (ਅੱਖਰ) ।
conjunction, *n.* : (ਵਿਆਕਰਣ) ਯੋਜਕ ।
conjuntive, *a.* : ਯੋਜਕੀ ।
connoisseur, *n.* : ਕਲਾ-ਰਸਿਕ, ਕਲਾ-ਪਾਰਖੂ, ਰਸੀਆ, ਚਸਕੇਖੋਰ
connoisseurship, *n.* : ਰਸਿਕਤਾ, ਕਲਾ-ਪਰਖ; ਚਸਕੇਖੋਰੀ ।
connote, *v. t.* : ਭਾਵ ਪਰਗਟ ਕਰਨਾ, ਅਰਥ ਦੇਣਾ, ਲਖਸ਼ ਦੇਣਾ ।
connotation, *n.* : ਲਖਸ਼ ।
consonance, *n.* : ਇਕਸੁਰਤਾ ।
consonant, *n.* : (ਵਿਆਕਰਣ) ਵਿਅੰਜਨ, ਵਰਗ ।
c. symbols (or signs) : ਲਗਾਖਰ (ਬਿੰਦੀ, ਟਿੱਪੀ ਤੇ ਅਧਕ) ।
construction, *n.* : ਬਣਾਉਟ, ਬਣਤਰ, ਉਸਾਰੀ ।
constructive, *a.* : ਉਸਾਰੂ (ਪੜਚੋਲ) ।

construe *v. t. & i.* : ਅਰਥ ਕਰਨਾ ਜਾਂ ਲਾਉਣਾ, ਭਾਵ ਕਢਣਾ ।

construction, *n.* : ਅਰਥ, ਭਾਵ ।

contemporary, *a. & n.* : ਸਮਕਾਲੀਨ; ਸਮਕਾਲੀ ।

content (usually pl.) *n.* : ਸ਼ਾਮਲ ਚੀਜ਼; ਵਿਸ਼ਾ, ਮਜ਼ਮੂਨ ।

table of cc. : ਤਤਕਰਾ, ਲੇਖ-ਸੂਚੀ, ਵਿਸ਼ੇ-ਸੂਚੀ ।

context, *n.* : ਪ੍ਰਕਰਣ, ਪਰਸੰਗ ।

contingent (future) : ਸੰਭਾਵਿਕ (ਭਵਿੱਖ) ।

contradict, *v. i.* : ਖੰਡਨ ਕਰਨਾ, ਤਰਦੀਦ ਕਰਨੀ ।

contradiction, *n.* : ਖੰਡਨ, ਤਰਦੀਦ, ਵਿਰੋਧ ।

contradiction in terms : ਸ਼ਬਦ-ਵਿਰੋਧ ।

contrast, *n. & v. t. & i.* : ਟਾਕਰਾ, ਵਿਰੋਧ, ਭਿੰਨ-ਭੇਤ, ਫ਼ਰਕ; ਟਾਕਰਾ ਕਰਨਾ, ਫ਼ਰਕ ਵੇਖਣਾ ਜਾਂ ਹੋਣਾ, ਵਖ ਪਿਆ ਦਿਸਣਾ, ਭਿੰਨ ਹੋਣਾ ।

controversy, *n.* : ਝਗੜਾ; ਬਹਿਸ; ਵਾਦ-ਵਿਵਾਦ ।

controversial, *a.* : ਝਗੜੇ ਵਾਲੀ, ਬਹਿਸ ਗੋਚਰੇ ।

controversialist, *n.* : ਝਗੜਾਲੂ, ਵਾਦੀ ।

conversation, *n.* : ਗਲ-ਕੱਥ, ਗਲ-ਬਾਤ, ਵਾਰਤਾਲਾਪ ।

conversational, *a.* : ਗਲਬਾਤੀ, ਵਾਰਤਾਲਾਪੀ ।

conversazine, *n.* : ਗੋਸ਼ਟੀ, ਵਿਦਿਅਕ ਵਾਰਤਾਲਾਪ ।

copy, *n. & v. t.* : ਕਾਪੀ, ਨਕਲ; ਉਤਾਰਾ, ਪਰਤ; (ਛਾਪੇ ਵਿਚ) ਅਸਲ; (ਅਖ਼ਬਾਰ ਲਈ) ਮਸਾਲਾ; ਨਕਲ ਕਰਨੀ, ਉਤਾਰਾ ਕਰਨਾ ਜਾਂ ਲੈਣਾ, ਉਤਾਰਨਾ ।

copyist, *n.* : ਉਤਾਰੂਆ, ਨਕਲਕਾਰ ।

copyright, *n.* : ਕਾਪੀ-ਰਾਈਟ, ਰਾਖਵੇਂ ਹੱਕ, ਉਤਾਰਾ-ਅਧਿਕਾਰ ।

correspond, *v. i.* : ਅਨੁਸਾਰੀ ਹੋਣਾ; ਜਵਾਬੀ ਹੋਣਾ; ਚਿੱਠੀ-ਪੱਤਰ ਕਰਨਾ ।

correspondence. *n,* : ਅਨੁਸਾਰਤਾ; ਚਿੱਠੀ-ਪੱਤਰ; ਲਿਖਾਪੜ੍ਹੀ, ਪੱਤਰ-ਵਿਹਾਰ ।

correspondent, *a. & n.* : ਅਨੁਸਾਰੀ; ਪੱਤਰਕਾਰ, ਪੱਤਰ-ਪ੍ਰੇਰਕ ।

corresponding, *a.* : ਨਾਲ ਦਾ, ਜੋੜੇ ਦਾ, ਬਰਾਬਰ ਦਾ, ਰਲਦਾ, ਅਨੁਸਾਰੀ, ਜਵਾਬੀ, ਤਦ-ਸਥਾਨੀ ।

corrigendum (pl.-da), *n.* : ਸ਼ੁਧੀ-ਪੱਤਰ (ਪੁਸਤਕ ਦਾ) ।

corroborate, *v. t.* : ਪੁਸ਼ਟੀ ਜਾਂ ਤਾਈਦ ਕਰਨੀ, ਤਸਦੀਕ ਕਰਨੀ, ਪੱਕਾ ਕਰਨਾ ।

corroboration, *n.* : ਪੁਸ਼ਟੀ, ਤਾਈਦ, ਤਸਦੀਕ, ਪਕਿਆਈ ਦਾ ਸਬੂਤ ।

corroborative, *a.* : ਪੁਸ਼ਟੀਕਾਰਵੀਂ, ਤਾਈਦੀ, ਤਸਦੀਕੀ ।

corroborator, *n.* : ਪੁਸ਼ਟੀਕਾਰ, ਤਾਈਦੀ ਗਵਾਹ ।

couplet, *n.* : ਬੈਂਤ, ਦੋਹੜਾ ।

cover, *v. t.* : ਲੁਕਾਉਣਾ; (ਕਿਸੇ ਘਟਨਾ ਦੀ) ਪ੍ਰੈਸ-ਰਪੋਟ ਕਰਨੀ ।

cram, *v. t. & i. &.* n. : ਰਟਣਾ, ਘੋਟਣਾ, ਘੋਟਾ ਲਾਉਣਾ; ਘੋਟਾ ।

crammer, *n.* : ਘੋਟੂ ।

create, *v. t.* : ਰਚਣਾ ।

creation, *n.* : ਰਚਨਾ, ਕ੍ਰਿਤ, ਉਪਜ ।

creative, *a.* : ਉਪਜਾਊ, ਉਪਜਾਇਕ ।

creativeness, *n.* : ਕ੍ਰਿਤਕਾਰੀ, ਉਤਪੰਨਤਾ, ਉਪਜਾਇਕਤਾ ।

crib, *n.* : ਸੰਖੇਪ, ਖ਼ੁਲਾਸਾ ।

criterion. *n.* : ਅਸੂਲ; ਪਰਖ, ਪਛਾਣ, ਕਸੌਟੀ ।

critic, *n.* : ਪੜਚੋਲੀਆ, ਸਮਾਲੋਚਕ, ਨੁਕਤਾਚੀਨ ।

critical, *a.* : ਪੜਚੋਲੀ, ਪਰਖਵਾਂ ।

critically, adv : ਪੜਚੋਲੀ (ਪਰਖਵੀਂ) ਨਜ਼ਰ ਨਾਲ, ਘੋਖ ਕੇ ।

criticaster, *n.* : ਵਿਤੰਡਾਵਾਦੀ ।

criticism, *n.* : ਪੜਚੋਲ, ਸਮਾਲੋਚਨਾ, ਆਲੋਚਨਾ, ਨੁਕਤਾਚੀਨੀ, ਟੋਕਾ-ਟਾਕੀ ।

criticize, *v. t.* : ਪੜਚੋਲਣਾ, ਨੁਕਤਾਚੀਨੀ ਕਰਨੀ; ਦੋਸਣਾ, ਨੁਕਸ ਕਢਣੇ ਜਾਂ ਛਾਂਟਣੇ ।

crux (pl. cruces), *n*, : ਘੁੰਡੀ, ਪੇਚ, ਔਖਿਆਈ ।

cryptic, *a.* : ਗੁਪਤ, ਲੁਕਵੀਂ ।

criptogram,-graph, *nn.* : ਗੁਪਤ-ਲਿਪੀ, ਗੁਪਤ-ਲਿਖਤ ।

cult. *n.* : ਮਾਰਗ, ਸੰਪਰਦਾ, ਧਰਮ ।

culture, n. : ਸਭਿਆਚਾਰ ।

cultural, *a.* : ਸਭਿਆਚਾਰੀ, ਸਭਿਆਚਾਰਕ ।

cuneiform, *a. & n.* : ਚਪਰੇਲਾ; ਚਪਰ-ਲਿਖਤ ।

curriculum, *n.* : ਵਿਦਿਆ-ਪਰਨਾਲੀ, ਪੜ੍ਹਾਈ ਦੀ ਸਕੀਮ ।

curtain, *n.* : (ਥੀਏਟਰ ਦਾ) ਪਰਦਾ ।

cut-c. : ਝਾਲਰ (ਪਰਦੇ ਦੀ) ।

drop-c. : ਵੱਡਾ ਪਰਦਾ ।

cycle, *n.* : ਕਾਲ-ਚੱਕਰ, ਜੁਗ ।

cyclopedia = encyclopedia (q. v.).

cyclo-roma, *n.* (ਥੀਏਟਰ) ਕਮਾਨੀ-ਪਰਦਾ ।

cyclostyle, *n.* : ਸਾਈਕਲੋ-ਸਟਾਈਲ, ਭੜਥੂ-ਛਾਪ ।

cypher = cipher (q. v.).

## D

dactyl, *n.* : ਤ੍ਰੈ-ਮਾਤ੍ਰਿਕ ਛੰਦ, ਭਗਣ (SII) ।

dagger, *n.* : ਕਟਾਰ (ਦਾ ਨਿਸ਼ਾਨ †);

double d. : ਦੂਹਰੀ ਕਟਾਰ (‡) ।

dash, *n.* : ਝਰੀਟ (ਕਲਮ ਦੀ); ਡੈਸ਼, ਲੀਕ '—' (ਇਸ ਗਲ ਦੀ ਨਿਸ਼ਾਨੀ ਕਿ ਇਥੇ ਕੁਝ ਛੱਡਿਆ ਹੋਇਆ ਹੈ) ।

date, *n. & v. t. & i.* : ਤਰੀਕ, ਮਿਤੀ; ਤਰੀਕ ਪਾਉਣੀ, ਸ਼ੁਰੂ ਹੋਣਾ ।

dative case : (ਵਿਆਕਰਣ) ਸੰਪਰਦਾਨ ਕਾਰਕ ।

datum (pl. data), *n.* : ਮਿਥੀ ਹੋਈ ਗੱਲ; ਮੁਢਲੀ ਸ਼ਰਤ ।

daily, *n.* : ਰੋਜ਼ਾਨਾ ਅਖ਼ਬਾਰ ।

debate, *v. t. & i. & n.* : ਬਹਿਸਣਾ; ਵਿਚਾਰ (ਜਾਂ ਚਰਚਾ) ਕਰਨੀ; ਬਹਿਸ, ਚਰਚਾ, ਵਿਵਾਦ ।

decade, *n.* : ਦਹਾਕਾ; ਦਹਾਈਆ (ਦਾਹ ਵਰ੍ਹੇ ਦਾ ਸਮਾਂ) ।

decipher, *v. t.* : ਉਠਾਲਣਾ, ਹੱਲ ਕਰਨਾ ।

decode, *v. t.* : (ਗੁਪਤ ਤਾਰ ਆਦਿ ਦਾ) ਉਠਾਲਣਾ ।

dedicate, *v. t.* : ਭੇਟਾ ਕਰਨਾ; ਸਮਰਪਣਾ, ਸਮਰਪਣ ਕਰਨੀ (ਪੁਸਤਕ) ।

dedication, *n.* : ਭੇਟਾ; ਸਮਰਪਣ ।

dedicatory, *a.* : ਸਮਰਪੀ, ਸਮਰਪਿਤ ।

deduce, *v. t.* : ਸਿੱਟਾ ਕਢਣਾ ।

deduction, *n.* : ਸਿੱਟਾ, ਨਤੀਜਾ; (ਫ਼ਲਸਫ਼ਾ) ਨਿਗਮਨ, ਅਨੁਮਾਨ, ਕਿਆਸ ।

deductive, *a.* : ਨਿਗਮਨੀ, ਅਨੁਮਾਨੀ (ਨਿਆਇ) ।

deed, *n.* : (ਕਨੂੰਨੀ) ਲਿਖਤ, ਦਸਤਾਵੇਜ਼; ਤਮੱਸਕ, ਵਸੀਕਾ; ਪੱਟਾ ।

defect, n. : ਘਾਟਾ, ਕਸਰ, ਕਮੀ, ਉਕਾਈ, ਨੁਕਸ, ਕਾਣ, ਬੱਜ, ਦੋਸ਼, ਐਬ, ਖੋਟ, ਵਿਘਨ ।

defective, *a.* : ਕਸਰਵੰਦਾ, ਨਾਕਸ, ਕਸਰਾਧਾ, ਅਧੂਰਾ; (ਵਿਆਕਰਣ) ਅਪੂਰਣ (ਕਿਰਿਆ ਆਦਿ) ।

define, *v. t.* : ਲਛਣਾਉਣਾ, ਲੱਛਣ ਦੱਸਣਾ, ਤਾਰੀਫ਼ ਕਰਨੀ; ਨੀਤਣਾ, ਨੀਅਤ ਕਰਨਾ, ਨਿਸਚਿਤ ਕਰਨਾ ।

definite, *a.* : ਨੀਅਤ, ਨਿਸਚਿਤ, ਸਾਫ਼, ਠੀਕ-ਠਾਕ ।

definition, *n.* : ਲੱਛਣ, ਤਾਰੀਫ਼ ।

degree, *n.* : ਅਵਸਥਾ, ਦਰਜਾ ।

positive d. : ਸਾਧਾਰਣ ਅਵਸਥਾ ।

comparative d. : ਅਧਿਕਤਰ ਅਵਸਥਾ ।

superlative d. : ਅਧਿਕਤਮ ਅਵਸਥਾ ।

d. of latitude : ਵਿਥਕਾਰ ਦਰਜਾ ।

d. of longitude : ਲਮਕਾਰ ਦਰਜਾ ।

delete, *v. t.* : ਮਿਟਾ ਦੇਣਾ, ਲੀਕ ਦੇਣਾ, ਕੱਟ ਦੇਣਾ ।

deletion, *n.* : ਮਿਟ-ਮਿਟਾ, ਲੀਕਣ ।

delineate, *v. t.* : ਉਲੀਕਣਾ, ਚਿੱਤਰਨਾ, ਅੰਕਤ ਕਰਨਾ, ਖ਼ਾਕਾ ਖਿੱਚਣਾ, ਬਿਆਨ ਕਰਨਾ ।

delineation, *n.* : ਤਸਵੀਰ, ਨਕਸ਼ਾ, ਚਿੱਤਰ, ਖ਼ਾਕਾ, ਬਿਆਨ ।

demonstrate, *v. t. & i.* : ਵਿਖਾ ਦੇਣਾ, ਸਿੱਧ ਕਰਨਾ, ਸਾਬਤ ਕਰਨਾ, ਪਤਿਆਣਾ, ਪਰਤਾਵਾ ਕਰਕੇ ਦੱਸਣਾ ।

demonstrable, *a.* : ਪਤਿਆਉਣ-ਯੋਗ, ਪਰਤਾਵੇ ਜੋਗ ।

demonstration, *n.* : ਪਤਿਆਵਾ; ਵਿਖਾਲਾ ।

demonstrative, *a.* : (ਵਿਆਕਰਣ) ਨਿਸਚੇ-ਵਾਚਕ; ਵਿਖਾਲਵਾਂ ।

demy, *n.* : ਅਠਾਰਾਂ-ਬਾਈ ਦਾ ਕਾਗਜ਼ ।

denouement, *n.* : (ਕਹਾਣੀ ਜਾਂ ਨਾਟਕ ਦਾ) ਸੁਲਝਾਉ, ਉਤਾਰ, ਸੁਵੱਲਾ-ਮੋੜ, ਹੱਲ ।

dental (letters) : ਦੰਤੀ, ਦੰਦੀਏ (ਅੱਖਰ), ਤਵਰਗ (ਤ,ਥ,ਦ,ਧ,ਨ) ।

depend, *v. t.* : ਨਿਰਭਰ ਹੋਣਾ, ਅਧੀਨ (ਜਾਂ ਆਸ਼ਿ੍ਤ) ਹੋਣਾ, ਆਸਰੇ ਹੋਣਾ ।

dependent, *a.* : (ਵਿਆਕਰਣ) ਅਧੀਨ ।

derive, *v. t. & i.* : ਕੱਢਣਾ; ਨਿਕਲਣਾ ।

derivation, *n.* : (ਵਿਆਕਰਣ) ਵਿਉਤਪਤੀ, ਸ਼ਬਦ-ਉਤਪਤੀ ।

derivative, *a. & n.* : ਗੌਣ, ਨਿਕਲਿਆ ਹੋਇਆ; ਵਿਉਤਪਤ, ਉਪਜ ।

describe, *v. t.* : ਬਿਆਨ ਕਰਨਾ, ਵਰਣਨ ਕਰਨਾ, ਵਖਾਨਣਾ ।

deseription, *n.* : ਬਿਆਨ, ਵਰਣਨ, ਬਿਰਤਾਂਤ, ਹਾਲ ।

descriptive, *a* : ਬਿਆਨੀ, ਬਿਰਤਾਂਤੀ ।

destiny, *n.* : ਹੋਣੀ, ਭਾਵੀ, ਭਾਣਾ, ਗਤੀ; ਵਿਧਾਤਾ, ਬਿਧਨਾ; ਲੇਖ, ਭਾਗ, ਨਸੀਬ, ਤਕਦੀਰ, ਪ੍ਰਾਲਭਤ ।

destructive, a. : ਢਾਹੂ (ਪੜਚੋਲ) ।

desultry, *a.* : ਉਘੜ-ਦੁਘੜ, ਬੇਤਰਤੀਬ, ਵਿਕੋਲਿੱਤਰੀ ।

detached (mind or view), *a.* : ਅਸੰਬੰਧਤ, ਬੇਜੋੜ, ਵੱਖਰਾ, ਅਡਰਾ; ਅਟੰਕ, ਨਿਰਪੱਖ, ਬੇਲਾਗ

detail, *n. & v. t.* : ਵੇਰਵਾ, ਵਿਸਥਾਰ; ਵੇਰਵਾ ਦੇਣਾ, ਵਿਸਥਾਰ ਕਰਨਾ, ਖੋਲ੍ਹ ਕੇ ਦੱਸਣਾ ।

develop, *v. t. & i.* : ਪ੍ਰਫੁੱਲਤ ਕਰਨਾ ਜਾਂ ਹੋਣਾ, ਵਧਾਉਣਾ ਜਾਂ ਵਧਣਾ, ਵਧਣਾ ਫੁੱਲਣਾ, ਪਲ੍ਹਰਨਾ, ਵਿਕਾਸ਼ਣਾ; ਉਸਾਰਨਾ (ਆਚਰਣ, ਨਾਟਕ ਜਾਂ ਨਾਟਕ ਵਿਚ) ।

development, *n.* : ਪ੍ਰਫੁੱਲਤਾ, ਵਿਕਾਸ਼; ਉਸਾਰੀ (ਆਚਰਣ ਦੀ) ।

diacritical marks : ਲਗਾਂ ਮਾਤਰਾਂ, ਉਚਾਰਣੀ ਲਗਾਂ, ਮਾਤ੍ਰਿਕ ਚਿੰਨ੍ਹ ।

dialect, *n.* : ਬੋਲੜੀ, ਉਪ-ਭਾਖਾ, ਸਥਾਨਕ ਬੋਲੀ ।

dialogue, *n.* : ਗਲ-ਬਾਤ, ਵਾਰਤਾਲਾਪ ।

dictate, *v. t.* : ਬੋਲ ਕੇ ਲਿਖਾਣਾ, ਜ਼ਬਾਨੀ ਲਿਖਵਾਣਾ ।

dictation, *n.* : ਜ਼ਬਾਨੀ ਲਿਖਾਈ, ਲਿਖਵਾਈ ।

dictator, *n.* : ਲਿਖਵਈਆ; ਕਰਤਾ-ਧਰਤਾ ।

diction, *n.* : ਸ਼ੈਲੀ, ਲਿਖਣ-ਢੰਗ, ਸ਼ਬਦ-ਚੋਣ ।

poetic d. : ਕਾਵਿ-ਸ਼ੈਲੀ ।

dictionary, *n.* : ਕੋਸ਼ ।

dictum, *n.* : ਕਥਨ, ਕੌਲ, ਆਖਣ ।

didactic, *a.* : ਸਿਖਿਆਲੀ, ਉਪਦੇਸ਼ਵਾਦਕੀ ।

didacticism, *n.* : ਸਿਖਿਆਵਾਦ, ਉਪਦੇਸ਼ਵਾਦ ।

digest. *n.* : ਸੰਖੇਪ, ਖੁਲਾਸਾ, ਨਚੋੜ ।

digit, *n.* : ਅੰਕੜਾ, ਅੰਕ ।

dilate, *v. t. & i.* : ਖੋਲ੍ਹ ਕੇ ਦੱਸਣਾ, ਵੇਰਵੇ ਨਾਲ ਬਿਆਨ ਕਰਨਾ ।

dilemma, *n.* : ਅੜਿੱਕਾ, ਦੁਵੱਲੀ ਔਖ, ਸੱਪ ਦੇ ਮੂੰਹ ਕੋੜ੍ਹ-ਕਿਰਲੀ ।

dilettante (*pl.* dilettanti), *n.* : (ਕੋਮਲ ਹੁਨਰਾਂ ਦਾ)ਰਸੀਆ,ਹਰੀ-ਚੁਗ ।

dilettantism, *n.* : ਰਸਿਕਤਾ ।

diminutive, *a. & n.* : ਨਿਕੜੂ; (ਵਿਆਕਰਣ) ਛੁਟ-ਵਾਚਕ, ਲਘੂ-ਵਾਚਕ; ਲਘੂ ।

dipthong, *n.* : ਦੂਹਰਾ ਸੁਅਰ (ਜਿਵੇਂ oe, oi, ea) ।

direct, *a.* : ਸਿੱਧਾ, ਸਾਫ਼, ਸਪੱਸ਼ਟ, ਪਰਤੱਖ, ਖੁਲ੍ਹਾ ।

d. action : ਅਮਲੀ ਰੋਸ, ਮੋਰਚਾ ।

d. evidence : ਮੌਕੇ ਦੀ ਗਵਾਹੀ, ਪਰਤੱਖ ਗਵਾਹੀ ।

d. object : ਪਹਿਲਾ ਕਰਮ (ਵਿਆਕਰਣ ਵਿਚ) ।

d. speech : ਸਿੱਧਾ ਵਾਕ ।

dirge, *n.* : ਕੀਰਨੇ, ਅਲਾਹਣੀ, ਵੈਣ; ਸ਼ਹੀਦੀ ਵਾਰ, ਮਰਸੀਹਾ ।

discriminate, *v. t. & i.* : ਨਿਰਨਾ ਕਰਨਾ, ਨਖੇੜਾ ਕਰਨਾ; ਭਿੰਨ-ਭੇਦ ਕਰਨਾ, ਵਿਤਕਰਾ ਕਰਨਾ ।

discrimination, *n.* : ਨਿਰਨਾ, ਨਖੇੜਾ; ਵਿਤਕਰਾ ।

discursive, *a.* : ਲੰਮਾ ਚੌੜਾ, ਵਲਾਵੇਂਦਾਰ, ਦਲੀਲ-ਭਰਿਆ, ਉਕਤੀ-ਪੂਰਬਕ ।

discuss, *v. t.* : ਵਿਚਾਰਨਾ, ਬਹਿਸਣਾ, ਚਰਚਾ ਕਰਨੀ ।

discussion, *n.* : ਵਿਚਾਰ, ਬਹਿਸ, ਚਰਚਾ ।

disguise, *n. & v. t.* : ਭੇਸ, ਸਰੂਪ, ਸਾਂਗ, ਬਹੁਰੂਪ; ਭੇਸ (ਜਾਂ ਸਰੂਪ) ਕਰਨਾ ਜਾਂ ਧਾਰਨਾ, ਸਾਂਗ ਰਚਣਾ, ਹੋਰ ਦਾ ਹੋਰ ਕਰ ਦਸਣਾ, ਬਣ ਦਸਣਾ ।

distich, *n.* : ਬੈਂਤ, ਦੋਹਾ, ਦੋ-ਤੁਕਾ, ਸਲੋਕ ।

distinct, *a.* : ਵੱਖ, ਅੱਡ, ਵਖਰਾ, ਭਿੰਨ; ਸਾਫ਼ ।

distinctly, *adv.* : ਨਖੇੜ ਕੇ, ਕਿਰਿਆ ਕੇ, ਸਾਫ਼ ਸਾਫ਼ ।

distinctness, *n.* : ਵਖਰੇਵਾਂ, ਨਖੇੜ, ਭਿੰਨਤਾ ।

distinction, *n.* : ਭਿੰਨ-ਭੇਤ, ਨਖੇੜਾ, ਫ਼ਰਕ; ਵਡਿਆਈ, ਵਿਸ਼ੇਸ਼ਤਾ; ਮਾਣ ।

distinguish, *v. t. & i.* : ਭਿੰਨਣਾ, ਵਖਿਆਣਾ, ਫ਼ਰਕਾਉਣਾ, ਕਿਰਿਆਉਣਾ; ਪਛਾਨਣਾ, ਸਿਵਾਨਣਾ; ਉਘਾ ਕਰਨਾ ਜਾਂ ਹੋਣਾ, ਪਰਗਟ ਹੋਣਾ ।

distribute, *v. t.* : ਵੰਡਣਾ, ਸ਼ਰੇਣੀਵਾਰ ਕਰਨਾ; (ਟਾਈਪ) ਫੇਂਕਣਾ ।

distribution, *n.* : ਵੰਡ, ਵੰਡੀਜ ।

distribution of type-matter : ਟਾਈਪ ਦੀ ਫੇਂਕਾਈ ।

distributive, *a. & n.* : (ਵਿਆਕਰਣ) ਨਖੇੜੂ ਸੰਖਿਅਕ (ਜਿਵੇਂ ਹਰਕ) ।

disyllable, diss-, *n.* : ਦੁਮਾਤਰਾ ।

disyllabic, *a.* : ਦੁਮਾਤਰਿਕ ।

ditto (ਛੋਟਾ ਰੂਪ do. pl.-os), *a. & n.* : ਉਪਰੋਕਤ, ਤਥਾ-ਅਸਤੂ; ਓਹੀ; ਨਕਲ ।

say d. to : ਹਾਂ ਵਿਚ ਹਾਂ ਮਿਲਾਉਣੀ, ਪੁਸ਼ਟੀ ਕਰਨੀ ।

dittography, *n.* : ਦੁਹਰਾਗਤ (ਕਿਸੇ ਅੱਖਰ ਜਾਂ ਸ਼ਬਦ ਨੂੰ ਦੋ ਵਾਰੀ ਲਿਖ ਜਾਣਾ) ।

ditty, *n.* : ਟੱਪਾ, ਛੋਟਾ ਗੀਤ ।

division, *n.* : ਵੰਡ; ਭਾਗ, ਸਰਗ ।

d. of labour : ਕਾਰ-ਵੰਡ, ਕਿੱਤਾ-ਵੰਡ ।

document, *n.* : ਲਿਖਤ, ਕਾਗਜ਼-ਪਤਰ, ਦਸਤਾਵੇਜ਼ ।

documentary, *a. & n.* : ਲਿਖਤੀ, ਦਸਤਾਵੇਜ਼ੀ; ਘਟਨਾਵੀ ਤਸਵੀਰ, ਵਾਕਿਆਤੀ ਫ਼ਿਲਮ ।

dog's ear : ਪਤਰੇ ਦੀ ਕ਼ਾਨ (ਪੜ੍ਹਦਿਆਂ ਪੜ੍ਹਦਿਆਂ ਜੋ ਪਤਰੇ ਦੀ ਨੁਕਰ ਮੋੜ ਦੇਈਦੀ ਹੈ) ।

doggerel, *n.* : ਤੁਕਬੰਦੀ, ਨਿਕੰਮੀ ਕਵਿਤਾ ।

dogma, *n.* : ਅਸੂਲ, ਸਿਧਾਂਤ, ਮੱਤ ।

dogmatic, *a.* : ਸਵੈ-ਮਤੀਆ, ਹੱਠੀਆ ।

dogmaticism, *n.* : ਸਵੈਮਤਾਭਿਮਾਨ, ਆਪਹੁਦਰਤਾ, ਮਨ-ਹੱਠ ।

dot, *n. & v. t.* : ਬਿੰਦੀ, ਟਿੱਪਣਾ, ਟਿੱਪਣ; ਪੂਰਨ-ਵਿਸ਼੍ਰਾਮ ਦਾ ਨਿਸ਼ਾਨ (.); ਬਿੰਦੀ ਲਾਉਣੀ, ਬਿੰਦਣਾ, ਟਿੱਪਣਾ ।

dotted line : ਬਿੰਦੀਦਾਰ ਲੀਕ ।

double, *v. t. & i.* : ਦੁਹਰਾਉਣਾ, ਦੂਣਾ ਕਰਨਾ; (ਨਾਟਕ) ਐਕਟਰ ਦਾ ਇਕੋ ਖੇਲ ਵਿਚ ਦੋ ਪਾਤਰਾਂ ਦੇ ਪਾਰਟ ਕਰਨੇ ।

double entendre, *n.* : ਛੇਕੋਕਤੀ, ਦੋਅਰਥੀ ਵਰਤੋਂ, ਵਖਰੇ ਵਖਰੇ ਅਰਥ ਦੇਣੇ (ਇਕ ਚੰਗਾ, ਇਕ ਗੰਦਾ-ਮੰਦਾ); ਮੁਕਰਨੀ ।

doublet, *n.* : ਸੰਮੂਲਕ ਭਿੰਨਾਰਥਕ ਸ਼ਬਦ; ਜਿਵੇਂ ਗੰਧ ਤੇ ਗੰਦ, ਵਿਸ਼ਵਾਸ (ਇਤਬਾਰ) ਤੇ ਬਿਸਵਾਸ, ਵਿਸਵਸਾ (ਸ਼ੱਕ) ।

draft, *n. & v. t.* : ਖਰੜਾ, ਮਸੌਦਾ; ਖਰੜਾ (ਜਾਂ ਮਸੌਦਾ) ਤਿਆਰ ਕਰਨਾ, ਉਲੀਕਣਾ ।

drama, *n.* : ਨਾਟਕ, ਡਰਾਮਾ ।

the d. : ਨਾਟਕੀ ਹੁਨਰ, ਨਾਟ-ਕਲਾ ।

dramatic, *a.* : ਨਾਟਕੀ; ਐਕਟਰ ਵਾਂਗ; ਅਚਨਚੇਤ, ਅਣੋਖਾ ।

dramatis personae, *n.* pl. : ਨਾਟਕੀ ਪਾਤਰ, ਪਾਤਰ-ਸੂਚੀ, ਪਾਤਰ-ਵੰਡ ।

dramatist, *n.* : ਨਾਟਕਾਰ ।

dramatize, *v. t.* : ਨਾਟਕਿਆਣਾ, ਨਾਟਕੀ ਰੂਪ ਦੇਣਾ; (ਕਿਸੇ ਘਟਨਾ ਜਾਂ ਕਹਾਣੀ ਨੂੰ) ਡਰਾਮੇ ਦੀ ਸ਼ਕਲ ਦੇਣੀ ।

dress, *n.* : ਪਹਿਰਾਵਾ, ਵੇਸ, ਪੁਸ਼ਾਕ, ਬਾਣਾ, ਭੇਸ ।

d.-in-charge : (ਥੀਏਟਰ ਦਾ) ਪੁਸ਼ਾਕੀਆ ।

d. up : ਭੇਸ ਬਣਾਉਣਾ, ਸਾਂਗ ਬਣਨਾ, ਸਰੂਪ ਧਾਰਨਾ ।

drift, *n. & v. t.* : ਵਹਿਣ, ਰੌਂ, ਰੁਝਾਣ, ਰੁਚੀ; ਭਾਵ, ਮਤਲਬ, ਮੁਰਾਦ; ਵਹਿ ਤੁਰਨਾ; ਬਿਨਾਂ ਮਨੋਰਥ ਲਿਖੀ ਜਾਣਾ ।

drop, *n.* : ਕਣੀ, ਬੂੰਦ, ਛਿਟ, ਟਿਮਕਣਾ, ਫੂੰਹ, ਟੇਪਾ, ਤੁਪਕਾ; ਲਹਾਉ; ਘਾਟਾ ।

d.-scene or drop : ਪਰਦਾ, ਵੱਡਾ ਪਰਦਾ, ਨਾਟਕ ਜਾਂ ਝਾਕੀ ਦਾ ਅੰਤ ।

dumb show : ਗੂੰਗਾ ਤਮਾਸ਼ਾ, ਚੁਪ-ਇਸ਼ਾਰੇ ।

dummy, *n.* : ਖ਼ਾਲੀ ਜਿਲਦ (ਨਮੂਨੇ ਵਜੋਂ) ।

duodecimo, *n.* : ਦੁਆਦਸ, ਬਾਰਾਂ ਦੀ ਪ੍ਰਤੀਕ (ਤਾਅ ਦੇ ਬਾਰ੍ਹਵੇਂ ਹਿਸੇ ਦੀ ਤਖ਼ਤੀ; ਇਸ ਕਦ ਦੀ ਕਿਤਾਬ ।

duologue, *n.* : ਦੋ-ਪਾਤਰੀ ਨਾਟਕ (ਜਿਸ ਵਿਚ ਦੋ ਹੀ ਪਾਤਰ ਹੋਣ) ।

duplicate, *a., n. & v. t.* : ਦੂਹਰਾ; ਦੂਣਾ; ਦੂਜੀ ਪਰਤ, ਨਕਲ, ਉਤਾਰਾ; ਦੂਣਾ ਕਰਨਾ; ਨਕਲ ਜਾਂ ਉਤਾਰਾ ਕਰਨਾ ।

duplication, *n.* : ਦੂਹਰ ।

dust cover, *n.* : ਘਟਾ-ਟੋਪ, ਅੰਗੀ ।

# E

ear, *n.* : ਕੰਨ; ਰੁਚੀ, ਸੂਝ (ਰਾਗ ਆਦਿ ਦੀ) ।

edit, *v. t.* : ਸੰਪਾਦਨਾ, ਸੰਪਾਦਨ ਕਰਨਾ ।

edition, *n.* : ਐਡੀਸ਼ਨ, ਛਾਪ ।

editor, *n.* : ਸੰਪਾਦਕ, ਐਡੀਟਰ ।

editorial, *a. & n.* : ਸੰਪਾਦਕੀ; ਸੰਪਾਦਕੀ ਲੇਖ ।

educate, *v. t.* : ਪੜ੍ਹਾਉਣਾ; ਵਿਦਿਆ ਦੇਣੀ ।

educated, *a*, : ਪੜ੍ਹਿਆ-ਲਿਖਿਆ, ਵਿਦਵਾਨ ।

education, *n.* : ਪੜ੍ਹਾਈ, ਵਿਦਿਆ ।

basic, e. : ਬੁਨਿਆਦੀ ਵਿਦਿਆ ।

elementary, e. : ਮੁਢਲੀ ਵਿਦਿਆ ।

higher e. : ਉਚੇਰੀ ਵਿਦਿਆ ।

religious e. : ਧਾਰਮਕ (ਜਾਂ ਧਰਮ) ਵਿਦਿਆ ।

secondary e. : ਅਗਲੇਰੀ ਵਿਦਿਆ ।

technical e. : ਸ਼ਿਲਪ ਵਿਦਿਆ ।

e. department : ਵਿਦਿਅਕ ਮਹਿਕਮਾ ।

educational, *a.* : ਵਿਦਿਅਕ ।

elaborate, *a. & v. t.* : ਲੰਮਾ-ਚੌੜਾ, ਵਿਸਥਾਰਿਤ, ਵਿਸਥਾਰਨਾ, ਖੋਲ੍ਹਕੇ ਬਿਆਨਣਾ ।

elegy, *a.* : ਬਿਰਹੜਾ, ਮਰਸੀਹਾ, ਸੋਗਕੀ ।

elgiac, *a.* : ਸੋਗੀ, ਵਿਰਾਗਮਈ, ਮਾਤਮੀ ।

elide, *v. t.* : ਲੋਪਣਾ, ਲੋਪ ਕਰਨਾਂ (ਉਚਾਰਣ ਵਿਚ ਕੋਈ ਅੱਖਰ ਜਾਂ ਮਾਤਰਾ ਛੱਡ ਜਾਣੀ) ।

elisian, *n.* : ਲੋਪ ।

eliminate, *v. t,* : ਕੱਢ ਦੇਣਾ ।

elimination, *n.* : ਕਢੌਤੀ ।

ellipsis, (pl–pses), *n.* : (ਲਿਖਤੀ) ਛੋਟ ।

elliptical, *a.* : ਛੋਟਵਾਂ, ਸੰਖੇਪ ।

elocution, *n.* . ਭਾਸ਼ਣਕਾਰੀ ।

elocutionist, *n.* : ਭਾਸ਼ਣਕਾਰ, ਸੁਵਕਤਾ ।

eloquence, *n.* : ਸੁਭਾਸ਼ਣ ।

eloquent, *a.* : ਸੁਭਾਸ਼ੀਆ, ਸੁਵਕਤਾ ।

elucidate, *v. t.* : ਸਪੱਸ਼ਟ ਕਰਨਾ, ਚਾਨਣਾ ਸੁਟਣਾ ।

elucidation, *n.* : ਸਪੱਸ਼ਟਕਾਰੀ ।

emblem, *n.* : ਨਿਸ਼ਾਨ, ਚਿੰਨ੍ਹ ।

emblematic, *a.* : ਨਿਸ਼ਾਨ-ਵਜੋਂ, ਚਿੰਨ੍ਹ-ਮਾਤਰ ।

emotion, *n.* : ਜਜ਼ਬਾ, ਵਲਵਲਾ, ਲਿਲ੍ਹਕ, ਗੱਚ, ਤਰੰਗ, ਉਛਾਲਾ, ਵੇਗ ।

emotional, *a.* : ਜਜ਼ਬਾਤੀ, ਭਾਵੁਕ, ਫਿਸਫਿਸਾ, ਉਛੇਲੀ ।

emotionalism, *n.* : ਭਾਵੁਕਤਾ, ਫਿਸਫਿਸਾਟ ।

emotionless, *a.* : ਅਭਿੱਜ, ਅਣਭਿੱਜ, ਬੇ-ਲਿਲ੍ਹਕਾ, ਕੋਰਾ ।

emotive, *a.* : ਉਤੇਜਨੀ, ਭਾਵ-ਉਕਸਾਊ ।

emphasis, *n.* : ਜ਼ੋਰ ।

emphasize, *v. t.* : ਜ਼ੋਰ ਦੇਣਾ ।

emphatic, *a.* : ਜ਼ੋਰਦਾਰ ।

emphatically, adv. : ਜ਼ੋਰ ਨਾਲ, ਜ਼ੋਰ ਦੇ ਕੇ ।

encore, Intj, *n. & v. t.* : ਮੁੜ ਕੇ । ਦੁਹਰਾਉਣ ਦੀ ਫ਼ਰਮਾਇਸ਼ (ਕਰਨੀ) ।

encyclopedia, *n.* : ਮਹਾਨ-ਕੋਸ਼, ਵਿਸ਼ਵ-ਕੋਸ਼ ।

encyclopedic, *a.* : ਵਿਸ਼ਵਕੋਸ਼ੀ, ਸਰਬੰਗੀ, ਹਰਪਾਸੀ (ਗਿਆਨ) ।

encyclopedism, *n.* : ਵਿਸ਼ਵਕੋਸ਼ਕਾਰੀ ।

encyclopedist, *n.* : ਵਿਸ਼ਵਕੋਸ਼ਕਾਰ ।

enjambment. *n.* : ਲਮਕਾਅ (ਬੈਂਤ ਦਾ) (=run-on, q. v.) ।

enlarge, *v. t.* : ਵਿਸਥਾਰਨਾ, ਵਧਾਉਣਾ ।

enlargement, n. : (ਵਿਆਕਰਣ) ਵਿਸਥਾਰ ।

ensemble, *n.* : ਸਮੁੱਚਾ ਪ੍ਰਭਾਵ ।

enter, *v. i.* : (ਨਾਟਕ) ਦਾਖ਼ਲ ਹੋਣਾ, ਆਉਣਾ (ਪਾਤਰ ਦਾ) ।

*entre acte* [F], *n.* : ਨਾਟ-ਵਿਚਾਲਾ; ਵਿਚਲ-ਨਾਟ ।

entrance, *n.* : ਪਰਵੇਸ਼ (ਨਾਟਕ ਵਿਚ) ।

enunciate, *v. t.* : ਉਚਾਰਨਾ, ਵਾਚਣਾ ।

enunciation, *n.* : ਉਚਾਰਣ ।

envelop, *v. t.* : ਘੇਰਨਾ, ਵੇੜ੍ਹਨਾ ।

enveloping action : (ਨਾਟਕ) ਪਰਸੰਗਕ ਦੁਆਲਾ ।

epic, *n.* : ਮਹਾਂ-ਕਾਵ ।

e. age : ਬੀਰ ਕਾਲ ।

epical, *a.* : ਮਹਾਂ-ਕਾਵਿਆਈ; ਬੀਰ-ਕਾਲੀ ।

epigram, *n.* : ਚੁਟਕਲਾ ।

epigrammatic, *a.* : ਚੁਟਕਲੇਈ, ਸੰਖੇਪ ।

epilogue, *n.* : ਪਿਛਲੇਖ ।

episode, *n.* : ਉਪਾਖਿਆਨ, ਨਾਲ-ਲਗਦੀ ਕਹਾਣੀ ।

epithalamium. *n.* : ਬਿਪੜੇ, ਸਹਾਗੜਾ ।

epitome, *n.* : ਸਾਰ, ਖ਼ੁਲਾਸਾ ।

epoch, *n.* : ਯੁਗ, ਕਾਲ, ਦੌਰ ।

epode, *n.* : (ਵਾਰ ਦੀ) ਪੌੜੀ ।

epopee, *n.* : ਬੀਰ-ਰਸੀ ਕਵਿਤਾ, ਵਾਰ ।

era, *n.* : ਸੰਮਤ, ਸੰਨ; ਜੁਗ, ਦੌਰ; ਸੰਮਤਾਵਲੀ ।

erotic *a.* : ਇਸ਼ਕੀ, ਪ੍ਰੇਮ-ਪਿਆਰ ਵਾਲੀ, ਕਾਮ-ਪ੍ਰੇਰਕ, ਸ਼ਿੰਗਾਰਕ, ਸ਼ਿੰਗਾਰ-ਰਸੀ ।

eroticism, *n.* : ਇਸ਼ਕਬਾਜ਼ੀ, ਵਿਸ਼ੇ-ਪ੍ਰੇਰਨਾ, ਕਾਮ-ਰਸ, ਸ਼ਿੰਗਾਰ-ਰਸ ।

erratum, (pl. errata), *n.* : ਅਸ਼ੁੱਧੀ ਪੱਤਰ, ਗ਼ਲਤਨਾਮਾ ।

erudite, *a.* : ਗੂੜ੍ਹ-ਗਿਆਨੀ, ਆਲਮ-ਫ਼ਾਜ਼ਲ ।

erudition, *n.* : ਗੂੜ੍ਹ ਗਿਆਨ, ਪੰਡਤਾਈ, ਇਲਮੀਅਤ ।

escape, *n.* : ਖਿਸਕਣ ।

escapism, *n.* : ਖਿਸਕਣੀ ।

escapist, *n.* : ਖਿਸਕ-ਰਸੀਆ ।

esoteric, *a.* : ਰਹੱਸਵਾਦੀ ।

esperanto, *n.* : ਐਸਪ੍ਰਾਂਟੋ, ਇਕ ਬਣਾਉਟੀ ਜਗਤ-ਭਾਸ਼ਾ ।

essay, *n.* : ਲੇਖ, ਪ੍ਰਸਤਾਵ, ਨਿਬੰਧ ।

essayist, *n.* : ਲੇਖਕਾਰ, ਪ੍ਰਸਤਾਵੀਆ, ਨਿਬੰਧਕਾਰ ।

etcetera, (also written as 'etc.'), *phr. & n.* : ਆਦਿ, ਆਦਿਕ, ਇਤਿਆਦਿ ।

etymology, *n.* : (ਵਿਆਕਰਣ) ਸ਼ਬਦ-ਬੋਧ ।

etymon, *n.* : ਸ਼ਬਦ-ਮੂਲ, ਧਾਤੂ ।

euphemism, *n.* : ਮੰਗਲ-ਭਾਸ਼ (ਕਰੜੇ ਭਾਵ ਨੂੰ ਸੋਹਣੇ ਲਫ਼ਜ਼ਾਂ ਵਿਚ ਜ਼ਾਹਰ ਕਰਨਾ) ।

euphemistic, *a.* : ਮੰਗਲ-ਭਾਸ਼ੀ ।

euphony, *n.* : ਸੁਰੀਲਤਾ ।

euphuism, *n.* : ਸੁਭਾਸ਼, ਸਵਾਰਤ, ਟੀਪ-ਟਾਪ ।

Sikh e. : ਸਿੰਘ ਬੋਲਾ (ਬਦਾਮ=ਛੋਲੇ; ਫ਼ਿਰਨੀ=ਰੱਕੀ,···) ।

euphuist, *n.* : ਸੁਭਾਸ਼ੀਆ, ਸਵਾਰਤੀਆ, ਟੀਪ-ਟਾਪੀਆ ।

euphuistic, *a.* : ਸੁਭਾਸ਼ਣੀ, ਸਵਾਰਤੀ, ਟੀਪੀ ।

enphuistically, *adv.* : ਸੁਭਾਸ਼ ਵਜੋਂ, ਟੀਪ-ਟਾਪ ਕਰਕੇ ।

exaggerate, *v. t.* : ਅਤਿ-ਕਥਨੀ ਕਰਨੀ, ਵਧਾ ਕੇ ਕਹਿਣਾ, ਟਪਾਰ ਮਾਰਨੀ ।

exaggeration, *n.* : ਅਤਿ-ਕਥਨੀ, ਟਪਾਰ, ਟਰਪੱਲ ।

example, *n.* : ਉਦਾਹਰਣ, ਦ੍ਰਿਸ਼ਟਾਂਤ, ਮਿਸਾਲ, ਨਜ਼ੀਰ, ਵੰਨਗੀ, ਨਮੂਨਾ ।

excerpt, *n.* : (ਕਿਤਾਬ ਵਿਚੋਂ) ਟੂਕ ।

exclamation, *n.* : ਵਿਸਮਿਕ ਸ਼ਬਦ ।

note of e. : ਵਿਸਮਿਕ ਚਿੰਨ੍ਹ ( ! ) ।

*exeunt* [ L ], *v. i.* : (exit ਦਾ ਬਹੁ-ਵਚਨ) ਪ੍ਰਸਥਾਨ, ਐਕਟਰਾਂ ਦਾ ਸਟੇਜ ਛੱਡਣਾ ।

*exit* [ L ], *v. i.* : (ਨਾਟਕ) ਕਿਸੇ ਐਕਟਰ ਦਾ ਸਟੇਜ ਛੱਡ ਜਾਣਾ, ਪ੍ਰਸਥਾਨ ।

explain, *v. t.* : ਸਮਝਾਉਣਾ, ਵਖਾਨਣਾ, ਵਿਆਖਿਆ ਕਰਨੀ ।

explanation, n. : ਵਿਆਖਿਆ ।

explanatory, *a.* : ਵਿਆਖਰੀ ।

expletive, *n.* : ਪੂਰਕ ।

*explicit* [ L ], *v. i.* : ਸਮਾਪਤ (ਕਿਤਾਬ ਦੇ ਅੰਤ ਵਿਚ ਲਿਖਿਆ ਮੁਕਾਵਾਂ ਸ਼ਬਦ) ।

explicit, *a.* : ਸਪੱਸ਼ਟ, ਸਾਫ਼, ਖਰੀ ।

exposition, *n.* : (ਨਾਟਕ) ਵਿਆਖਿਆ (ਘਟਨਾਵਾਂ ਦੀ) ।

expunge, *v. t.* : ਕੱਢ ਦੇਣਾ (ਲਿਖਤ ਵਿਚੋਂ) ।

expurgate, *v. t.* : ਨਿਰਗੰਦ ਕਰਨਾ, ਸਾਫ਼ ਕਰਨਾ (ਕਿਤਾਬ ਵਿਚੋਂ ਇਤਰਾਜ਼ ਵਾਲੀਆਂ ਗੱਲਾਂ ਕੱਢ ਕੇ) ।

extempore, *a. & adv.* : ਤਦ-ਵਕਤੀ; ਬਿਨ-ਤਿਆਰੀਓਂ ।

extension, *n.* : ਵਿਸਥਾਰ, ਵਧਾਅ ।

extract=excerpt (q. v.) ।

F

fable, *n.* : ਫ਼ਰਜ਼ੀ ਕਿੱਸਾ, ਫ਼ਸਾਨਾ; (ਨਾਟਕ ਦੀ) ਕਹਾਣੀ, ਪਲਾਟ ।

facsimile, *n.* : (ਲਿਖਤ ਦਾ) ਤਸਵੀਰੀ ਉਤਾਰਾ ।

fact, *n.* : ਘਟਨਾ, ਵਾਕਿਆ; ਅਸਲੀ ਗੱਲ, ਵਿਚਲੀ ਗੱਲ, ਮੂਲ-ਮੁੱਦਾ ।

factitious, *a.* : ਬਣਾਉਟੀ, ਘੜੀ ਹੋਈ, ਨਕਲੀ, ਕਲਪਿਤ ।

factitiousness, *n.* : ਬਣਾਉਟ, ਘਾੜਤ ।

faculty, *n.* : ਸ਼ਕਤੀ, ਯੋਗਤਾ ।

f. of imagination : ਕਲਪਨਾ ਸ਼ਕਤੀ ।

f. of observation : ਅਵਿਲੋਕਨ ਸ਼ਕਤੀ ।

f. of reasoning : ਤਰਕ ਸ਼ਕਤੀ ।

fair, *a.* : ਸਾਫ਼ ।

write out f. : ਸਾਫ਼ ਕਰਕੇ ਲਿਖੋ ।

fake, *n.* : ਨਕਲੀ, ਝੂਠੀ, ਬਣਾਉਟੀ ਚੀਜ਼, ਆਲਾ-ਟੋਲਾ ।

fallacy, *n.* : ਭੁਲਾਵਾ ।

pathetic f. : ਭਾਵੁਕ ਭੁਲਾਵਾ ।

fallacious, *a.* : ਭੁਲਾਵਾਂ ।

fallacious reasoning : ਕੁਤਰਕ, ਵਿਤੰਡਾਵਾਦ ।

false, *a.* : ਅਸ਼ੁੱਧ, ਗ਼ਲਤ; ਮਿਥਿਆ, ਝੂਠੀ ।

f. analogy : ਮਿਥਿਆ ਉਪਮਾਨ, ਝੂਠਾ ਦ੍ਰਿਸ਼ਟਾਂਤ, ਪ੍ਰੌਢੋਕਤੀ ।

f. quantity : (ਛੰਦ ਦੀ) ਕੁਮਾਤਰਾ ।

family, *n*, : ਕੁਲ (ਬੋਲੀਆਂ ਜਾਂ ਸ਼ਬਦਾਂ ਦੀ), ਪਰਵਾਰ, ਕਬੀਲਾ ।

of the same f. : ਸਹਿਕੁਲ (ਬੋਲੀਆਂ), ਸਮਧਾਤੂ (ਸ਼ਬਦ) ।

f. of speech : ਭਾਸ਼ਾ-ਕੁਲ ।

fan, *n.* : ਸ਼ੁਕੀਨ, ਰਸੀਆ (ਖੇਲ ਤਮਾਸ਼ੇ ਦਾ) ।

fancy, *n.* : ਲਲ੍ਹ, ਤਰੰਗ, ਮਨ-ਤਰੰਗ, ਮਨ-ਮੌਜ, (ਮਨ ਦੀ) ਲਹਿਰ, ਕਲਪਨਾ, ਖ਼ਿਆਲ ।

fanfare, *n.* : ਫੁਲਝੜੀ, ਸਵਾਰਤਾਂ ਦਾ ਵਾਧੂ ਖਿਲਾਰ ।

fantasia, *n.* : ਖ਼ਿਆਲ, ਖ਼ਿਆਲੀ ਗੀਤ (ਜਿਸ ਵਿਚ ਸਰੋਦੀ ਗੁਣ ਦੀ ਥਾਂ (ਜਾਂ ਨਾਲ) ਖ਼ਿਆਲ ਪਰਧਾਨ ਹੋਵੇ; ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ 'ਖ਼ਿਆਲ' ਹਾਲ ਮੁਰੀਦਾਂ ਦਾ ਕਹਿਣਾ) ।

fantasy, phantasy, *n.* : ਨਿਰੂਪਣ ਸ਼ਕਤੀ, ਖ਼ਿਆਲੀ ਤਸਵੀਰ, ਅਣੋਖਾ ਖ਼ਿਆਲ; ਖ਼ਿਆਲੀ ਨਾਟ ।

far-fetched, *a.* : ਦੂਰੋਂ-ਲਿਆਂਦੀ (ਉਪਮਾ), ਦੂਰ-ਅਰਥੀ, ਧੂਹ-ਘਸੀਟਵਾਂ ।

farce, *n.* : ਨਕਲ, ਸਾਂਗ, ਹਸੌਣਾ ਖੇਲ ।

fastidious, *a.* : ਕੋਮਲ-ਰਸੀਆ, ਨਘੋਚੀ ।

fate, *n.* : ਹੋਣੀ, ਭਾਵੀ, ਆਈ; ਗਤੀ, ਪਰਾਲਬਧ, ਕਿਸਮਤ, ਤਕਦੀਰ, ਨਸੀਬਾ, ਸੰਜੋਗ, ਭਾਗ, ਲੇਖ, ਕਰਮ ।

the line of f. : ਕਰਮ-ਰੇਖਾ ।

feature, *n.* : ਰੂਪ-ਰੇਖਾ; (ਰੇਡੀਓ) ਰੂਪਕ, ਲੜੀਵਾਰ ਨਾਟਕ ।

f. film,-picture : ਰੂਪਕ ਫ਼ਿਲਮ ।

feminine, *a.* : ਜ਼ਨਾਨਾ, (ਵਿਆਕਰਣ) ਇਸਤਰੀ-ਲਿੰਗ ।

f. caesura : ਨਿਰਬਲ ਵਿਸ਼੍ਰਾਮ (ਉਹ ਵਿਸ਼੍ਰਾਮ ਜੋ ਦਬਾਊ ਮਾਤਰਾ ਦੇ ਕੋਲ-ਕਾਲ ਨਾ ਆਵੇ) ।

f. ending : ਅਣ-ਦਬਾਉ (ਮਾਤਰਾ ਵਾਲਾ) ਤੁਕਾਂਤ ।

f. rhyme : ਅਣ-ਦਬਾਉ ਕਾਫੀਆ ।

feminize, *v. t.* : ਲਫਜ਼ ਨੂੰ ਮਦੀਨਣਾ (ਇਸਤਰੀ-ਲਿੰਗ ਬਣਾਣਾ), ਇਸਤਰੀ-ਲਿੰਗ ਦਾ ਰੂਪ ਦੇਣਾ ।

fiction, *n.* : ਗਲਪ, ਉਪਨਿਆਸ, ਫ਼ਸਾਨਾ, ਕਿੱਸੇ-ਕਹਾਣੀਆਂ ।

fictionist, *n.* : ਗਲਪਕਾਰ ।

figure, *n.* : (ਵਿਆਕਰਣ) ਅਲੰਕਾਰ; (ਸੰਗੀਤ) ਗੱਤ, ਤੋੜਾ ।

figurative, *a.* : ਅਲੰਕਾਰਕ ।

f. of speech : ਵਾਕ ਅਲੰਕਾਰ ।

finale, *n.* : (ਨਾਟਕ) ਅੰਤਲੀ ਝਾਕੀ, ਅੰਤ; (ਸੰਗੀਤ) ਅੰਤਲੀ ਗੱਤ ਜਾਂ ਧੁਨ ।

fine arts : ਕੋਮਲ ਹੁਨਰ ।

finger-alphabet ; ਉਂਗਲ-ਲਿਪੀ, ਉਂਗਲ-ਬੋਲੀ ।

finis, *n.* : ਇਤੀ, ਸਮਾਪਤੀ ।

finite, *a.* : ਨਿਸਚਿਤ (ਕਿਰਿਆ) ।

first night, first show : ਮਹੂਰਤ, ਚੱਠ (ਫ਼ਿਲਮ ਜਾਂ ਨਾਟਕ ਦੀ) ।

first-person, : (ਵਿਆਕਰਣ)ਪਹਿਲਾ ਪੁਰਖ,ਉੱਤਮ ਪੁਰਖ (ਪੜਨਾਂਵ ਦਾ) ।

flash-back : (ਨਾਟਕ) ਪਰਤਾਵੀਂ ਝਲਕ (ਜਿਵੇਂ ਗਾਰਗੀ ਦੇ ਨਾਟਕ 'ਦੋ ਡ਼ਾਵੀਏ' ਵਿਚ ਆਉਂਦੀ ਹੈ)।

fleshings, *n.* : (ਨਾਟਕ ਵਿਚ) ਜਿਸਮਾਨੀ ਰੰਗ ਦੇ ਘੁਟਵੇਂ ਕਪੜੇ, ਜੋ ਐਕਟਰ ਪਾਉਂਦੇ ਹਨ, ਇਹ ਦੱਸਣ ਲਈ ਕਿ ਓਹਨਾਂ ਦੇ ਅੰਗ ਅਣਕੱਜੇ ਹਨ ।

florid, *a.* : (ਸ਼ੈਲੀ) ਰੰਗੀਨ, ਰੰਗਲੀ, ਲੱਛੇਦਾਰ ।

flourish, *n.* : (ਲਿਖਣ ਦੀ) ਸਵਾਰਤ, ਸਜਾਵਟ, ਲਹਿਕਾ; (ਰਾਗ) ਅਲਾਪ, ਅਲੰਕਾਰ ।

flow, *n.* : ਵਹਾਉ, ਰਵਾਨੀ (ਲਿਖਤ ਦੀ) ।

high-flown, *a.* : ਉੱਚ-ਉਭਾਰੂ, ਸ਼ੂੰ-ਸ਼ਾਂ ਵਾਲੀ (ਸ਼ੈਲੀ) ।

fluff, *n. & v. t.* : (ਨਾਟਕ) ਬਹੁਓਂ-ਲੰਬਾ ਪਾਰਟ, ਪਾਤਰ-ਭੋਲ, (ਐਕਟਰ ਦੇ ਪਾਰਟ ਦਾ ਉਹ ਹਿੱਸਾ ਜੋ ਉਸਨੂੰ ਯਾਦ ਨਾ ਹੋਵੇ); ਪਾਤਰ ਦਾ ਭੁਲਣਾ, ਬੇਬਹੁਆ ਹੋਣਾ, ਘੁੱਸ ਜਾਣਾ ।

fly, *v. i. & t.* : ਉਡਣਾ; ਉਡਾਉਣਾ ।

fly-leaf : (ਕਿਤਾਬ ਦੇ ਅੰਤ ਤੇ ਪਹਿਲਾਂ ਦਾ) ਖ਼ਾਲੀ ਪਤਰਾ ।

flies, *n.* : (ਪਰਦੇ ਅਤੇ ਸਟੇਜ ਦੇ) ਵਿਚਲੀ ਵਿੱਥ ।

fly sheet : ਦੁਵਰਕੀ ।

folio (pl.-os), *n.* : (ਕਾਗਜ਼ ਦੀ) ਵੱਡੀ ਤਖ਼ਤੀ (ਤਾਅ ਨੂੰ ਇੱਕੋ ਵਾਰ ਤਹਿ ਕੀਤੀ ਹੋਈ); ਵੱਡੀ ਤੋਂ ਵੱਡੀ ਤਖ਼ਤੀ ਦੀ ਜਿਲਦ ।

folk, *n.* : ਲੋਕ, ਆਮ-ਖ਼ਾਸ ।

f. etymology : ਲੌਕਿਕ ਸ਼ਬਦ-ਬੋਧ, ਔਂਗੀ ਵਿਉਤਪਤੀ (ਜੋ ਆਮ ਤੌਰ ਤੇ ਨਿਰਾ ਢਕੋਂਸਲਾ ਹੀ ਹੁੰਦੀ ਹੈ; ਜਿਵੇਂ bid ਤੇ ਬਿੱਦਣ ਨੂੰ ਸਮਧਾਤੂ ਕਰਕੇ ਲੈਣਾ, 'ਨਫ਼ਿਟ' ਨੂੰ unfit ਤੋਂ ਬਣਿਆ ਸਮਝਣਾ ਅਤੇ 'ਅਡੰਬਰ' ਨੂੰ adumbrate ਤੋਂ ਲਿਆ ਸਮਝਣਾ । ਇਕ ਟੀਕਾਕਾਰ 'ਭਗਤ-ਵਛਲ' ਅਤੇ 'ਭਗਤਾਂ ਦਾ ਵੱਛਾ' ਇੱਕੋ ਚੀਜ਼ ਸਮਝਦੇ ਹਨ । ਜਦ ਗਿਆਨੀ ਜੀ ਨੂੰ ਕਿਹਾ ਗਿਆ ਕਿ 'ਵਛਲ' ਵੱਛੇ ਤੋਂ ਨਹੀਂ, ਵਤਸਲ ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਪਿਆਰਾ' ਤਾਂ ਉਹ ਕਹਿਣ ਲਗੇ, "ਕੀ ਵੱਛਾ ਗਾਂ ਨੂੰ ਪਿਆਰਾ ਨਹੀਂ ਹੁੰਦਾ ?"

f. lore : ਲੋਕ-ਪਰੰਪਰਾ, ਲੋਕ-ਮਾਲਾ ।

f. song : ਲੋਕ-ਗੀਤ ।

following, *a* : ਹੇਠਾਂ-ਲਿਖੇ (ਜਾਂ ਦਿਤੇ) ।

font, *n.* : ਕਲਮ (ਟਾਈਪ ਦੀ) ।

wrong, f. : ਗ਼ਲਤ ਕਲਮ, ਕਿਸੇ ਹੋਰ ਟਾਈਪ ਦਾ (ਅੱਖਰ) ।

fool, *n.* ; (ਨਾਟਕ ਦਾ) ਮਨਸੁਖਾ, ਮਸ਼ਕਰਾ, ਮਸਖਰਾ, ਵਿਦੂਸ਼ਕ ।

foot, *n.* : ਪੈਰ, ਚਰਣ ।

f. lights : (ਥੀਏਟਰ) ਪੱਬ-ਬੱਤੀਆਂ ।

f.note : ਫ਼ੁਟ-ਨੋਟ, ਪੈਰੀਂ ਸੂਚਨਾ ।

force, *n. & v. t.* : ਜ਼ੋਰ; ਅਰਥ, ਅਸਲ ਭਾਵ; ਧੂਹ-ਘਸੀਟ ਕਰਨੀ, ਜ਼ੋਰੀ ਦੇ ਅਰਥ ਕੱਢਣਾ ।

f. an analogy or simile : ਦ੍ਰਿਸ਼ਟਾਂਤ (ਜਾਂ ਉਪਮਾ) ਦੇਣ ਵਿਚ ਧੂਹ-ਘਸੀਟ ਕਰਨੀ ।

forceful, forcible, *a.* : ਜ਼ੋਰਦਾਰ, ਪ੍ਰਭਾਵਿਕ, ਅਸਰ ਵਾਲੀ ।

forcible feeble, *n.* : ਧੜੱਲੇਦਾਰ ਕਮਜ਼ੋਰੀ (ਦਿਖਾਵੇ ਦਾ ਜ਼ੋਰ, ਭਾਵੁਕਤਾ ਦੇ ਪਰਦੇ ਥੱਲੇ ਕਮਜ਼ੋਰੀ) ।

foregoing : ਉਪਰੋਕਤ, ਪੂਰਬ-ਵਰਤੀ ।

foreground, *n.* : ਅਗਵਾੜਾ, ਅਗੋਕੜ ।

foreword, *n.* : ਮੁਖਬੰਧ ।

form, *n.*, *v. t. & i.* : ਰੂਪ ਜਾਂ ਬਣਤਰ (ਸ਼ਬਦਾਂ ਦੀ ਜਾਂ ਰਚਨਾ ਦੀ); ਪ੍ਰਤੀਕ, ਫ਼ਰਮਾ (ਛਾਪੇ ਤੇ ਚਾੜ੍ਹਿਆ); ਰੂਪ ਦੇਣਾ ਜਾਂ ਧਾਰਨਾ, ਬਣਾਉਣਾ ਜਾਂ ਬਣਨਾ, ਢਾਲਣਾ ਜਾਂ ਢਲਣਾ; ਉਸਾਰੀ ਕਰਨੀ (ਸ਼ਬਦਾਂ ਦੀ) ।

formation, *n.* : ਬਣਤਰ, ਉਸਾਰੀ, ਰਚਨਾ ।

formative, *a.* : ਰਚਨਾਇਕ ।

*format* [ F ], *n.* : (ਕਿਤਾਬ ਦੀ) ਪੈਂਠ (ਅਕਾਰ, ਦਿੱਖ ਆਦਿ) ।

forme, *n.* : ਫ਼ਰਮਾ, ਪ੍ਰਤੀਕ ।

free-verse—vers libre (q. v). ।

# G

galley, *n.* : ਟਾਈਪ ਦਾ ਢਾਂਚਾ, ਤਖ਼ਤੀ, ਗੇਲੀ ।

g. proof : ਗੇਲੀ-ਪਰੂਫ਼, ਖੁਲ੍ਹੇ ਪਰੂਫ਼ ।

gender, *n.* : (ਵਿਆਕਰਣ) ਲਿੰਗ ।

genius, *n.* : ਅਨੁਭਵੀ ਕਲਾ, ਕੁਦਰਤੀ ਯੋਗਤਾ, ਬੁਧੀ ਦਾ ਚਮਤਕਾਰ, ਪ੍ਰਤਿਭਾ; ਕਲਾਧਾਰੀ, ਅਨੁਭਵੀ ਕਲਾਕਾਰ, ਸ੍ਰੇਸ਼ਟ ਬੁਧੀ ਵਾਲਾ ।

gerund, *n.* : ਕਿਰਿਆ-ਫਲ, ਕਿਰਿਆਵੀ ਨਾਂਵ ।

get up, *n.* : ਦਿੱਖ, ਪੈਂਠ, ਬਣਤ, ਢੁਕਤ ।

glossary, *n.* : ਸ਼ਬਦਾਵਲੀ, ਅਰਥਾਵਲੀ, ਟਿੱਪਣ, ਸ਼ਬਦਾਰਥ, ਸ਼ਬਦ-ਕੋਸ਼ ।

grammar, *n.* : ਵਿਆਕਰਣ ।

grammarian, *n.* : ਵਿਆਕਰਣੀ ।

grammatical, *a.* : ਵਿਆਕਰਣਿਕ ।

graph, *n.* : ਉਕਾਰ, ਚਿੱਤਰ; ਚਿੱਤਰ-ਲੇਖ ।

grotesque, *a. & n.* : ਕੁਢੰਗਾ, ਬਿਗੜ-ਰੂਪ; ਕੁਢੰਗ ।

group, *n.* : ਜੁੱਟ, ਸਮੂਹ ।

g. of speech : ਭਾਸ਼ਾ-ਸਮੂਹ ।

g.-mind : ਸਮੂਹਕ ਮਤ, ਭੇਡ-ਚਾਲ ।

Grundy, Mrs. : ਮਾਈ ਸੰਡੀ ।

Grundyism, *n.* : ਲੋਕਾਚਾਰ ।

guttural, *a. & n.* : ਗਲੇਟੀਆ, ਗਲੇ ਦਾ, ਕੰਠੀ,ਕਵਰਗ (ਕ,ਖ,ਗ,ਘ,ਙ) ।

gutturo-labial : ਕੰਠ-ਹੋਠਲ ।

gutturo palatal : ਕੰਠ-ਤਾਲੂਆ ।

# H

hand, *n.* : ਹੱਥ; ਲਿਖਤ, ਖ਼ਤ, ਲਿਖਾਵਟ, ਕਲਮ ।

by the same h. : ਇੱਕੋ ਕਲਮ ਦਾ ।

hand-book : ਗੁਟਕਾ, ਕਿਤਾਬੜੀ, ਗਾਈਡ ।

a hand-out : ਦਸਤੀ-ਏਲਾਨ, ਪ੍ਰੈਸ-ਨੋਟ ।

handwriting, *n.* : ਹਥ-ਲਿਖਤ, ਲਿਖਤ, ਹਸਤਾਖਰ ।

under the h. of : ਹਸਤਾਖਰੀਂ ।

haplography, *n.* : ਕਿਸੇ ਦੋਹਰੇ ਅੱਖਰ ਜਾਂ ਮਾਤਰਾ ਨੂੰ ਇਕਹਿਰਾ ਕਰਕੇ ਲਿਖਣਾ (ਜਿਵੇਂ : 'ਬੀਰ-ਰਸੀ' ਦੀ ਥਾਂ 'ਬੀਰਸੀ', 'ਨਾਟਕ-ਕਾਰ' ਨੂੰ 'ਨਾਟਕਾਰ' ਲਿਖਣਾ) ।

head, *n. & v. t.* : ਸਿਰ; ਦਿਮਾਗ਼, ਅਕਲ, ਸੂਝ, ਸੁਰਖੀ ਦੇਣੀ ।

heading, headline *n.* : ਸਿਰਨਾਵਾਂ, ਸਿਰਲੇਖ, ਸੁਰਖ਼ੀ ।

h. piece, *n.* : ਮੁਨਾਲ; ਕਾਂਡ ਜਾਂ ਭਾਗ ਦੇ ਸਿਰੇ ਉਤੇ ਬੇਲ-ਬੂਟੇ ।

h.-voice, *n.* : (ਸੰਗੀਤ) ਟੀਪ, ਉੱਚੀ ਸੁਰ ।

h.-work, *n.* : ਦਿਮਾਗ਼ੀ ਕੰਮ, ਸਿਰ-ਖਪਾਈ ।

hearsay, *n.* : ਸੁਣੌਅ, ਸੁਣੌਤ, ਸੁਰੌਤ ।

hemistitch, *n.* : ਅੱਧੀ-ਤੁਕ ।
hero, *n.* : ਨਾਇਕ, ਮੁਖੀ ਪਾਤਰ ।
heroic, *a.* : ਬੀਰ-ਰਸੀ ।
heroine, *n.* : ਨਾਇਕਾ ।
h. worship : ਬੀਰ-ਪੂਜਾ ।
heroic age : ਬੀਰ-ਕਾਲ ।
heroic verse : ਬੀਰ-ਰਸੀ ਛੰਦ ।
heroi-comic : ਹਾਸਮਈ-ਬੀਰ-ਰਸੀ ।
hexameter, *n.* : ਛਪਈ (ਛੇਮਾਤਰਿਕ ਛੰਦ), ਛਪੈ ।
hiatus, *n.* ਸਕਤਾ, ਗਤੀ-ਭੰਗ ।
hieroglyph, *n.* : ਚਿੱਤਰ-ਲਿਪੀ, ਚਿੱਤਰ-ਲੇਖ ।
high, *a.* : ਉੱਚਾ ।
high-brow : ਉੱਚ-ਦਿਮਾਗੀਆ ।
h.-light : ਸੁਰਖ਼ੀ ।
h.-sounding : ਅਡੰਬਰੀਲਾ ।
h.-watermark : ਕਮਾਲ ।
histrionics, *n.* : ਨਾਟਕਾਰੀ, ਥੀਏਟਰੀ ਹੁਨਰ ।
homonym, *n.* ਸਮਰੂਪਕ ਸ਼ਬਦ, ਵਟਨਾਵਾਂ ।
honorarium, *n.* : ਮਾਨ-ਦਾਨ ।
horoscope, *n.* : ਟੇਵਾ, ਜਨਮ-ਪਤਰੀ, ਜਨਮ-ਕੁੰਡਲੀ, ਕੁੰਡਲੀ ।
horse-play, *n.* : ਖਰਵਾ-ਹਾਸਾ, ਖਰਮਸਤੀ, ਮੜ੍ਹਾਸਾ ।
howler, *n.* : ਵੱਡੀ ਭੁੱਲ ।
humanism, *n.* : ਸਾਹਿੱਤ-ਵਿਦਿਆ, ਸਾਹਿਤਵਾਦ ।
humanist, *n.* : ਸਾਹਿੱਤਵਾਦੀ ।
humour, *n.* : ਹਾਸ-ਰਸ, ਹਾਸ, ਹਾਸੀ; ਮੌਜ, ਲਹਿਰ ।
humorist, *n.* : ਹਸੌਂਤਾ, ਮਖੌਲੀਆ ।
humorous, *v.* : ਹਸੌਣਾ, ਮਖੌਲੀ ।

humorously, *adv.* : ਹਾਸ ਨਾਲ, ਹਾਸੇ ਭਾਣੇ ।

hybrid, *a.* : ਰਲ-ਗੱਡ (ਸ਼ਬਦ ਜਾਂ ਬੋਲੀ) ।

hyperbole, *n.* : ਅਤਿਕਥਨੀ ।

hypercritical, *a.* : ਬੇਰਤੀ, ਘੁੰਤਰੀ, ਨਘੋਰੀ; ਘੋਰਵਾਂ ।

hypercriticism, *n.* : ਘੋਰ-ਵਿਦਿਆ, ਵਿਤੰਡਾਵਾਦ ।

hypermetric (al), *a.* : ਬਹੁਮਾਤਰਿਕ, ਪਰਮਾਤਰਿਕ ।

hyphen, *n.* : ਪੱਚਰ, ਸਮਾਸ-ਚਿੰਨ੍ਹ ( - ) ।

hypothesis, *n.* : ਮਿੱਥ ।

hypothetic (al), *a.* : ਮਿੱਥਤ, ਫਰਜ਼ੀ ।

hypothesize, *v. t.* : ਮਿੱਥ ਲੈਣਾ, ਮਿੱਥਣਾ ।

# I

iambus, *n.* : (ਪਿੰਗਲ) ਦੁਮਾਤਰਿਕ ਚਰਣ ਜਿਸ ਵਿਚ ਪਹਿਲਾਂ ਲਘੂ ਤੇ ਉਪਰੰਤ ਗੁਰੂ ਆਵੇ (IS) ।

iambic, *a.* : ਲਘੂ-ਗੁਰੂ ਵਾਲਾ ।

idea, *n.* : ਖ਼ਿਆਲ, ਭਾਵ ।

ideal, *n. & a.* : ਆਦਰਸ਼, ਇੰਦੀਆ; ਆਦਰਸ਼ਕ ।

idealism, *n.* : ਆਦਰਸ਼ਵਾਦ ।

idealist, *n.* : ਆਦਰਸ਼ਵਾਦੀ ।

idealistic, *a.* ਆਦਰਸ਼ਵਾਦਕ ।

identity, *n.* : ਏਕਤਾ, ਇਕਮਿਕਤਾ, ਅਭੇਦਤਾ ।

identical, *a.* : ਉਹੋ, ਸਗਾਵਾਂ, ਇੰਨ-ਬਿੰਨ, ਸਾਂਗੋ-ਪਾਂਗ, ਉਹੋ ਜਿਹਾ, ਉਹੋ ਕੁਝ ।

identify, *v. t.* : ਇੱਕ ਕਰਕੇ ਜਾਣਨਾ, ਇਕਮਿਕ ਹੋਣਾ; ਪਛਾਨਣਾ, ਸਿਵਾਨਣਾ, ਸਿਵਾਣ ਲੈਣਾ ।

ideogram, *n.* : ਭਾਵ-ਲਿਪੀ, ਭਾਵ-ਚਿੱਤਰ ।

ideol gy, *n.* : ਵਿਚਾਰ-ਭਾਵ।
idiom, *n.* : ਮੁਹਾਵਰਾ, ਲੋਕੋਕਤੀ।
idiomatic, *a.* : ਮੁਹਾਵਰੇਦਾਰ, ਠੇਠ, ਟਕਸਾਲੀ।
idyll, *n.* : ਕਾਵਿਆਈ ਦ੍ਰਿਸ਼; ਦ੍ਰਿਸ਼ਿਕ ਕਾਵ।
illative (particles) *a.* : ਕਾਰਜ-ਬੋਧਕ (ਮਾਤਰਾ ਜਾਂ ਉਪਸਰਗ), ਜਿਵੇਂ 'ਇਸ ਲਈ'।
illegible, *a.* : ਅਸਪੱਸ਼ਟ, ਚਿੰਘ-ਮਿੰਘ, ਘਿਚ-ਮਿਚ।
illiterate, *a.* : ਅਨਪੜ੍ਹ, ਨਿਰੱਖਰ।
illiteracy, *n.* : ਅਨਪੜ੍ਹਤਾ, ਨਿਰੱਖਰਤਾ।
illusion, *n.* : ਭਵਾਲੀ।
illustrate, *v. t.* : ਸਫੋਟਣਾ, ਸਚਿੱਤਰਨਾ।
illustrated, *a.* : ਸਚਿੱਤਰ, ਸਫੋਟਕ।
illustration, *n.* : ਦ੍ਰਿਸ਼ਟਾਂਤ, ਚਿਤਰ, ਤਸਵੀਰ।
illustrative (story), *a.* : ਪ੍ਰਥਾਇ (ਸਾਖੀ)।
i. poem : ਚਿਤਰ-ਕਾਵ।
image, *n.* & *v. t.* : ਖ਼ਿਆਲੀ ਮੂਰਤ; ਮੂਰਤੀਮਾਨ ਕਰਨਾ, ਖ਼ਿਆਲ ਬੰਨ੍ਹਣਾ।
imagery, *n.* : ਅਲੰਕਾਰ।
imagine, *v. t.* : ਕਲਪਣਾ, ਖ਼ਿਆਲ ਵਿਚ ਲਿਆਉਣਾ, ਨਿਰੂਪਣਾ, ਤਸੱਵਰ ਕਰਨਾ।
imaginary, *a.* : ਕਲਪਿਤ, ਮਨੋਕਲਪਿਤ, ਖ਼ਿਆਲੀ, ਕਿਆਸੀ, ਅਨੁਭਵੀ, ਤਸੱਵਰੀ।
imagination, *n.* : ਕਲਪਨਾ, ਤਸੱਵਰ, ਨਿਰੂਪਣ ਸ਼ਕਤੀ, ਖ਼ਿਆਲ, ਅਨੁਭਵ।
imaginative, *a.* : ਕਲਪਨਿਕ, ਉੱਚ-ਖ਼ਿਆਲੀ।
imitate, *v. t.* : ਨਕਲ ਉਤਾਰਨੀ, ਸਾਂਗ ਲਾਉਣੀ, ਰੀਸ ਕਰਨੀ।
imitation, *n.* : ਨਕਲ, ਸਾਂਗ, ਵੇਖਾ-ਵੇਖੀ, ਰੀਸ,
imitative, *a.* : ਨਕਲੀ; ਸਾਂਗਮਈ।

imitative arts : ਸਾਂਗੀ ਹੁਨਰ (ਚਿਤਰਕਾਰੀ, ਬੁਤਕਾਰੀ) ।

imitatively *adv.* : ਵੇਖਾ-ਵੇਖੀ, ਰੀਸੇ, ਰੀਸ-ਪਰੀਸੀ ।

imperative, *a.* : (ਵਿਆਕਰਣ) ਆਗਿਆਰਥ (ਲਕਾਰ), ਆਗਿਆ-ਸੂਚਕ, ਹੁਕਮੀ ।

imperfect, a, : (ਵਿਆਕਰਣ) ਅਪੂਰਣ (ਕਾਲ) ।

impersonal (verb), *a.* : ਅਣ-ਪੁਰਖੀ (ਕਿਰਿਆ) ਅਣਸ਼ਖ਼ਸੀ,ਅਵਿਅੱਕਤ ।

impersonate, *v. t.* : (ਕਿਸੇ ਦਾ) ਰੂਪ ਧਾਰਨਾ, (ਕੋਈ ਹੋਰ) ਬਣ ਦੱਸਣਾ ।

implicit, *a.* : ਲੁਪਤ ।

implicitly, adv. : ਲੁਪਤ ਤੌਰ ਤੇ, ਇਸ਼ਾਰੇ ਵਜੋਂ ।

imply, *v. t.* : ਭਾਵ ਹੋਣਾ, ਅਰਥ ਦੇਣੇ ।

implication, *n.* : ਭਾਵ, ਅਰਥ, ਮੁਰਾਦ, ਇਸ਼ਾਰਾ ।

implied, *a.* : ਅਰਥਾਵੀ, ਇਸ਼ਾਰਵੀ, ਲੁਪਤ ।

impliedly, adv. : ਅਰਥਾਵਿਓਂ, ਇਸ਼ਾਰੇ ਮਾਤਰ, ਲੁਪਤ ਤੌਰ ਤੇ ।

impression, *n.* : ਪ੍ਰਭਾਵ; ਛਾਪ, ਦਾਬ, ਐਡੀਸ਼ਨ ।

impressionism, *n.* : ਪ੍ਰਭਾਵਿਕਤਾ, ਪ੍ਰਭਾਵ-ਵਾਦ ।

impressionist, *n.* : ਪ੍ਰਭਾਵ-ਵਾਦੀ, ਭਾਵ-ਚਿਤਰਕਾਰ ।

impressive, *a.* : ਪ੍ਰਭਾਵਸ਼ਾਲੀ ।

imprimatur, *n,* : ਛਾਪ-ਅਧਿਕਾਰ ।

imprint, *n., v. t.* : ਛਾਪਾ, ਛਾਪ; ਛਾਪਣਾ ।

impromptu, *a.* : ਉਕਤਾ-ਮੁਕਤਾ, ਮੂੰਹ-ਜ਼ਬਾਨੀ, ਮੁਖਾਗਰ, ਮੂੰਹ-ਬਚਨੀ, ਬੇ-ਤਿਆਰੀਓਂ ।

impulse, *n.* : ਤਰੰਗ, ਲਹਿਰ, ਮਨੋਵੇਗ, ਔਲ ।

inarticulate, *a.* : ਅਬੋਲ, ਨਿਰਾਰਥਕ ।

inartistic, *a,* : ਕਲਾ-ਰਹਿਤ, ਬੇਡੌਲ ।

inconsistent, *a.* : ਬੇਮੇਲ, ਅਸੰਗਤ, ਆਪਾ-ਵਿਰੋਧੀ ।

inconsistency, *n.* : ਆਪਾ-ਵਿਰੋਧ, ਅਸੰਗਤੀ ।

incorporate, *v. t.* : ਸ਼ਾਮਲ ਕਰਨਾ, ਦਰਜ ਕਰਨਾ ।

indefinite, *a.* : ਅਨਿਸ਼ਚਿਤ (ਕਿਰਿਆ, ਪੜਨਾਂਵ) ।

indent (the line), *v. t.* : ਵਕਫ਼ਾ ਛੱਡਣਾ, ਹੱਟ ਕੇ ਸ਼ੁਰੂ ਕਰਨਾ ।

indeterminate (vowel), *a.* : ਅਨਿਰਣਤ (ਸੁਅਰ) ।

index, *n.* : ਅੰਤ੍ਰਕਾ ।

i. number : ਸੂਚਕ ਅੰਕ ।

indicative (mood), *a.* : ਸੁਆਰਥ (ਲਕਾਰ); ਲਖਾਇਕ, ਸੂਚਕ, ਪ੍ਰਗਟਾਊ ।

indirect, a. : ਪਰੋਖਾ, ਫੇਰਵਾਂ, ਟੇਢਾ ।

i. expression : ਫੇਰਵਾਂ ਪ੍ਰਗਟਾਉ ।

i. object : ਦੂਜਾ ਕਰਮ ।

i. speech : ਅਨਪੁਰਖੀ ਬੋਲ ।

indirectly, *adv.* : ਟੇਢੇ ਤਰੀਕੇ ਨਾਲ, ਇਸ਼ਾਰੇ ਨਾਲ ।

indite, *v. t.* : ਲਿਖਣਾ, ਰਚਨਾ ਕਰਨੀ ।

individual, *n. & a.* : ਵਿਅਕਤੀ, ਪੁਰਸ਼; ਵਿਅੱਕਤਕ, ਸ਼ਖ਼ਸੀ, ਜਾਤੀ, ਅੱਡੋ-ਅੱਡ ।

individualism, *n.* : ਵਿਅਕਤੀਵਾਦ, ਨਿਜਵਾਦ, ਨਿਜਤਵ ।

individuality, *n.* : ਵਿਅਕਤੀ, ਸ਼ਖ਼ਸੀਅਤ ।

individualize, *v. t.* : ਵਖਰਾਉਣਾ (ਆਚਰਨ), ਨਿਖਾਰਨਾ, ਸ਼ਖ਼ਸੀ ਗੁਣ ਦੇਣੇ ।

inference, *n.* : ਸਿੱਟਾ ।

infinitive, *n. & a.* : (ਵਿਆਕਰਣ) ਭਾਵਾਰਥ; ਭਾਵਾਰਥਕ ।

inflection, inflexion, *n.* : ਵਿਭਗਤੀ, ਪ੍ਰਤਿਏ, ਰੂਪ-ਸਾਧਨਾ; ਰੂਪਾਂਤਰ ।

i. of nouns : ਨਾਵਾਂ ਦਾ ਰੂਪਾਂਤਰ ।

inflectional, *a.* : ਵਿਭਗਤੀ-ਯੁਕਤ, ਰੂਪਾਂਤਰੀ, ਰੂਪ-ਸਾਧਕ ।

initials, *n.* : ਛੋਟੇ ਦਸਤਖ਼ਤ ।

inner meaning : ਅੰਤਰੀਵ ਭਾਵ, ਗੁਝਾ ਅਰਥ ।

innuendo, *n.* : ਚੋਟ, ਨੋਕ-ਝੋਕ ।

inscribe, *v. t.* : ਉਕਰਨਾ ।

inscription, *n.* : ਉਕਰੇਵਾਂ ।

inscriptive, *a.* ਉਕਰਵਾਂ ।
insert, *v. t.* : ਦਰਜ ਕਰਨਾ ।
inset, *n.* : (ਅਖਬਾਰ ਦੇ ਅੰਦਰ ਦਿਤੀ ਵਖਰੀ ਖ਼ਬਰ ਜਾਂ ਜ਼ਰੂਰੀ ਸੂਚਨਾ)ਡੱਬੀ ।
inspire, *v. t.* : ਅੰਦਰੋਂ ਪ੍ਰੇਰਣਾ, ਰੂਹ ਫੂਕਣੀ ।
inspiration, *n.* : ਅੰਦਰਲੀ ਪ੍ਰੇਰਨਾ, ਆਤਮ-ਪ੍ਰੇਰਨਾ, ਫੁਰਨਾ; ਇਲਹਾਮ ।
inspired article : (ਕਿਸੇ ਦਾ) ਲਿਖਵਾਇਆ ਹੋਇਆ ਲੇਖ, ਕਿਸੇ ਦੇ ਇਸ਼ਾਰੇ ਤੇ ਲਿਖਿਆ ਲੇਖ ।
instance, *n.* : ਦ੍ਰਿਸ਼ਟਾਂਤ, ਉਦਾਹਰਣ, ਪਰਮਾਣ ।
instinct, *n.* : ਅੰਤਰ-ਪ੍ਰੇਰਨਾ, ਅਨੁਭਵਤਾ, ਕੁਦਰਤੀ ਸੂਝ ।
instinctive, *a.* : ਅਨੁਭਵੀ ।
instruction, *n.* : ਸਿਖਿਆ, ਉਪਦੇਸ਼ ।
instructive, *a.* : ਸਿਖਿਆ-ਪੂਰਤ, ਸਿਖਿਆ-ਦਾਇਕ ।
intellect, *n.* : ਬੁਧੀ, ਅਕਲ ।
intellectual, *a.* : ਬੁਧੀਵਾਨ; ਬੌਧਿਕ ।
intellectualism, *n.* : ਬੁਧੀਵਾਦ ।
intelligence, *n.* : ਸਮਝ, ਸੂਝ, ਮਤ, ਸਿਆਣਪ; ਖ਼ਬਰ, ਸੋ ।
intelligent, *a.* : ਸਮਝਦਾਰ, ਸੂਝਵਾਨ, ਸਿਆਣਾ ।
intelligentzia, *n.* : ਅਕਲੀਏ, ਸੂਝਵਾਨ ਤਬਕਾ ।
intelligible, *a.* : ਸਮਝ ਵਾਲੀ, ਸਾਫ਼ (ਗੱਲ) ।
interest, n. : ਰੁਚੀ, ਦਿਲਚਸਪੀ, ਚੌਂਪ ।
interesting, *a.* : ਰੋਚਕ, ਸਵਾਦੀ, ਮਨੋਰੰਜਕ ।
interjection, *n.* : ਵਿਸਮਿਕ, ਵਿਸਮਿਕ ਪਦ ।
sign of i. : ਵਿਸਮਿਕ ਚਿੰਨ੍ਹ ( ! ) ।
interleaf, *n.* : ਵਿਚ-ਪਤਰਾ ।
interleave, *v. t.* : ਵਿਚ-ਪਤਰੇ ਲਾਉਣੇ ।
interline, *v. t.* : (ਪੰਗਤੀਆਂ) ਵਿਚ ਵਿਚ ਲਿਖਣਾ ।
interlude, *n.* : ਮੱਧ-ਨਾਟ, ਵਿਚਲਾ-ਨਾਟ, ਨਕਲ; ਵਿਚਲਾ ਸਮਾਂ, ਵਕਫ਼ਾ ।

internal evidence, : ਅੰਦਰਲੀ ਗਵਾਹੀ ।
interpolate, *v. t.* : ਰਲਾਉਣਾ (ਕਿਤਾਬ ਵਿਚ ਵਾਧੂ ਲੇਖ) ।
    interpolation, *n.* : ਰਲਾਉਟ ।
interpret, *v. t.* : ਭਾਵ ਕਢਣਾ ।
    interpretation, *n.* : ਭਾਵ, ਅਰਥ, ਵਿਆਖਿਆ ।
    interpreter, *n.* : ਵਿਆਖਿਆਕਾਰ; ਦੁਭਾਸ਼ੀਆ ।
interrogative, *a. & n.* : ਪ੍ਰਸ਼ਨਵਾਚੀ, ਸਵਾਲੀ ।
interrogation, *n.* : ਪ੍ਰਸ਼ਨ, ਪੁਛ ।
    sign of i. : ਪੁੱਛ ਦਾ ਨਿਸ਼ਾਨ ( ? ) ।
interval, *n.* : ਵਿੱਥ (ਨਾਟਕ), ਵਕਫ਼ਾ, ਵਿਚਲਾ ਸਮਾਂ ।
intonation, *n.* : ਰਹਾ, ਲਹਿਜਾ; ਅਲਾਪ, ਲੈ, ਸੁਰ ।
intransitive, *a.* : (ਵਿਆਕਰਣ) ਅਕਰਮਕ (ਕਿਰਿਆ) ।
introduction, *n.* : ਜਾਣ-ਪਛਾਣ, ਪ੍ਰਸਤਾਵਨਾ ।
intuition, *n.* : ਸਹਿਜ-ਗਿਆਨ, ਅਨੁਭਵੀ ਗਿਆਨ, ਅਨੁਭਵ ।
    intuitive, *a.* : ਸਾਗਿਆਤ, ਅਨੁਭਵੀ ।
    intuitively, adv. : ਸੁਤੇ-ਸਿਧ, ਅਨੁਭਵ ਤੋਂ ।
invocation, *n.* : ਮੰਗਲਾਚਰਣ ।
irony, *n.* : ਵਿਅੰਗ, ਟੋਕ ।
    ironic (al), *a.* : ਵਿਅੰਗੀ, ਟੋਕਵਾਂ ।
    ironically, *adv.* : ਵਿਅੰਗ ਨਾਲ ।
irrelevant, *a.* : ਅਸੰਬੰਧਤ ।
    irrelevancy, *a.* : ਅਸੰਬੰਧ ।

## J

jacket, *n.* : (ਕਿਤਾਬ ਦਾ) ਪੁਸ਼ਤ-ਕੋਟ, ਕੱਜਣ, ਅੰਗੀ ।
journal, *n*, : ਅਖਬਾਰ, ਰਸਾਲਾ, ਪਤਰ ।
    journalism, *n.* : ਪਤਰਕਾਰੀ ।
    journalist, *n.* : ਪਤਰਕਾਰ ।
    Journalese, *n.* : ਅਖਬਾਰੀ ਬੋਲੀ ।

# K

key, *n*, : : ਕੁੰਜੀ, ਹੱਲ, ਵਿਆਖਿਆ, ਦੀਪਕਾ; (ਰਾਗ) ਸੁਰ,ਤਰਜ਼; ਸਰਗਮ, ਘਰ, ਮੀੰਡ।

strike, a k. : ਮੁਢਲਾ ਖ਼ਿਆਲ ਦੇਣਾ; (ਰਾਗ) ਤਾਲ ਦੇਣਾ।

sing in a high k. : ਉੱਚੀ ਸੁਰ ਲਾਉਣੀ।

k. note : ਤਾਨ, ਤਾਲ; ਮੁਢਲੀ ਸੁਰ, ਮੁਢਲਾ ਖ਼ਿਆਲ।

keystone : ਬੁਨਿਆਦੀ ਅਸੂਲ, ਕੇਂਦਰੀ ਗੱਲ।

# L

labial, *a. & n.* : (ਵਿਆਕਰਣ) ਹੋਠਲ; ਹੋਠੀ ਅੱਖਰ,ਪਵਰਗ (ਪ,ਫ,ਬ,ਭ,ਮ)

laconic, *a.* : ਸੰਖੇਪ, ਥੁੜ-ਬੋਲਾ, ਦੋ-ਹਰਫ਼ੀ।

laconically, *adv.* : ਥੋੜ੍ਹੇ ਵਿਚ।

lampoon, *n. & v. t.* : ਸਿੱਠ, ਨਿੰਦਾ-ਲੇਖ; ਸਿੱਠ ਜੋੜਨੀ, ਭੰਡਣਾ।

lance, free lance : ਖੁਲ੍ਹ-ਖ਼ਿਆਲੀਆ, ਪਰੋਊ-ਪਿੰਦਾ, ਦੁਪਾਸੀ ਵਗਣ ਵਾਲਾ, ਹੇੜ੍ਹ-ਕੱਟਾ।

landscape, *n*, : ਧਰਤ-ਦ੍ਰਿਸ਼।

language, *n.* ; ਬੋਲੀ, ਭਾਖਾ, ਭਾਸ਼ਾ, ਜ਼ਬਾਨ।

dead l. : ਮੁਰਦਾ ਬੋਲੀ, ਅਪਰਚੱਲਤ ਭਾਖਾ।

national l. : ਰਾਸ਼ਟਰ-ਭਾਸ਼ਾ।

state l. : ਰਾਜ-ਭਾਸ਼ਾ।

official l. : ਦਫ਼ਤਰੀ ਬੋਲੀ।

regional l. : ਸਥਾਨਕ ਬੋਲੀ।

eader, *n.* ; (ਅਖ਼ਬਾਰ) ਮੁਖ-ਲੇਖ; (ਛਾਪਾ) ਟਿੱਪਣ-ਪਾਲ।

leaf, *n.* : ਪਤਰਾ, ਵਰਕਾ।

leaflet, *n.* : ਦੁਵਰਕੀ।

learned, *a.* : ਵਿਦਵਾਨ, ਆਲਮ; ਕਿਤਾਬੀ (ਲਫ਼ਜ਼) ।
learning, *n.* : ਵਿਦਿਆ, ਇਲਮ ।
lecture, *n. & v. t. & i.* : ਲੈਕਚਰ, ਭਾਸ਼ਣ, ਵਖਿਆਨ :
lecturer, *n.* : ਲੈਕਚਰਾਰ, ਵਖਿਆਨੀ, ਵਕਤਾ ।
legend, *n.* : ਪੁਰਾਣਿਕ ਕਥਾ, ਰਵਾਇਤੀ ਕਹਾਣੀ, ਫ਼ਰਜ਼ੀ ਕਿੱਸਾ ।
legendary, *a.* : ਰਵਾਇਤੀ, ਫ਼ਰਜ਼ੀ ।
legible, *a.* : ਪੜ੍ਹੀਨ-ਜੋਗ, ਸਾਫ਼, ਸਪੱਸ਼ਟ ।
legibility, *n.* : ਪੜ੍ਹੀਨਜੋਗਤਾ ।
lesson, *n.* : ਸਬਕ, ਸਿੱਖਿਆ ।
letter, *n.* : ਅੱਖਰ, ਹਰਫ਼, ਵਰਣ; ਚਿੱਠੀ, ਖ਼ਤ, ਪਤਰ ।
lexicon, *n.* : ਕੋਸ਼ ।
lexicographer, *n.* : ਕੋਸ਼ਕਾਰ ।
lexicography, *n.* : ਕੋਸ਼ਕਾਰੀ ।
libel, *n. & v. t.* : ਅਪਮਾਨ-ਲੇਖ, ਅਪਮਾਨ, ਹੱਤਕ; ਅਪਮਾਨਣਾ, ਹੱਤਕ ਕਰਨੀ ।
library, *n.* : ਲਾਇਬ੍ਰੇਰੀ, ਪੁਸਤਕਾਲਾ ।
librarian, *n.* : ਲਾਇਬ੍ਰੇਰੀਅਨ ।
lingua franca, *n.* : (ਸਾਰੇ ਦੇਸ ਦੀ) ਸਾਂਝੀ ਬੋਲੀ ।
lingual, *a.* : ਭਾਸ਼ਵੀ, ਬੋਲੀ ਸੰਬੰਧੀ; ਮੂਰਧਨੀ (ਅਵਾਜ਼, ਉਚਾਰਣ) ।
linguist, *n.* : ਭਾਸ਼ਾਵਾਦੀ, ਭਾਸ਼ੀਆ, ਭਾਸ਼ੀ ।
linguistic, *a.* : ਭਾਸ਼ਾਵੀ, ਭਾਖਾਵਾਰ ।
l. provinces : ਭਾਸ਼ਾਵਾਰ ਸੂਬੇ, ਭਾਸ਼ਾਵੀ ਪ੍ਰਾਂਤ ।
linguistics, *n.* : ਭਾਸ਼ਾ-ਵਿਗਿਆਨ ।
list, *n.* : ਸੂਚੀ, ਫ਼ਹਿਰਿਸਤ ।
literacy, *n.* : ਅਖਰ-ਬੋਧ, ਸਾਖਰਤਾ ।
literate, *a.* : ਸਾਖਰ, ਪੜ੍ਹਿਆ-ਲਿਖਿਆ ।
literal, *a.* : ਅਖਰੀ ।
literally, *adv.* : ਅੱਖਰ-ਅੱਖਰ; ਸਚ-ਮੁਚ, ਅਸਲੀ ਅਰਥਾਂ ਵਿਚ ।
literature, *n.* : ਸਾਹਿੱਤ ।

literary, *a.* : ਸਾਹਿੱਤਕ, ਕਿਤਾਬੀ।

literati, *n.* pl. : ਸਾਹਿੱਤਕਾਰ, ਵਿਦਵਾਨ ਤਬਕਾ, ਆਲਮ ਲੋਕ।

lithograph, *n.* : ਪੱਥਰ-ਛਾਪ।

lithography, *n.* : ਪੱਥਰ-ਛਾਪਾ।

*litterateur* [F], *n.* : ਸਾਹਿੱਤਕਾਰ।

local colour : ਸਥਾਨਕ ਰੰਗ।

locative, *a.* & *n.* : (ਵਿਆਕਰਣ) ਅਧਿਕਰਣ ਜਾਂ ਸਥਾਨਕਵਾਚੀ (ਕਾਰਕ)।

locution, *n.* : ਬੋਲ-ਢੰਗ, ਵਾਕ-ਸ਼ੈਲੀ।

logic, *n.* : ਨਿਆਇ, ਮੰਤਕ।

logical, *a.* : ਨਿਆਇ-ਅਨੁਕੂਲ, ਨਿਆਇ-ਪੂਰਬਕ, ਨਿਆਇਕ।

logician, *n.* : ਨਿਆਇ-ਗਿਆਨੀ, ਮੰਤਕੀ।

logically, *adv.* : ਨਿਆਇ ਅਨੁਸਾਰ।

long syllable : ਦੀਰਘ ਮਾਤਰਾ, ਗੁਰੂ।

look-and-say method : ਦੇਖੋ-ਬੋਲੋ ਢੰਗ।

lore, *n.* : ਪੁਰਾਤਨ ਵਿਦਿਆ; (ਰਵਾਇਤੀ) ਕਿੱਸੇ-ਕਹਾਣੀਆਂ, ਬਾਬਾਣੀਆਂ ਕਹਾਣੀਆਂ।

lower case (l. c.) : (ਛਾਪਾ) ਛੋਟੀ ਤਖ਼ਤੀ।

lyric, *n.* : ਸਰੋਦੀ ਕਵਿਤਾ, ਸੰਗੀਤਕ ਕਵਿਤਾ।

lyrical, *a.* : ਸਰੋਦੀ, ਸੰਗੀਤਕ; ਸਰੋਦੀ ਕਵਿਤਾ ਸੰਬੰਧੀ।

lyricism, *n.* : ਗੀਤਕਾਰੀ; ਗੀਤ-ਕਾਵਿ।

## M

madrigal, *n.* : ਗਵਾਲ-ਗੀਤ, ਬੋਲੀਆਂ।

magazine, *n.* : ਮੈਗਜ਼ੀਨ, ਰਸਾਲਾ।

manifesto, *n.* : ਮਨੋਰਥ-ਪੱਤਰ।

mannerism, *n.* : ਤਰ੍ਹਾਬਾਜ਼ੀ।

manual *n.* : ਕਿਤਾਬੜੀ।

manuscript, *a.* & *n.* : ਲਿਖਤੀ, ਕਲਮੀ; ਹਥ-ਲਿਖੀ, ਹਥ-ਲਿਖਤ, ਖਰੜਾ, ਮਸੌਦਾ ।

margin, *n.* : ਹਾਸ਼ੀਆ, ਕੰਨੀ ।

marginal, *a.* : ਹਾਸ਼ੀਏ (ਜਾਂ ਕੰਨੀ) ਦਾ ।

margination, *n.* : ਕੰਨੀ-ਲੇਖ ।

mark, *n.* : ਨਿਸ਼ਾਨ, ਚਿੰਨ੍ਹ ।

masculine, *a.* : ਪੁਲਿੰਗ ।

m. ending : ਦਬਾਊ ਤੁਕਾਂਤ ।

Master of Arts : ਵਿਦਿਆ-ਪਤੀ ।

Master of Science : ਵਿਗਿਆਨ-ਪਤੀ ।

master of ceremonies : (ਨਾਟਕ) ਸੂਤਰਧਾਰ ।

material, *n.* : ਮਸਾਲਾ, ਸਮਿੱਗਰੀ ।

material, noun : ਵਸਤ-ਵਾਚੀ (ਜਾਂ ਪਦਾਰਥਕ) ਨਾਂਵ ।

matter, *n.* : ਪਦਾਰਥ; ਵਸਤ; ਵਿਸ਼ਾ ।

mean, *v. t.* : ਅਰਥ ਦੇਣਾ, ਭਾਵ ਨਿਕਲਣਾ ।

meaning, *n.* : ਅਰਥ, ਭਾਵ ।

medieval, *a.* : ਮੱਧ-ਕਾਲੀਨ; ਮੱਧ-ਵਰਤੀ ।

medium, *n.* : ਸਾਧਨ, ਮਾਧਿਅਮ ।

m. of instruction : ਸਿਖਿਆ ਦਾ ਸਾਧਨ ।

melody, *n.* : ਲੈ; ਸੁਰੀਲਾ ਗੀਤ ।

memoir, *n.* : ਆਪ-ਬੀਤੀ, ਸ੍ਵੈ-ਜੀਵਨੀ ।

memorial, *n.* : ਯਾਦਗਾਰ ।

m. volume : ਯਾਦਗੀਰੀ ਪੁਸਤਕ, ਅਭਿਨੰਦਨ ਗ੍ਰੰਥ ।

meretricious, *a.* : ਲੱਛੇਦਾਰ (ਸ਼ੈਲੀ) ।

metaphor, *n.* : ਰੂਪਕ ।

mixed m. : ਮਿਸਰਤ ਰੂਪਕ ।

metaphysical, *n.* : ਪਰਾ-ਸਰੀਰਕ ।

metathesis, *n.* : ਵਿਪਰਜ, ਅਖਰ-ਬਦਲੀ (ਜਿਵੇਂ 'ਮਤਲਬ' ਤੋਂ ਮਤਬਲ, ਚਾਕੂ ਤੋਂ ਕਾਚੂ) ।

metre, *n.* : ਛੰਦ, ਤੋਲ ।

metrical, *a.* : ਛੰਦਾਬੰਦੀ ਜਾਂ ਤੋਲ ਸੰਬੰਧੀ ।

mind, *n.* : ਮਨ ।

conscious m. : ਸੁਚੇਤ ਮਨ ।

subconscious m. : ਅਚੇਤ ਮਨ ।

mimic, *n. & v. t.* : ਸੁਆਂਗੀਆ, ਨਕਲੀਆ, ਬਹੁਰੂਪੀਆ; ਸਾਂਗ ਜਾਂ ਨਕਲ ਲਾਉਣੀ, ਰੂਪ ਭਰਨਾ ।

mimicry, *n.* : ਸਾਂਗ, ਨਕਲ, ਬਹੁਰੂਪ ।

minstrel, *n.* : ਭਟ, ਢਾਢੀ ।

wandering m. : ਰੌਲ ।

miscellaneous, *a.* : ਫੁਟਕਲ, ਵਿਕੋਲਿੱਤਰਾ ।

miscellanea, miscellaney, *n.* : ਸਾਹਿਤੀ ਬੇਉੜ, ਬੇਉੜਾ ।

mixed, *a.* : ਮਿਸਰਤ (ਬੋਲੀ, ਮੁਹਾਵਰਾ, ਰੂਪਕ, ਆਦਿ) ।

modern, *a.* : ਵਰਤਮਾਨ, ਅਜੋਕਾ, ਅਪ੍ਰਾਚੀਨ, ਨਵੀਨ ।

modernity, *n.* : ਵਰਤਮਾਨਤਾ, ਨਵੀਨਤਾ, ਅਜੋਕ, ਅਪ੍ਰਾਚੀਨਤਾ ।

modernize, *v. t.* ਵਰਤਮਾਨਣਾ ।

modernism, *n.* : ਨਵੀਨਵਾਦ, ਨਵੇਂ ਖ਼ਿਆਲ, ਨਵੀਂ ਰੋਸ਼ਨੀ ।

monody, *n.* : ਬਿਰਹੜਾ ।

monograph, *n.* : ਇਕ-ਭਾਵੀ ਲੇਖ ।

monologue, *n.* : ਇਕ-ਧਿਰੀ ਗੱਲ; ਇਕ-ਪਾਤਰੀ ਸੀਨ; ਸਵੈ-ਗਤ ਕਥਨ ।

monosyllable, *n.* : ਇਕਾਖਰੀ ਜਾਂ ਇਕਮਾਤ੍ਰਿਕ ਸ਼ਬਦ ।

monosyllabic, *a.* : ਇਕਾਖਰੀ, ਇਕ-ਅਖਰੀ; ਇਕਮਾਤ੍ਰਿਕ (ਛੰਦ)

monotony, *n.* : ਇਕਰੰਗੀ, ਇਕਸਾਰਤਾ, ਅਕੇਵਾਂ ।

monotonous *a.* : ਇਕਰੰਗਾ, ਇਕਸਾਰ, ਅਕਾਊ ।

mood, *n.* : (ਵਿਆਕਰਣ) ਲਕਾਰ ।
moral, *n.* : ਸਦਾਚਾਰ; ਸਦਾਚਾਰੀ ਸਿੱਟਾ, ਉਪਦੇਸ਼ ।
moralist, *n.* : ਉਪਦੇਸ਼-ਕਰਤਾ, ਸਦਾਚਾਰੀਆ ।
moralize, *v. i.* : ਸਿਖਿਆ ਕਢਣੀ, ਉਪਦੇਸ਼ ਕਰਨੇ, ਵਾਅਜ਼ ਕਰਨੇ ।
morphology, *n.* : (ਸ਼ਬਦਾਂ ਸੰਬੰਧੀ) ਰੂਪ-ਵਿਚਾਰ, ਰੂਪਾਂਤਰ ਵਿਚਾਰਨਾ ।
mosaic, *n.* : ਪਚੀਕਾਰੀ ।
mother-tongue : ਮਾਤ-ਭਾਖਾ, ਮਾਦਰੀ ਬੋਲੀ ।
motif, *n.* : ਕਲਾ-ਭਾਵ ।
movement, *n.* : ਲਹਿਰ, ਤਹਿਰੀਕ ।
multifarious, *a.* : ਬਹੁਰੰਗੀ, ਵੰਨ-ਸੁਵੰਨਾ, ਬਹੁਤਭਾਂਤੀ ।
multiform, *a.* : ਬਹੁ-ਰੂਪ, ਅਨੇਕਾਕਾਰ ।
mural painting : ਕੰਧ-ਚਿੱਤਰ ।
Muse, *n.* : ਕਾਵਿ-ਦੇਵੀ; ਸੁਰੱਸਤੀ; ਕਲਾ-ਭਾਵ; ਕਵੀ ।
Mm. : ਕਲਾ-ਕੰਜਕਾਂ ।
music, *n.* : ਰਾਗ, ਸੰਗੀਤ, ਰਾਗ-ਵਿਦਿਆ ।
musical, *a.* : ਰਾਗਮਈ, ਸੰਗੀਤਕ; ਸੁਰੀਲਾ ।
*mysticism*, *n.* : ਛਾਇਆਵਾਦ, ਰਹੱਸਵਾਦ ।
mystic, *n.* : ਰਹੱਸਵਾਦੀ, ਛਾਇਆਵਾਦੀ ।
mystical, *n.* : ਰਹੱਸਵਾਦਿਕ, ਛਾਇਆਵਾਦਿਕ, ਰਮਜ਼ਭਰੀ, ਗੁਹਜ ।
myth, *n.* : ਪੁਰਾਣਿਕ ਕਥਾ, ਮਿਥਿਆ ਕਹਾਣੀ ।
mythology, *n.* : ਮਿਥਿਹਾਸ, ਦੇਵਮਾਲਾ ।

## N

narrate, *v. t.* : ਬਿਆਨਣਾ, ਵਰਣਨ ਕਰਨੀ (ਕਹਾਣੀ) ।
narration, *n.* : ਬਿਆਨ, ਵਰਣਨ ।
narrative, *n. & a.* : ਕਹਾਣੀ, ਕਿੱਸਾ, ਪਰਸੰਗ, ਵਾਰਤਾ, ਬਿਰਤਾਂਤ, ਵਿਥਿਆ; ਵਾਰਤਿਕ (ਬਿਰਤਾਂਤੀ), ਬਿਆਨੀ, ਪਰਸੰਗਕ ।

nasal, *a. & n.* : ਅਨੁਨਾਸਿਕ; ਅਨੁਨਾਸਕ (ਙ, ਞ, ਣ, ਨ, ਮ)।
nature, *n.* : ਕਦਰਤ, ਪ੍ਰਕਿਰਤੀ; ਸੁਭਾਉ; ਅਸਲਾ।
n. study : ਪ੍ਰਕਿਰਤ ਵਾਚਣ, ਕੁਦਰਤ ਸਿਖਿਆ।
negative, *a. & n.* : ਇਨਕਾਰੀ, ਨਨਕਾਰੀ, ਨਖੇਧ-ਵਾਚਕ, ਅਭਾਵ-ਸੂਚਕ; ਨਾਂਹ, ਨਨਕਾਰ, ਨਫ਼ੀ, ਭਾਨੀ।
Nemesis, *n.* : ਬਦਲੇ ਦੀ ਦੇਵੀ; (ਨਾਟਕ) ਦੋਸ਼-ਪਲਟਾ, ਕੀਤੇ ਦਾ ਬਦਲਾ, ਜਵਾਬੀ ਗਤੀ।
to suffer the *n.* : ਦੋਸ਼-ਪਲਟਾ ਸਹਿਣਾ, ਕੀਤਾ ਪਾਉਣਾ।
neologism, neology, *n.* : ਨਵੀਂ ਘਾੜਤ, ਉਸ਼ਕਲਾ।
neologist, *n.* : ਉਸ਼ਕਲੀਆ, ਆੜਤੀਆ।
news, *n.* : ਖ਼ਬਰਾਂ, ਸਮਾਚਾਰ।
newspaper, *n.* : ਅਖ਼ਬਾਰ।
newsprint, *n.* : ਅਖ਼ਬਾਰੀ ਕਾਗ਼ਜ਼।
news-sheet, *n.* : ਪਤ੍ਰਕਾ।
nodus, *n.* : (ਕਹਾਣੀ ਜਾਂ ਪਲਾਟ ਵਿਚ) ਘੁੰਡੀ, ਪੇਚ।
*nom de plume*, *n.* : (ਅਖਰੀ ਅਰਥ: ਕਲਮੀ ਨਾਂ) ਤਖੱਲਸ, ਉਪਨਾਮ।
nomenclature, *n.* : ਬੋਲੇ, ਨਾਮਾਵਲੀ।
nominative, *a. & n.* : ਕਰਤਾ (ਕਾਰਕ)।
nonsense, *n.* : ਫੱਕੜ, ਯੱਕੜ, ਊਲ-ਜਲੂਲ, ਬਕੜਵਾਹ, ਨਿਰਾਰਥਕ ਬੋਲ।
norm, *n.* : ਸਧਾਰਨ ਪੱਧਰ, ਨਮੂਨਾ।
normal, *a.* : ਸਧਾਰਨ, ਮਮੂਲੀ, ਕੁਦਰਤੀ, ਸੁਭਾਵਕ।
notation, *n.* : ਨਿਸ਼ਾਨ, ਚਿੰਨ੍ਹ; ਅੰਕ-ਵਿਦਿਆ।
note, *n.* : ਨੋਟ; ਰੁੱਕਾ, ਚਿੱਟ; ਟੀਕਾ, ਟਿੱਪਣ; ਇਸ਼ਾਰਾ; (ਸੰਗੀਤਕ) ਚਿੰਨ੍ਹ; ਸੁਰ; ਪਰਦਾ।
notion, *n.* : ਖ਼ਿਆਲ, ਵਿਚਾਰ।
noun, *n.* : ਨਾਂਵ, ਨਾਉਂ, ਸੰਗਿਆ।
proper *n.* : ਖ਼ਾਸ ਨਾਂਵ।
common *n.* : ਜਾਤੀ ਨਾਂਵ।

collective n. : ਸਮੂਹਕ ਨਾਂਵ ।

material n. : ਵਸਤ-ਵਾਚੀ ਨਾਂਵ ।

abstract n. : ਭਾਵ-ਵਾਚੀ ਨਾਂਵ ।

concrete n. : ਸਥੂਲ-ਵਾਚਕ ਨਾਂਵ ।

verbal n. : ਕਿਰਿਆ-ਫਲ, ਕਿਰਿਆਵੀ ਨਾਂਵ ।

novel, *n.* : ਨਾਵਲ ।

novelist, *n,* : ਨਾਵਲਕਾਰ ।

novelistic, *a.* : ਨਾਵਲੀ ।

nuance, *n.* : ਅਰਥਾਂਤਰ, ਅਰਥ-ਭੇਦ ।

nucleus, *n.* : ਕੇਂਦਰਕ, ਅੰਕੁਰ, ਮੁੱਢ ।

nude, *a.* & *n.* : ਨੰਗਾ, ਨਗਨ; ਨਾਂਗਾ; ਨਗਨ ਮੂਰਤ ।

nudism, *n.* ਨਗਨਵਾਦ ।

nudist, *n.* : ਨਗਨਵਾਦੀ ।

nudity, *n.* : ਨੰਗੇਜ, ਨਗਨਤਾ ।

number, *n.* : ਗਿਣਤੀ, ਸੰਖਿਆ; ਅੰਕ, ਅੰਕੜਾ; ਨੰਬਰ; (ਵਿਆਕਰਣ) ਵਚਨ ।

numerical, *a.* : ਸੰਖਿਆ-ਵਾਚਕ ।

## O

object, *n.* : ਚੀਜ਼, ਵਸਤ, ਸ਼ੈ; ਮੰਤਵ, ਤਾਤਪਰਜ, ਪਰਯੋਜਨ, ਮਤਲਬ, ਭਾਵ; ਵਿਸ਼ਾ; (ਵਿਆਕਰਣ) ਕਰਮ ।

cognate o. : ਸਜਾਤੀ ਕਰਮ ।

direct o. : ਪਹਿਲਾ ਕਰਮ, ਪ੍ਰਧਾਨ ਕਰਮ ।

indirect o. : ਦੂਜਾ ਕਰਮ, ਅਪ੍ਰਧਾਨ ਕਰਮ ।

o. lessons : ਵਸਤਾਂ ਦੇ ਸਬਕ ।

objective, *n.* & *a.* : (ਵਿਆਕਰਣ) ਕਰਮ ਕਾਰਕ; ਮਨੋਰਥ, ਮੰਤਵ, ਟੀਚਾ, ਇੱਦੀਆ; ਬਾਹਰਲਾ, ਉਤਲਾ, ਯਥਾਰਥ (ਨਜ਼ਰੀਆ) ।

o. case : ਕਰਮ ਕਾਰਕ ।

o. compl ment : ਕਰਮ-ਪੂਰਕ ।

objectiveness, objectivity, *n.* : ਯਥਾਰਤਾ ।

oblique, *a. & n.* : ਟੇਢਾ, ਸਲਾਮੀ; ਟੇਢੀ ਲੀਕ, ਆੜ (/); (ਵਿਆਕਰਣ) ਅਨਪੁਰਖੀ ।

o. narration or speech : ਅਨਪੁਰਖੀ ਬੋਲ ।

obsc ne, *a.* : ਗੰਦਾ, ਅਸ਼ਲੀਲ, ਨੰਗਾ ।

obscenity, *n.* : ਅਸ਼ਲੀਲਤਾ, ਨਗਨਤਾ, ਗੰਦ-ਮੰਦ ।

obscure, *a.* : ਧੁੰਧਲਾ, ਅਸਪੱਸ਼ਟ, ਗੁਹਜ, ਗੁਮਨਾਮ ।

obscurity, *n.* : ਧੁੰਧਲਕਾ, ਅਸਪੱਸ਼ਟਤਾ, ਗੁਮਨਾਮੀ ।

obsolete, *a.* : ਛੁੱਟੜ, ਰੱਦਲ, ਅਪ੍ਰਚਲਤ, ਅਣਚਾਲੂ ।

octave, *n.* : ਅਠਵਾਲਾ, ਅਸ਼ਟਪਦੀ; (ਸੰਗੀਤ) ਅਸ਼ਟਕ (ਵਾਜੇ ਦਾ ਪਰਦਾ) ।

ode, *n.* : ਵਾਰ ।

oil paintirg : ਰੋਗ਼ਨੀ ਤਸਵੀਰ ।

omit, *v. t.* : ਛੱਡ ਜਾਣਾ, ਖਾ ਜਾਣਾ, ਲੁਪਤ ਕਰਨਾ, ਲੋਪਣਾ ।

omission, *n.* : ਛੋਟ, ਉਕਾਈ, ਲੁਪਤੀ ।

onomatopoeic, poetic, *a.* : ਅਵਾਜ਼ੀ, ਸਰੋਤੀ, ਸਮ-ਧੁਨੀ ।

opening ceremony, *n.* : ਮਹੂਰਤ, ਚੱਠ, ਆਰੰਭਕ ਰਸਮ ।

opera, *n.* : ਸੰਗੀਤ ਨਾਟ ।

operetta, *n.* : ਗੀਤ-ਨਾਟ, ਅਪਰੇਟਾ ।

optimism, *n.* : ਆਸ਼ਾਵਾਦ ।

optimist, *n.* : ਆਸ਼ਾਵਾਦੀ ।

optimistic, *n.* : ਆਸ਼ਾਵਾਦਿਕ ।

option, *n.* : ਚੋਣ, ਰੁਚੀ, ਮਰਜ਼ੀ ।

optional *a.* : ਅਖ਼ਤਿਆਰੀ (ਮਜ਼ਮੂਨ) ।

oral, *a.* : ਜ਼ਬਾਨੀ, ਮੂੰਹ-ਜ਼ਬਾਨੀ ਮੂੰਹ-ਵਚਨੀ, ਮੁਖਾਗਰ ।

orally, *adv.* : ਜ਼ਬਾਨੀ, ਕੰਠ ਤੋਂ ।

oration, *n.* : ਸੁਭਾਸ਼ਣ ।

orator, *n.* : ਸੁਭਾਸ਼ੀਆ, ਸੁਵਕਤਾ ।

oratory, *n.* : ਸੁਭਾਸ਼ਕਾਰੀ ।

orchestra, *n.* : ਅਰਕੈਸਟਰਾ, ਸ਼ਾਮਲ-ਵਾਜਾ, ਸਾਜ-ਸਮੂਹ, ਵਾਦਿ-ਵਰਿੰਦ ।

orchestral, *a.* : ਇਕ-ਤਾਨਕ, ਸਮੂਹਕ, ਰਲਵੇਂ ।

organ, *n.* : ਅੰਗ, ਇੰਦਰਾ; ਮੁਖੀ-ਪੱਤਰ (ਕਿਸੇ ਸੰਸਥਾ ਦਾ) ।

oo of perception : ਗਿਆਨ-ਇੰਦਰੇ ।

origin, *n.* : ਮੁੱਢ, ਮੁਕ, ਅਸਲਾ, ਆਦਿ ।

original, *a.* & *n.* : ਮੁਢਲਾ, ਮੂਲਿਕ, ਅਸਲੀ; ਨਵਾਂ; (ਛਾਪੇ ਦਾ ਜਾਂ ਨਕਲ ਦਾ) ਅਸਲ, ਮੂਲ ।

ornate, *a.* : ਅਲੰਕ੍ਰਿਤ, ਸਜੀਲੀ, ਸਵਾਰਤੀ, ਲੱਛੇਦਾਰ (ਸ਼ੈਲੀ) ।

ornateness, *n.* : ਸਜਾਵਟ, ਸਵਾਰਤ ।

ortheopy, *n.* : ਸ਼ੁਧ-ਉਚਾਰਣ ।

orthography, *n.* : ਵਰਣ-ਬੋਧ ।

outline, *n.* & *v. t.* : ਖ਼ਾਕਾ, ਖਰੜਾ, ਰੂਪ-ਰੇਖਾ, ਉਲੀਕਣਾ, ਖ਼ਾਕਾ ਖਿੱਚਣਾ ।

## P

page, *n.* & *v, t.* : ਪੰਨਾ, ਸਫ਼ਾ; ਪੰਨੇ ਲਾਉਣੇ ।

paint, *n.* & *v. t.* : ਰੰਗ, ਰੰਗਤ, ਰੰਗ ਭਰਨਾ, ਚਿਤਰਨਾ; ਤਸਵੀਰ ਖਿੱਚਣੀ ।

painting, *n.* : ਤਸਵੀਰ, ਮੂਰਤ; ਚਿਤਰਕਾਰੀ, ਮੁਸੱਵਰੀ, ਨਕਾਸ਼ੀ ।

painter, *n.* : ਮੁਸੱਵਰ, ਚਿਤਰਕਾਰ, ਚਿਤੇਰਾ, ਨਕਾਸ਼ ।

painty, *a.* : ਰੰਗ-ਥੱਪੀ ।

palate, *n.* : ਤਾਲੂ, ਤਾਲੂਆ ।

palatals, *n.* : ਤਾਲੂਏ (ਅੱਖਰ), ਚਵਰਗ (ਚ, ਛ, ਜ, ਝ, ਞ) ।

penegyric, *n.* : ਉਪਮਾ, ਉਸਤੱਤ, ਕਲਿਆਣ, ਰੂਣਾਨੁਵਾਦ ।

pantomime, *n.* : ਚੁਪ-ਸਾਂਗ ।

paper, *n.* : ਕਾਗ਼ਜ਼; ਪਤ੍ਰਕਾ, ਅਖ਼ਬਾਰ; ਲੇਖ, ਪ੍ਰਬੰਧ ।

glazed p. : ਝਮਏ ਕਾਗ਼ਜ਼ ।

parable, *n.* : ਪਰਬਾਇ-ਸਾਖੀ, ਸਾਖੀ-ਪਰਮਾਣ, ਪਰਸੰਗ, ਸਾਖੀ ।

paradox, *n.* : ਉਲਟ-ਭਾਸ਼, ਉਲਟੀ ਗੱਲ ।

paragraph, *n.* : ਪੈਰਾ ।

paraphrase, *n. & v. t.* : ਸਮਭਾਵ; ਸਮਭਾਵ ਦੇਣਾ ।

parenthesis, *n*, : ਅਸੰਗਤੀ, ਵਕਫ਼ਾ; ਵਿਚਲੀ ਕਾਟ; ਅਸੰਗਤ ਵਾਕ ।

parenthetic(al], *a.* : ਵਿਚ-ਵਿਚਾਲੀ ।

parlance, *n.* : ਬੋਲੀ, ਬੋਲਾ (ਜਿਵੇਂ ਸਿੰਘਾਂ ਦੇ ਬੋਲੇ) ।

parody, *n & v. t.* : ਵਿਅੰਗ-ਲੇਖ. ਹਸੌਣੀ ਨਕਲ; ਮਖੌਲੀ ਨਕਲ ਕਰਨੀ ।

paronym, *n.* : ਸਮੋਚਾਰਣ ਭਿਨਾਰਥਕ ਸ਼ਬਦ ।

parse, *v. t.* : ਪਦਵੰਡ ਕਰਨੀ ।

parsing, *n.* : ਪਦਵੰਡ ।

part, *n.* : (ਐਕਟਰ ਦਾ) ਪਾਰਟ, (ਵੰਡੇ ਆਇਆ) ਕੰਮ ।

p. of speech : ਵਾਕ-ਅੰਗ ।

participle, *n.* : (ਵਿਆਕਰਣ) ਕਾਰਦੰਤਕ ।

past p. : ਭੂਤ ਕਾਰਦੰਤਕ ।

p st perfect p. : ਪੂਰਬ ਪੂਰਣ ਕਾਰਦੰਤਕ ।

present p. : ਵਰਤਮਾਨ ਕਾਰਦੰਤਕ ।

particle, *n.* : ਮਾਤਰਾ. ਉਪਸਰਗ ।

particulars, *n.* : ਵੇਰਵਾ ।

passage, *n.* : ਟੋਟਕਾ ।

passive, *a.* : (ਵਿਆਕਰਣ) ਕਰਮ-ਵਾਚੀ (ਕਿਰਿਆ) ।

p. voice : ਕਰਮ ਵਾਚ ।

past, *a. & n.* ਭੂਤ; ਭੂਤ-ਕਾਲ ।

p. perfect : ਪੂਰਨ ਭੂਤ-ਕਾਲ ।

p. imperfect: ਅਪੂਰਨ ਭੂਤ-ਕਾਲ ।

p. participle : ਭੂਤ ਕਾਰਦੰਤਕ ।

pastoral, *a. & n.* : ਗਵਾਲ-ਗੀਤੀ; ਗ੍ਰਾਮੀਣ-ਗੀਤ ।

p. poetry : ਗ੍ਰਾਮੀਣ-ਕਾਵਿ ।

p. age : ਚਰਾਂਦੀ ਦੌਰ (ਜਾਂ ਜੁਗ) ।

pathos, *n.* : ਕਰੁਣਾ-ਰਸ, ਕਰੁਣਾ ।

pathetic, *a.* : ਕਰੁਣਾਲਾ, ਕਰੁਣਾਇਕ ।

pathetic fallacy : ਭਾਵੁਕ ਭੁਲੇਵਾਂ, ਜਜ਼ਬਾਤੀ ਭੁਲੇਖਾ ।

patois, *n.* : ਜਟਕੀ (ਬੋਲੀ), ਪੇਂਡੂ ਬੋਲੀ ।

pause, *n.* : ਵਿਸਰਾਮ ।

pen, *n.* : ਕਲਮ, ਲੇਖਣੀ; ਖਿਲਰ-ਢੰਗ, ਸ਼ੈਲੀ ।

penmanship, *n.* : ਲਿਖਤ, ਲਿਖਾਈ, ਲੇਖਣ-ਸ਼ੈਲੀ ।

penult (imate), *a. & n.* : ਉਪਾਂਤ (ਅੰਤ ਤੋਂ ਪਹਿਲਾ) ।

perform, *v. t.* : ਨਿਬਾਹੁਣਾ, ਸਾਰਨਾ, ਅਦਾ ਕਰਨਾ (ਨਾਟਕ ਦਾ ਪਾਰਟ), ਕਰਤਬ ਵਿਖਾਉਣਾ ।

performance. *n.* : ਅਦਾਇਗੀ, ਕੰਮ, ਕਰਤਬ ।

period, *n.* : ਸਮਾਂ, ਮਿਆਦ, ਮੁੱਦਾ; ਦੌਰ, ਕਾਲ, ਯੁਗ; ਵਾਕ; ਪੂਰਨ-ਵਿਸ਼੍ਰਾਮ ।

periodical, *n.* : ਰਸਾਲਾ, ਪੱਤਰ ।

periphrasis, *n.* : ਵਲਾਵੀਂ ਗੱਲ, ਹੇਰ-ਫੇਰ, ਫੇਰ-ਘੇਰ ।

periphrastic, *a.* : ਵਲਾਵਾਂ, ਫੇਰਵਾਂ-ਘੇਰਵਾਂ ।

periphrastically, *adv.* : ਫੇਰ-ਫਾਰ ਕੇ, ਫੇਰ-ਘੇਰ ਕੇ ।

peroration, *n.* : ਸੋਹਣਾ ਮੁਕਾਉ (ਭਾਸ਼ਣ ਦਾ) ।

person, *n.* : ਪੁਰਖ ।

(ਵਿਆਕਰਣ) first, second, third p. : ਪਹਿਲਾ (ਉੱਤਮ), ਦੂਜਾ (ਮੱਧਮ), ਤੀਜਾ (ਅਨ) ਪੁਰਖ ।

personate = impersonate (q. v.) ।

personify, *v. t.* : ਸਜੀਵ ਕਰਨਾ ।

personification, *n.* : ਸਜੀਵਤਾ; ਪੁਤਲਾ ।

derspective, *n.* : (ਚਿਤਰਕਾਰੀ ਵਿਚ) ਵਿੱਥ-ਸੂਝ ।
pessimism, *n.* : ਨਿਰਾਸ਼ਵਾਦ, ਢਹਿੰਦੀ ਕਲਾ ।
pessimist, *n.* : ਨਿਰਾਸ਼ਵਾਦੀ ।
pessimistic, *a.* : ਨਿਰਾਸਤਾ-ਜਨਕ, ਨਿਰਾਸ਼ਵਾਦਿਕ ।
philology, *n.* : ਭਾਸ਼ਾ-ਵਿਗਿਆਨ ।
Philologist, *n.* : ਭਾਸ਼ਾ-ਵਿਗਿਆਨੀ ।
phonetics, *n.* : ਸਰੋਤ-ਵਿਗਿਆਨ (ਅਵਾਜ਼ਾਂ ਨੂੰ ਹਰਫਾਂ ਦੇ ਰੂਪ ਵਿਚ ਪ੍ਰਗਟ ਕਰਨਾ) ।
phonetic, *a.* : ਸਰੋਤੀ ।
phrase, *n.* : ਵਾਕੰਸ਼ ।
picture, *n. & v. t.* : ਤਸਵੀਰ, ਮੂਰਤ; ਤਸਵੀਰ ਖਿੱਚਣੀ, ਚਿੱਤਰਨਾ ।
pictorial, *a. & n.* : ਤਸਵੀਰੀ, ਮੂਰਤ-ਮਈ, ਚਿਤਰਵੀ; ਸਚਿੱਤਰ ਰਸਾਲਾ ।
picturesque, *a.* : ਚਿਤਰ-ਮਈ ।
pit, *n.* : (ਥੀਏਟਰ) ਖੁਡੱਲ (ਸਭ ਤੋਂ ਨੀਵੀਂ ਥਾਂ, ਜਾਂ ਉਸ ਵਿਚ ਬੈਠਣ ਵਾਲੇ), ਚੁਆਨੀ-ਮੇਲ ।
pithy, *a.* : ਸੰਖੇਪ ।
pithily, *adv.* : ਸੰਖੇਪ ਨਾਲ, ਥੋੜ੍ਹੇ ਵਿਚ ।
plagiarize, *v. t.* : (ਮਜ਼ਮੂਨ) ਚੁਰਾਉਣਾ ।
plagiarism, pl·giary *n.* : (ਸਾਹਿੱਤਕ) ਚੋਰੀ ।
plastic arts : ਢਾਲਵੇਂ ਹੁਨਰ : ਬੁਤਕਾਰੀ, ਆਦਿ (ਚਿਤਰਕਾਰੀ ਦੇ ਉਲਟ) ।
play, *n. & v. t.* : ਖੇਲ, ਨਾਟ; ਨਾਟ ਕਰਨਾ, ਖੇਲਣਾ, ਪਾਰਟ ਅਦਾ ਕਰਨਾ, ਸਾਂਗ ਭਰਨਾ ।
playable, *a.* : ਖੇਲਣਜ਼, ਖੇਲਣ-ਯੋਗ ।
player, *n.* : ਖੇਲਈਆ, ਐਕਟਰ ।
pleonasm, *n.* : ਵਾਧੂ ਸ਼ਬਦਾਂ ਦੀ ਵਰਤੋਂ, ਭਰਤੀ (ਜਿਵੇਂ ਗੁਰੂ ਪੀਰ, ਝੂਠੀ ਮਿਥਿਆ) ।
plot, *n.* : ਗੋਂਦ, ਪਲਾਟ, ਕਹਾਣੀ ।
plural *a. & n.* : ਬਹੁ-ਵਚਨ ।

poet, *n.* : ਕਵੀ, ਸ਼ਾਇਰ, ਕਵੀਸ਼ਰ ।

poem, *n.* : ਕਵਿਤਾ, ਨਜ਼ਮ ।

poesy, *n.* : ਕਾਵਿ-ਰਚਨਾ, ਕਾਵਿ, ਪਦ (ਗਦ ਦੇ ਉਲਟ), ਛੰਦ-ਵਿਦਿਆ ।

poetess, *n.* : ਕਵਿੱਤਰੀ ।

poetaster, *n.* : ਕਵਿੱਤੂਆ, ਤੁਕ-ਬੰਦ ।

poetic, *a.* : ਕਾਵਿਆਈ, ਕਾਵਿਕ ।

poetry, *n.* : ਕਵਿਤਾ, ਕਵੀਸ਼ਰੀ, ਸ਼ਾਇਰੀ, ਕਾਵਿ-ਰਚਨਾ ।

polyglot, *a. & n.* : ਬਹੁ-ਭਾਸ਼ੀ; ਬਹੁ-ਭਾਸ਼ੀਆ ।

polysynthetic, *a.* : ਬਹੁ-ਸੰਧੀ (ਬੋਲੀ, ਜਿਵੇਂ ਸੰਸਕ੍ਰਿਤ ਹੈ) ।

polysyllabic, *a.* : ਅਨੇਕਾਖਰੀ, ਬਹੁਮਾਤਰਿਕ ।

positive, *a.* : ਸਧਾਰਨ (ਵੇਖੋ degree) ।

possessive, *a. & n.* : ਸੰਬੰਧ (ਵੇਖੋ case) ।

postposition, *n.* : ਸੰਬੰਧਕ ।

postscript, *n.* : ਉਪਰੰਤ-ਲਿਖਤ, ਪਿੱਛੋਂ-ਸੁਖ਼ੀ ।

postulate, *n.* : ਸੁਤੇ ਸਿਧ ਪ੍ਰਮਾਣ ।

potential, *a.* : ਸੰਭਾਵਿਕ (ਲਕਾਰ) ।

preamble, *n.* : ਪ੍ਰਸਤਾਵਨਾ, ਮੁਢਲਾ ਕਥਨ ।

precis, *n.* : ਸਾਰ, ਸੰਖੇਪ ।

p.-writing : ਸੰਖੇਪ-ਲਿਖਤ ।

predicate, *n.* : (ਵਿਆਕਰਣ) ਅੰਤਿਮ, ਵਿਧੇਅ ।

preface, *n.* : ਉਥਾਨਕਾ ।

prefix, *n.* : ਅਗੇਤਰ ।

prelude, *n.* : ਮੰਗਲਾਚਰਣ; (ਰਾਗ) ਅਲਾਪ ।

preposition, *n.* : ਸੰਬੰਧਕ ।

present, *a.* : (ਵਿਆਕਰਣ) ਵਰਤਮਾਨ (ਕਾਲ) ।

press, *n.* : ਛਾਪੇਖ਼ਾਨਾ ।

primary, *a.* : ਮੁਢਲੀ (ਵਿਦਿਆ, ਸਕੂਲ) ।

primer, *n.* : ਬਾਲਬੋਧ, ਕਾਇਦਾ ।

principal, *a.* : ਮੁਖ, ਪ੍ਰਧਾਨ (ਵਾਕ ਜਾਂ ਉਪਵਾਕ) ।

print, *v. t.* : ਛਾਪਣਾ ।
printer, *n.* : ਛਾਪੇਕਾਰ ।
printing, *n.* : ਛਾਪਾ ।
progressive, *a.* : ਅਗਾਂਹ-ਵਧੂ ।
prolix, *a.* : ਲਮਕਿਆ ਹੋਇਆ, ਲੈੜ ਵਾਲਾ (ਲੇਖ) ।
prolixity, *n.* : ਲਮਕਾਅ, ਲੈੜ, ਵਿਸਥਾਰਤਾ ।
prologue, *n.* : ਅਗੋਲਖ; ਨਾਟਕਾਰੰਭ ।
prompter, *n.* : (ਨਾਟਕ) ਸੁਝਾਊ, ਸੁਝਾਵਾ ।
pronoun, *n.* : ਪੜਨਾਂਵ, ਪੜਨਾਉਂ ।
pronominal, *a.* : ਪੜਨਾਂਵੀ (ਵਿਸ਼ੇਸ਼ਣ ਜਾਂ ਕਿਰਿਆ-ਵਿਸ਼ੇਸ਼ਣ) ।
pronunciation, *n* : ਉਚਾਰਣ ।
propaganda, *n.* : ਪਰਚਾਰ ।
proper, *a.* : ਵੇਖੋ noun ।
properties, *n.* : (ਥੀਏਟਰ) ਸਮਿੱਗਰੀ ।
p.-in-charge : ਸਥਾਪਿਕਾ, ਸਥਾਪਕ ।
proportion, *n.* : ਸਮਤੋਲ ।
prose, *n.* : ਵਾਰਤਕ, ਗਦ ।
p. poem : ਵਾਰਤਕ-ਕਾਵ, ਗਦਮਈ ਪਦ ।
prosaic, *a.* : ਵਾਰਤਕ, ਗਦ-ਰੂਪ; ਬੇਰਸ, ਰੁਖੀ ।
prosody, *n.* : ਪਿੰਗਲ, ਛੰਦ ਵਿਦਿਆ ।
prosthesis, prothesis, *nn.* : ਪੂਰਗਾਗਮ, ਆਗਮ (ਸ਼ਬਦਾਂ ਦੇ ਸ਼ੁਰੂ ਵਿਚ ਅੱਖਰ ਜਾਂ ਮਾਤਰਾ ਦਾ ਵਾਧਾ; ਜਿਵੇਂ ਅਸਥਾਨ, ਇਸ਼ਨਾਨ, ਨਖ਼ਾਲਸ, ਅਸਟੇਸ਼ਨ) ।
proverb, *n.* : ਅਖਾਣ, ਅਖਾਉਤ ।
proverbial, *a.* : ਅਖੌਤੀ, ਲੋਕ-ਪ੍ਰਸਿੱਧ ।
provided, *conj.* : ਐਪਰ ।
p. further : ਐਪਰ ਹੋਰ ਇਹ ਕਿ ।
provision, *n.* : ਉਪਬੰਧ ।
proviso, *n.* : ਸ਼ਰਤ; ਸ਼ਰਤੀ ਵਾਕ ।

pseudonym, *n.* : ਫਰਜ਼ੀ (ਕਲਪਿਤ) ਨਾ ।
psychology, *n.* : ਮਨੋਵਿਗਿਆਨ, ਮਾਨਸਿਕ-ਵਿਦਿਆ ।
publish, *v. t.* : ਪ੍ਰਕਾਸ਼ਣਾ, ਪ੍ਰਕਾਸ਼ਤ ਕਰਨਾ ।
publisher, *n.* : ਪ੍ਰਕਾਸ਼ਕ ।
publication, *n.* : ਪ੍ਰਕਾਸ਼ਣ, ਪੁਸਤਕ, ਕਿਤਾਬ ।
pun, *n.* : ਦੁਅਰਥੀ, ਸਲੇਸ਼, ਵਕਰੋਕਤੀ ।
punctuate, *v. t.* : ਵਿਸਰਾਮ ਲਾਉਣੇ ।
punctuation, *n.* : ਵਿਸਰਾਮ, ਵਿਸਰਾਮ-ਚਿੰਨ੍ਹ ।
purist, *n.* : ਸ਼ੁਧਵਾਦੀ, ਠੇਠਤਾ ਦਾ ਹਾਮੀ ।

## Q

quality, *n.* : ਗੁਣ ।
qualitative, *a,* : ਗੁਣਵਾਚਕ ।
quantity, *n.* : ਮਿਣਤੀ, ਮਿਕਦਾਰ, ਪਰਮਾਣ, ਮਾਤਰਾ ।
q.-mark : ਮਾਤਰਿਕ ਚਿੰਨ੍ਹ ।
quantitive, quantitative, *a.* : ਮਿਣਤੀ (ਜਾਂ ਪਰਮਾਣ)-ਵਾਚਕ ।
quarterly, *n.* : ਤ੍ਰਿਮਾਸਕ ਪੱਤਰ ।
quartet, *n.* : ਚੌਪਦਾ, ਚਉਬੋਲਾ; ਚੌਕੀ ।
quarto, *n.* : ਚੁਪਤਰੀਕ, ਚੁਪਤਰੀ ਪਤਰੀਕ ।
quatrain, *n.* : ਰੁਬਾਈ, ਤੁਰਾਈ, ਚਾਰ-ਬੈਂਤਾ, ਚਉਬਰਗਾ ।
quotation, *a.* : ਟੂਕ, ਹਵਾਲਾ ।
quote, *v. t.* : ਟੂਕ ਦੇਣੀ; ਹਵਾਲਾ ਦੇਣਾ ।

## R

reactionary, *a.* : ਪਿਛਾਂਹ-ਖਿੱਚੂ ।
readable, *a.* : (ਨਾਟਕ) ਪੜ੍ਹੰਦਤ ।
realism, *n.* : ਯਥਾਰਥਵਾਦ, ਵਾਸਤਵਿਕਤਾ ।

realist, *n*, : ਯਥਾਰਥਵਾਦੀ, ਯਥਾਰਥੀ।

realistic, *a.* : ਯਥਾਰਥਕ, ਵਾਸਤਵਿਕ।

recite, *v. t.* : (ਕਵਿਤਾ) ਵਾਚਣੀ, ਪੜ੍ਹ ਕੇ ਸੁਣਾਉਣੀ।

recitation, *n.* : ਕਾਵਿ-ਵਾਚਣ।

recita ive, *n.* : ਰਹਾ ਨਾਲ ਪੜ੍ਹੀ ਕਵਿਤਾ (ਜਿਵੇਂ ਵਾਰ ਦੀ ਪੌੜੀ)।

recondite, *a.* : ਗੂੜ੍ਹ।

refer: *v. t. & i.* : ਹਵਾਲਾ ਦੇਣਾ।

reference, *n.* : ਹਵਾਲਾ।

reflective, *a.* : ਨਿਜਵਾਚੀ (ਪੜਨਾਂਵ)।

rehearse, *v. t.* : (ਨਾਟਕ ਜਾਂ ਖੇਲ ਨੂੰ) ਦੁੰਹਰਾਉਣਾ, ਅਭਿਆਸ ਕਰਨਾ, ਮਸ਼ਕ ਕਰਨੀ, ਪਰਤਾਵਾ ਲੈਣਾ।

rehearsal, *n.* : ਦੁਹਰਾਉ, ਅਭਿਆਸ, ਮਸ਼ਕ, ਪਰਤਾਵਾ।

rejoinder, *n.* : ਮੋੜਵਾਂ ਉੱਤਰ, ਜਵਾਬ ਦਾ ਜਵਾਬ।

relate, *v. t.* : ਬਿਆਨਣਾ, ਵਰਣਨ ਕਰਨਾ।

relation, *n.* : ਬਿਆਨ, ਵਰਣਨ; ਸਬੰਧ।

relative, *a.* : ਸੰਬੰਧਵਾਚੀ (ਪੜਨਾਂਵ)।

relevant, *a.* : ਸੰਬੰਧਤ।

relief, *n.* : (ਨਾਟਕ) ਸਾਹੀ, ਅਸਤਾਈ (ਮਿਲਣੀ), ਮੁਸ਼ਕਲ-ਅਸਾਨ, ਸੌਖ।

renaissance, *n.* : ਪੁਨਰ-ਜਾਗਰਤੀ, ਸਭਿਆਚਾਰਕ ਜਾਗ; ਜਾਗਰਤੀ,ਜਾਗ।

renascence, *n.* : ਪੁਨਰ-ਜਨਮ, ਨਵਾਂ-ਜਨਮ, ਨਵਾਂ ਜ਼ਮਾਨਾ।

rendering, *n.*: ਉਲਥਾ, ਤਰਜਮਾ।

repartie, *n.* : ਹਾਜ਼ਰ-ਜਵਾਬੀ।

replica, *n.* : ਇੰਨ-ਬਿੰਨ ਨਕਲ; ਜੋੜ (ਤਸਵੀਰ ਆਦਿ ਦਾ)।

reproduce, *v. t.* : ਯਾਦੋਂ ਲਿਖਣਾ ਜਾਂ ਸੁਣਾਉਣਾ।

research, n. : ਖੋਜ।

respective, *a.* : ਆਪੋ ਆਪਣਾ, ਪ੍ਰਸਪਰ।

respectively, *adv.* : ਤਰਤੀਬ ਵਾਰ, ਯਥਾ-ਕ੍ਰਮ, ਵਾਰੋ ਵਾਰੀ।

review, *v. t.* & *n.* : ਆਲੋਚਨਾ ਕਰਨੀ; ਆਲੋਚਨਾ ।
reviewer, *n.* : ਆਲੋਚਕ ।
revise, *v. t.* : ਸੋਧਣਾ, ਸੁਧਾਈ ਕਰਨੀ ।
reviser, *n.* : ਸੋਧਕ ।
revision, *n.* : ਸੋਧ, ਸੁਧਾਈ ।
revival, *n.* : ਸੁਰਜੀਤਤਾ ।
rhetoric, *n.* : ਅਲੰਕਾਰ-ਵਿਦਿਆ; ਪ੍ਰਭਾਵਸ਼ਾਲੀ ਬੋਲ ਜਾਂ ਲੇਖ ।
rhyme, *n.* & *v. t.* : ਕਾਫ਼ੀਆ, ਤੁਕਾਂਤ-ਮੇਲ, ਤੁਕਬੰਦੀ; ਤੁਕਾਂਤ ਮਿਲਣਾ ਜਾਂ ਮੇਲਣਾ; ਤੁਕਬੰਦੀ ਕਰਨੀ ।
rhythm, *n.* : ਲੈ, ਤੋਲ, ਤਾਲ ।
rhythmic(al), *a.* : ਤਾਲਬੱਧ ।
rhythmless, *a.* : ਬੇਤਾਲ ।
romance, *n.* : ਰੋਮਾਂਸ; ਰੋਮਾਂਚਿਕ ਕਹਾਣੀ, ਕਲਪਿਤ ਕਹਾਣੀ; ਰੂਪ-ਰੰਗ, ਹੁਸਨ-ਇਸ਼ਕ ।
romantic, *a.* : ਰੋਮਾਂਚਿਕ; ਕਲਪਿਤ; ਅਦਭੁਤ ।
romanticism, *n.* : ਰੋਮਾਂਚਿਕਤਾ ।
root, *n.* : ਧਾਤੂ, ਮੂਲ ।

## S

satire, *n.* : ਸਿੱਠ, ਡੋਹਾ, ਟੋਕ, ਉਪਹਾਸ ।
satirical, *a.* : ਟੋਕਵਾਂ, ਉਪਹਾਸਿਕ, ਵਿਅੰਗਕੀ ।
satirist, *n.* : ਵਿਅੰਗਕਾਰ, ਉਪਹਾਸ-ਲਿਖਾਰੀ ।
saying, *n.* : ਆਖਤ, ਕਹਾਉਤ, ਕਥਨ, ਆਖਿਆ ।
scan, *v. t.* : ਤਕਤੀਹ ਕਰਨੀ, ਮਾਤਰਾ ਗਿਣਨੀਆਂ ।
scansion, *n.* : ਤਕਤੀਹ ।
scenario, *n.* : ਨਾਟ-ਵਾਰਤਾ ।
scene, *n.* : ਸੀਨ, ਝਾਕੀ, ਦ੍ਰਿਸ਼; ਪਰਦਾ ।

scenery, *n.* : ਝਾਕੀਆਂ, ਪਰਦੇ ।
scholar, *n.* : ਵਿਦਵਾਨ, ਆਲਮ ।
scholarly, *a.* : ਵਿਦਵਾਨ, ਆਲਮ ।
scholastic, *a.* : ਇਲਮੀ, ਵਿਦਵਤਾ ਵਾਲਾ, ਵਿਦਵਤਾ-ਭਰਿਆ ।
science, *n.* : ਸਾਇੰਸ, ਵਿਗਿਆਨ ।
scientific, *a.* : ਵਿਗਿਆਨਕ ।
scribble, *v. t.* : ਝਰੀਟਣਾ, ਅੜਿੰਗ-ਬੜਿੰਗ ਵਾਹੁਣਾ ।
scribe, *n.* : ਲਿਖੇਰਾ, ਲਿਖਾਰੀ ।
script, *n.* : ਲਿੱਪੀ, ਲਿਖਤ, ਅੱਖਰ; ਪਰਚਾ (ਇਮਤਿਹਾਨ ਦਾ) ।
scroll, *n.* : (ਪੁਰਾਤਨ) ਹੱਥ-ਲਿਖੀ, ਸੈਂਚੀ; ਸੂਚੀ ।
sculpture, *n.* : ਮੂਰਤੀ-ਕਲਾ, ਬੁਤਕਾਰੀ ।
sculptor, n. : ਬੁਤ-ਘਾੜਾ, ਬੁਤਕਾਰੀਆ ।
select, *v. t.* ਚੁਣਨਾ, ਛਾਂਟਣਾ; ਸੰਕਲਨਾ ।
selection, *n.* : ਚੋਣ, ਪਸਿੰਦ, ਚੁਣਤੀ, ਸੰਕਲਨ; ਸੰਗ੍ਰਹਿ ।
semantics, semasiology, *nn.* : ਅਰਥ-ਵਿਚਾਰ ।
semicolon, *n.* : ਅਰਧ-ਵਿਸਰਾਮ ( ; ) ।
sensation, *n.* : ਅਨਭਉ; ਝਰਨਾਟ, ਘਾਬਰ; ਤਰਥੱਲੀ, ਥਲਕਾ ।
sense, *n.* : ਇੰਦਰਾ; ਸੁਧ, ਸੋਝੀ, ਸੁਰਤ, ਮੱਤ, ਅਨੁਭਵਤਾ; ਭਾਵਾਰਥ, ਭਾਵ ।
s, organs : ਕਰਮ-ਇੰਦਰੇ ।
s. of humour : ਹਾਸ-ਭਾਵ ।
s. of beauty : ਸੁਹਜ-ਸੁਆਦ ।
good s. : ਸੁਮੱਤ ।
the pleasures of ss. : ਸੰਸਾਰਕ ਭੋਗ ।
sensual, *a.* : ਵਿਸ਼ੇ-ਪੁਰਤ, ਵਿਸ਼ੇ-ਪ੍ਰੇਰਕ ।
sensuous, *a.* : ਇੰਦਰਿਆਂ ਸੰਬੰਧੀ, ਮਾਇਕ, ਮਾਇਆਵੀ ।
sensitive, *a.* : ਕੋਮਲ-ਭਾਵੀ, ਨਾਜ਼ਕ ।
sentence, *n.* : ਵਾਕ ।
sentiment, *n.* : ਭਾਵ, ਖ਼ਿਆਲ, ਜਜ਼ਬਾ ।

sentimental : ਭਾਵੁਕ, ਜਜ਼ਬਾਤੀ ।

sentimentality, sentimentalism, *n.* : ਭਾਵੁਕਤਾ ।

serial, *a. & n.* : ਲੜੀ-ਵਾਰ; ਲੜੀ-ਵਾਰ ਪੁਸਤਕ ।

s. number : ਲੜੀ-ਨੰਬਰ ।

series, *n.* : ਲੜੀ, ਮਾਲਾ ।

s. of books : ਪੁਸਤਕ-ਮਾਲਾ ।

set, *n.* : ਲੜੀ, ਜੁੱਟ ।

sex, *n.* : ਲਿੰਗ, ਜਿਨਸ ।

the fair, weaker, s. : ਕੋਮਲ, ਨਿਤਾਣੀ, ਜਿਨਸ (ਤੀਵੀਆਂ) ।

s. appeal : ਜਿਨਸੀ ਖਿੱਚ, ਕਾਮ-ਪ੍ਰੇਰਨਾ ।

sexual, *a.* : ਜਿਨਸੀ, ਲਿੰਗ ਸੰਬੰਧੀ, ਕਾਮਿਕ ।

short story, *n.* : ਛੋਟੀ ਕਹਾਣੀ ।

sign, *n. & v. t.* : ਨਿਸ਼ਾਨ, ਚਿੰਨ੍ਹ; ਸਹੀ ਪਾਉਣੀ, ਦਸਤਖ਼ਤ ਕਰਨੇ ।

s. manual, n. : ਹਸਤਾਖਰ ।

signature, *n.* : ਸਹੀ, ਦਸਤਖ਼ਤ ।

simile, *n.* : ਉਪਮਾ (ਅਲੰਕਾਰ) ।

Singular, *a.* : (ਵਿਆਕਰਣ) ਇਕ-ਵਚਨ ।

sketch, *n. & v. t.* : ਰੂਪ-ਰੇਖਾ, ਖ਼ਾਕਾ, ਖਰੜਾ, ਨਕਸ਼ਾ;
ਰੂਪ-ਰੇਖਾ ਬਣਾਉਣੀ, ਖ਼ਾਕਾ (ਜਾਂ ਨਕਸ਼ਾ) ਖਿਚਣਾ ।

sketchy, *a.* : ਖ਼ਾਕਾ ਜਿਹਾ, ਅਪੂਰਣ ।

slang, *n.* : ਬਜ਼ਾਰੀ ਬੋਲੀ, ਲਫ਼ੰਗਾਸ਼ਾ (ਲਫ਼ੰਗ-ਭਾਸ਼ਾ), ਮੋਟੀ ਬੋਲੀ ।

society, *n.* : ਸਮਾਜ, ਭਾਈਚਾਰਾ; ਸੰਥ, ਬਾਹਰਾ ।

s. verse : ਮਨ-ਪਰਚਾਵੀ ਕਵਿਤਾ ।

solecism, *n.* : ਵਿਆਕਰਣਿਕ ਅਸ਼ੁੱਧੀ ।

soliloquy, *n.* : ਸਵੈ-ਕਥਨ, ਮਨਬਚਨੀ ।

soliloquist, *n.* : ਸਵੈ-ਕਥਨਕਾਰ, ਮਨਬਚਨੀਆਂ ।

sonnet, *n.* : ਗ਼ਜ਼ਲ, ਚੌਦਾਂ-ਤੁਕੀ ਗੀਤ ।

source, *n.* : ਸੋਮਾ, ਮੂਲ ।

s.-book : ਅਧਾਰ-ਸੋਮਾ ।

original, s. : ਮੂਲ-ਅਧਾਰ ।

speech, *n.* : ਕਥਨ-ਸ਼ਕਤੀ; ਬੋਲੀ; ਕਥਨ, ਬੋਲ; ਵਖਿਆਨ, ਲੈਕਚਰ ।

figure of s. : ਅਲੰਕਾਰ ।

parts of s. : ਵਾਕ-ਅੰਗ ।

freedom of s. : ਬੋਲ-ਖੁਲ੍ਹ, ਵਾਕ-ਸੁਤੰਤਰਤਾ ।

speechify, *v. i.* : ਦੰਦ-ਕਥਾ ਕਰਨੀ, ਲੈਕਚਰਬਾਜ਼ੀ ਕਰਨੀ ।

spell, *v. t.* : ਜੋੜ ਕਰਨੇ ।

spellings : ਸ਼ਬਦ-ਜੋੜ, ਜੋੜ ।

spondee, *n.* : (ਛੰਦਾਬੰਦੀ) ਛੰਦ ਜਿਸ ਵਿਚ ਦੋ ਗੁਰੂ ਤੇ ਦੋ ਲਘੂ ਮਾਤਰਾ ਹੋਣ, ਭਗਣ (SS । ।) ।

stage, *n. & v. t.* : ਨਾਟ-ਕਲਾ, ਨਾਟਕਾਰੀ; ਨਾਟ; ਸਟੇਜ, ਮੰਚ, ਪਿੜ, ਅਖਾੜਾ ।

s. properties : ਨਾਟ-ਸਮਿਗਰੀ ।

standard, *n. & a.* : ਧ੍ਰੂਵਾ, ਪੱਧਰ, ਕੋਟੀ, ਮਿਆਰ, ਪਾਇਆ, ਸਿੱਕੇਬੰਦ, ਟਕਸਾਲੀ, ਪ੍ਰਮਾਣੀਕ ।

of high s. : ਉੱਚ ਕੋਟੀ ਦਾ, ਉੱਚ ਪਾਏ ਦਾ ।

s. pronunciation : ਪ੍ਰਮਾਣੀਕ ਉਚਾਰਣ ।

standardize, *v. t.* : ਟਕਸਾਲਣਾ,ਮਿਆਰ ਸਥਾਪਣਾ, ਧ੍ਰੂਵਾ ਬੰਨ੍ਹਣਾ ।

stanza, *n.* : ਬੰਦ, ਪਉੜੀ ।

statue, *n.* : ਮੂਰਤੀ, ਬੁੱਤ ।

statuesque, a. : ਮੂਰਤੀਵਤ ।

stem, *n.* : ਸ਼ਬਦ-ਮੂਲ ।

stereotyped, *a.* : ਸਿੱਕੇਬੰਦ, ਬੱਧਾ-ਬਧਾਇਆ ।

stop, *n.* : ਵਿਸਰਾਮ ।

full s. : ਪੂਰਨ-ਵਿਸਰਾਮ ।

story, *n.* : ਕਹਾਣੀ ।

short, s. : ਛੋਟੀ ਕਹਾਣੀ ।

style, *n.* : ਲੇਖਣ-ਢੰਗ, ਸ਼ੈਲੀ; (ਹੁਨਰ) ਕਲਮ, ਤਰਜ਼ ।
subject, *n.* : ਵਿਸ਼ਾ, ਮਜ਼ਮੂਨ, ਪ੍ਰਕਰਣ; (ਵਿਆਕਰਣ) ਕਰਤਾ; ਆਦਿਮ, ਕਰਤਾ ਕਾਰਕ ।

subjective case : ਕਰਤਾ ਕਾਰਕ ।

subjective complement : ਨਾਉਂ-ਪੂਰਕ ।

subjective, *a.* : (objective ਦੇ ਉਲਟ) ਖ਼ਿਆਲੀ, ਅੰਤਰੀਵ ।
subjunctive, *a.* & *n.* : ਸੰਸਾਰਥਕ (ਲਕਾਰ) ।
sublime, *a.* & *n.* : ਉਤਕ੍ਰਿਸ਼ਟ; ਉਤਕ੍ਰਿਸ਼ਟਤਾ ।
subordinate clause, : (ਵਿਆਕਰਣ) ਅਧੀਨ ਵਾਕੰਸ਼ ।
subsidiary, *a.* : ਸਹਾਇਕ, ਤਲੇਟੂ ।
substantive, *n.* : ਸੰਗਿਆ ।
substitution, *n.* : ਬਦਲੀ, ਅਦਲੀ-ਬਦਲੀ ।
suffix, *n.* : ਪਿਛੇਤਰ ।
superlative, *n.* : ਅਧਿਕਤਮ ।
supplement, *n.* : (ਵਿਆਕਰਣ) ਦੁਪੂਰਕ; (ਪਤਰਕਾਰੀ) ਪੂਰਕ-ਪੱਤਰ, ਜ਼ਮੀਮਾ, ਉਪਾਂਗ ।
syllable, *n.* : ਮਾਤਰਾ, ਸ਼ਬਦਾਂਗ, ਸ਼ਬਦੰਸ਼ ।
syllabus, *n.* : ਵਿਸ਼ੇ-ਪਰਨਾਲੀ ।
symbol, *n.* : ਚਿੰਨ੍ਹ, ਸੰਕੇਤ ।

vowel. ss : ਲਗਾਂ ।

symbolic, *a.* : ਚਿੰਨ੍ਹ-ਮਾਤਰ, ਸੰਕੇਤਕ ।

symphony, *n.* : ਸੁਰਮੇਲ ।
symposium, *n.* : ਗੋਸ਼ਟੀ ।
syncope, *n.* : ਸੁਅਰ-ਲੋਪ, ਲੁਪਤੀ ।
synonym, *n.* : ਸਮਾਨਾਰਥੀ ਸ਼ਬਦ, ਵਟਨਾਮਾ ।

synonymous, *a.* : ਸਮਾਨਾਰਥਕੀ, ਤੁਲਾਰਥਕ ।

synopsis, *n.* : ਸਮੁਚਾ ਭਾਵ, ਸਾਰ ।
syntax, *n.* : ਵਾਕਬੋਧ ।

System, *n.* : ਪਰਨਾਲੀ, ਸਿਲਸਲਾ, ਸੂਤ, ਬਾਨ੍ਹਣੂ ।

systematic *a.* : ਸਿਲਸਲੇਵਾਰ, ਸੂਤ ਸਿਰ ।

systematize, *v. t.* : ਸੂਤਣਾ, ਸੂਤ ਕਰਨਾ, ਬਾਨ੍ਹਣੂ ਬੰਨ੍ਹਣਾ ।

# T

table, *n.* : ਸਾਰਣੀ; ਸੂਚੀ ।

t. of contents : ਤਤਕਰਾ, ਲੇਖ-ਸੂਚੀ, ਵਿਸ਼ੇ-ਸੂਚੀ ।

geneological t. : ਬੰਸਾਵਲੀਨਾਮਾ ।

tableau, *n.* : ਚੁਪ-ਝਾਕੀ ।

tale, *n.* : ਕਹਾਣੀ, ਬਾਤ ।

taste, *n.* : ਰਸ, ਸਵਾਦ, ਸ਼ੌਂਕ, ਚੇਟਕ, ਲਟਕ, ਚੌਂਪ, ਚਾਟ ।

a man of t. : ਰਸੀਆ, ਚੌਂਪੀ, ਰਸਿਕ ।

acquire t. : ਚਾਟ ਲਗਣੀ ।

tautology, *n.* : ਪੁਨਰੁਕਤੀ, ਦੁਹਰਾਉ ।

technique, *n.* : ਤਕਨੀਕ, ਲੱਖਣ, ਸ਼ੈਲੀ ।

tendency, *n.* : ਰੁਚੀ, ਝੁਕਾਉ ।

tense, *n.* : (ਵਿਆਕਰਣ) ਕਾਲ ।

term, *n.* : ਬੋਲਾ, ਸੰਕੇਤ ।

terminology, *n.* : ਬੋਲੇ, ਸੰਕੇਤਾਵਲੀ ।

text, *n.* : ਪਾਠ, ਮੂਲ (ਭਾਸ਼ ਤੋਂ ਬਿਨਾਂ) ।

t. book : ਪੜ੍ਹਾਈ ਦੀ ਕਿਤਾਬ, ਪਾਠ-ਪੁਸਤਕ ।

theme, *n.* : ਵਿਸ਼ਾ, ਪ੍ਰਕਰਣ ।

theory, *n*, ਸਿਧਾਂਤ, ਮਤ ।

thesis *n*, ਪ੍ਰਬੰਧ ।

title, *n*, : ਨਾਂ, ਸਿਰਨਾਵਾਂ, ਸੁਰਖ਼ੀ ।

t.-page, : ਉਤਲਾ ਵਰਕਾ (ਕਿਤਾਬ ਦਾ) ।

tome, *n*, : ਪੋਥ; ਜਿਲਦ ।

tongue, *n.* : ਬੋਲੀ, ਭਾਖਾ ।

mother-t. : ਮਾਤ-ਭਾਖਾ ।

topic, *n.* : ਵਿਸ਼ਾ, ਪ੍ਰਕਰਣ ।

topical, *a.* : ਪ੍ਰਸੰਗਕ; ਮਥਾਨੀ ।

tradition *n.* : ਰਵਾਇਤ, ਪਰੰਪਰਾ, ਪਰਪਾਟੀ, ਦਸਤੂਰ, ਲੀਹ, ਪਿਰਤ ।

traditional, *a.* : ਰਵਾਇਤੀ, ਸੰਪਰਦਾਈ ।

traditionalism, *n.* : ਪਰੰਪਰਾਵਾਦ ।

tragedy, *n.* : ਦੁਖਾਂਤ ।

tragedian, *n.* : ਦੁਖਾਂਤਕਾਰ ।

transcribe, *v. t.* : ਉਤਾਰਨਾ, ਉਤਾਰਾ ਕਰਨਾ, ਨਕਲ ਕਰਨਾ ।

transcribtion, *n.* : ਉਤਾਰਾ, ਨਕਲ ।

transform, *v. t.* : ਰੂਪਾਂਤਰ ਕਰਨਾ ।

transformation, *n.* : ਰੂਪਾਂਤਰ ।

transitive, *a.* : (ਵਿਅਕਰਣ) ਸਕਰਮਕ (ਕਿਰਿਆ) ।

translate, *v. t.* : ਉਲਥਾਉਣਾ, ਉਲਥਾ ਕਰਨਾ, ਅਨੁਵਾਦਣਾ, ਅਨੁਵਾਦ ਕਰਨਾ, ਤਰਜਮਾ ਕਰਨਾ ।

translation, *n.* : ਉਲਥਾ, ਅਨੁਵਾਦ, ਤਰਜਮਾ ।

transliterate, *v, t.* : ਉਲਥਾਉਣਾ, ਭਾਸ਼ਾਂਤਰ ਕਰਨਾ ।

transliteration, *n.* : ਭਾਸ਼ਾਂਤਰ ।

transpose, *v. t.* : ਥਾਂ ਬਦਲਣੀ (ਅੱਖਰ ਜਾਂ ਸ਼ਬਦ ਦੀ) ।

transposition, *n.* : ਥਾਂ-ਬਦਲੀ, ਕ੍ਰਮ-ਬਦਲੀ, ਬਦਲੀ ।

trochee, *n.* : ਦੁਮਾਤਰਿਕ ਚਰਣ ਜਿਸ ਦੀ ਪਹਿਲੀ ਮਾਤਰਾ ਗੁਰੂ ਹੋਵੇ (SI) ।

troubadour, *n.* : ਭੱਟ, ਰਾਏ ।

troupe, *n.* : ਕਲਾ-ਸਦ, ਤਾਇਫ਼ਾ ।

# U

unaccented, unstressed, *a.* : ਅਣਦਬਾਊ ।

unauthenticated, *a.* : ਅਪ੍ਰਮਾਣਿਤ ।

undated, *a.* : ਅਣਮਿਤਿਆ ।
unexpressed, *a.* : ਅਪਰਗਟ ।
unmetrical, *a.* : ਬੇਮਾਤਰਾ ।
uniform, *a.* : ਇਕਸਾਰ, ਇਕ-ਰੂਪ ।
uniformity, *n.* : ਇਕਸਾਰਤਾ, ਇਕ-ਰੂਪਤਾ ।
unity, *n.* : (ਨਾਟਕ) ਮੇਲ ।
Three Uu. : ਤ੍ਰਿਮੇਲ (ਸਮੇਂ, ਸਥਾਨ ਅਤੇ ਅਮਲ ਦਾ) ।

## V

vague, *a.* : ਅਸਪੱਸ਼ਟ, ਗੋਲ-ਮੋਲ ।
variation, *n.* : ਰੂਪਾਂਤਰ ।
variety show : ਪੰਜ-ਮੇਲ ਤਮਾਸ਼ਾ, ਚੂੰ-ਚੂੰ ਦਾ ਮੁਰੱਬਾ ।
verb, *n.* : ਕਿਰਿਆ ।
verbal, *n.* : ਕਿਰਿਆਵੀ ।
verbatim, *a. & adv.* : ਅੱਖਰ-ਅੱਖਰ ।
verbose, *a.* : ਲੇੜੀ (ਲੰਮੇ ਲੇੜ ਪਾਉਣ ਵਾਲਾ) ।
verboseness, *n.* : ਲੰਮੇ ਲੇੜ, ਲੇੜ ।
verify, *v. t.* : ਨਿਤਾਰਨਾ, ਪੜਤਾਲਣਾ, ਤਸਦੀਕ ਕਰਨਾ ।
verification, *n.* : ਨਿਤਾਰਾ, ਪੜਤਾਲ, ਤਸਦੀਕ ।
vernacular, *n.* : ਦੇਸੀ ਬੋਲੀ, ਦੇਸ-ਭਾਖਾ, ਭਾਖਾ ।
versify, *v. t.* : ਛੰਦਾਂ ਵਿਚ ਬਦਲਣਾ; ਕਵਿਤਾ ਕਰਨੀ ।
versification, *n.* ; ਛੰਦਕਾਰੀ; ਛੰਦਾਬੰਦੀ, ਤੁਕਬੰਦੀ ।
versifier, *n.* : ਛੰਦਕਾਰ, ਛੰਦਬਾਜ਼, ਤੁਕਬੰਦ ।
version, *n.* : ਅਨੁਵਾਦ, ਪਾਠਾਂਤਰ; ਬਿਆਨ ।
vers libre, *n.* : ਮੋਕਲੀ ਛੰਦ (ਵੇਖੋ free verse) ।
vinculum, *n.* : ਜੋੜਨੀ (ਲੀਕ) ।

viva voce, *adv, a. & n.* : ਜ਼ਬਾਨੀ; ਜ਼ਬਾਨੀ ਇਮਤਿਹਾਨ ।
vocabulary, *n.* : ਸ਼ਬਦ-ਭੰਡਾਰ ।
vocal, *a.* : ਜ਼ਬਾਨੀ, ਮੂੰਹ ਦਾ ।
 v. cords : ਨਾਦ-ਤੰਦੀਆਂ, ਅਵਾਜ਼-ਤਾਰਾਂ ।
 v. organ : ਨਾਦ ਯੰਤਰ ।
vocative, *a. & n.* : ਸੰਬੋਧਕ; ਸੰਬੋਧਕ ਕਾਰਕ ।
voice, *n.* : ਅਵਾਜ਼; (ਵਿਆਕਰਣ) ਵਾਚ (ਵੇਖੋ active ਤੇ passive) ।
vowel, *n.* : ਸੁਅਰ ।
vulgar, *a.* : ਜਟਕਾ, ਗਵਾਰੀ, ਗਵਾਰੂ ।

# W

waggery, *n.* ਠਠੋਲੀ, ਮਖ਼ੌਲ-ਬਾਜ਼ੀ ।
war-song, *n.* : ਮਾਰੂ ਗੀਤ, ਵਾਰ ।
watchword, *n.* : ਸੰਕੇਤ-ਸ਼ਬਦ ।
wit, *n.* : ਕੋਮਲ ਹਾਸੀ, ਬਿਲਾਸ; ਬਿਲਾਸੀ ਆਦਮੀ, ਮਖ਼ੌਲੀਆ ।
 witticism, *n.* : ਮਸ਼ਕਰੀ, ਠਠੋਲੀ, ਠੱਠਾ ।
word, *n.* : ਲਫ਼ਜ਼, ਸ਼ਬਦ, ਪਦ ।
 w.-building : ਸ਼ਬਦ-ਰਚਨਾ ।
 in a w. : ਗੱਲ ਕੀ ।
 in other ww. : ਅਰਥਾਤ, ਹੋਰਨਾਂ ਸ਼ਬਦਾਂ ਵਿਚ ।
 w.-picture : ਬੋਲ-ਚਿਤਰ, ਅੱਖਰੀ ਮੂਰਤ ।
work, *n.* : ਰਚਨਾ, ਕ੍ਰਿਤ ।
write, *v. t.* : ਲਿਖਣਾ, ਰਚਨਾ, ਰਚਨਾ ਕਰਨੀ ।
 writer, *n.* : ਲਿਖਾਰੀ, ਲੇਖਕ, ਕਰਤਾ ।

—: o :—

# ਇਮਤਿਹਾਨਾਂ ਲਈ ਸਹਾਇਕ ਪੁਸਤਕਾਂ

**੧. ਪੰਜਾਬੀ ਨਾਟਕਕਾਰ**—ਗੁਰਚਰਨ ਸਿੰਘ ਐਮ. ਏ. ਦੀ ਖੋਜ-ਭਰੀ ਰਚਨਾ ਜੋ ਪੰਜਾਬੀ ਨਾਟਕ ਦੇ ਵਿਕਾਸ ਤੇ ਟੈਕਨੀਕ ਬਾਰੇ ਸਭ ਤੋਂ ਚੰਗੀ ਪੁਸਤਕ ਆਖ ਕੇ ਸਲਾਹੀ ਗਈ ਹੈ। ਮੁਲ ੬॥)

**੨. ਪੰਜਾਬੀ ਗਲਪਕਾਰ**—ਪ੍ਰੋ: ਗੁਰਚਰਨ ਸਿੰਘ ਐਮ. ਏ. ਦੀ ਰਚਨਾ ਜੋ ਪੰਜਾਬੀ ਨਾਵਲ ਤੇ ਕਹਾਣੀ ਦੇ ਵਿਕਾਸ਼ ਤੇ ਟੈਕਨੀਕ ਬਾਰੇ ਬੜੇ ਵਡੇ ਆਕਾਰ ਤੇ ਵਿਸਥਾਰ ਵਿਚ ਲਿਖੀ ਗਈ ਹੈ। ਮੁਲ ੭॥)

**੩. ਭਾਈ ਗੁਰਦਾਸ**—ਹਰਿੰਦਰ ਸਿੰਘ ਰੂਪ ਦੀ ਅਣਥਕ ਖੋਜ ਤੇ ਮਿਹਨਤ ਦਾ ਨਤੀਜਾ ਹੈ। ਭਾਈ ਗੁਰਦਾਸ ਦੇ ਜੀਵਨ, ਵਾਰਾਂ ਦੇ ਵਿਕਾਸ਼, ਵਾਰ ਦੀ ਟੈਕਨੀਕ ਤੇ ਭਾਈ ਗੁਰਦਾਸ ਦੀਆਂ ਸਭ ਵਾਰਾਂ ਦੀ ਪਰਖ ਪੜਤਾਲ ਬਹੁਤ ਵੇਰਵੇ ਨਾਲ ਦਿਤੀ ਗਈ ਹੈ। ਮੁਲ ੩)

**੪. ਪੰਜਾਬੀ ਸਾਹਿਤ ਦੇ ਉਸਰਈਏ**—ਇਸ ਪੁਸਤਕ ਵਿਚ ਅਵਤਾਰ ਸਿੰਘ ਆਜ਼ਾਦ ਨੇ ਵੀਰ ਸਿੰਘ, ਜੋਧ ਸਿੰਘ, ਧਨੀ ਰਾਮ ਚਾਤ੍ਰਿਕ, ਤੇਜਾ ਸਿੰਘ, ਬੁੱਧ ਸਿੰਘ, ਹੀਰਾ ਸਿੰਘ ਦਰਦ, ਜੋਸ਼ੂਆ ਫਜ਼ਲ ਦੀਨ, ਮੋਹਨ ਸਿੰਘ ਤੇ ਗੁਰਬਖ਼ਸ਼ ਸਿੰਘ ਦੇ ਜੀਵਨ ਤੇ ਪਛੋਕੜ ਤੇ ਇਨ੍ਹਾਂ ਦੀ ਰਚਨਾਂ ਦੀ ਪੜਚੋਲ ਦਿਤੀ ਹੈ। ਮੁਲ ੪॥)

**੫. ਗਦ ਪਦ ਰਚਨਾ**—ਇਸ ਵਿਚ ਪ੍ਰੋਫੈਸਰ ਮੋਹਨ ਸਿੰਘ ਜੀ ਨੇ ਪੰਜਾਬੀ ਵਾਰਤਕ ਤੇ ਕਵਿਤਾ ਦੀ ਰਚਨਾ ਬਾਰੇ ਬਹੁਤ ਲੋੜੀਂਦੀ ਵਾਕਫ਼ੀਅਤ ਦਿਤੀ ਹੈ। ਮੁਲ ੪)

**੬. ਮੋਹਨ ਸਿੰਘ ਤੇ ਉਸ ਦੀ ਕਵਿਤਾ**—ਪ੍ਰੋ: ਮੋਹਨ ਸਿੰਘ ਦੇ ਜੀਵਨ, ਪਛੋਕੜ ਤੇ ਉਸ ਦੀ ਕਵਿਤਾ ਬਾਰੇ ਗੁਰਚਰਨ ਸਿੰਘ ਦੀ ਵੇਰਵੇ-ਭਰਪੂਰ ਪੜਚੋਲ। ਮੁਲ ੩)

**੭. ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ**—ਪੰਜਾਬੀ ਦੇ ਤਜਰਬੇਕਾਰ ਲੇਖਕ ਗਿਆਨੀ ਹੀਰਾ ਸਿੰਘ ਦਰਦ ਦੀ ਰਚਨਾ ਜੋ ਪੰਜਾਬੀ ਇਮਤਿਹਾਨਾਂ ਦੇ ਵਿਦਿਆਰਥੀਆਂ ਲਈ ਉਚੇਚੇ ਤੌਰ ਤੇ ਲਿਖੀ ਗਈ ਹੈ। ਮੁਲ ੫)

**੮. ਇਮਤਿਹਾਨੀ ਪੰਜਾਬੀ ਲੇਖ**—ਗਿਆਨੀ ਹੀਰਾ ਸਿੰਘ ਦਰਦ ਨੇ ਇਸ ਪੁਸਤਕ ਵਿਚ ਚਲਦੇ ਮਾਮਲੇ, ਰਾਜਸੀ, ਆਰਥਕ, ਸਿਧਾਂਤਕ, ਵਿਗਿਆਨਕ, ਸਾਹਿਤਕ, ਸਮਾਜਕ, ਧਾਰਮਕ, ਜੀਵਨੀਆਂ, ਖੋਜਾਂ, ਤੁਕਾਂ ਤੇ ਅਖੌਤਾਂ ਪੁਰ ਲੇਖ ਦਿਤੇ ਹਨ। ਮੁਲ ੪॥)

**ਹਿੰਦ ਪਬਲਿਸ਼ਰਜ਼ ਲਿਮਿਟਿਡ,**
ਅੱਡਾ ਹੁਸ਼ਿਆਰਪੁਰ, ਜਾਲੰਧਰ